# ਵਰਿਆਮ

੩੭ਵਾਂ ਸਾਲ

ਜਨਵਰੀ ੨੦੧੨













ਮੁੱਲ 20/-

ਸਤਿਗੁਰੂ ਰਾਮ ਸਿੰਘ ਜੀ - ਜਨਮ ਬਸੰਤ ਪੰਚਮੀ

Namdhari Elibrary NamdhariElibrary@gmail.com

# ਮਾਲੇਰਕੋਟਲਾ ਸ਼ਹੀਦੀ ਸਾਕਾ ੧੭-੧੮ ਜਨਵਰੀ ੧੮੭੨ ਈ.





ਸਤਿਗੁਰੂ ਹਰੀ ਸਿੰਘ ਜੀ



ਸਤਿਗੁਰੂ ਪ੍ਰਤਾਪ ਸਿੰਘ ਜੀ



ਸਤਿਗੁਰੂ ਜਗਜੀਤ ਸਿੰਘ ਜੀ

Namdhari Elibrary NamdhariElibrary@gmail.com

# ਵਰਿਆਮ

ਜਨਵਰੀ -੨੦੧੨

ਜਿਲਦ-੩੭

ਅੰਕ- ੩


ਸੰਪਾਦਕ

ਜਗਦੀਸ਼ ਸਿੰਘ 'ਵਰਿਆਮ'



| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-:੦੧੮੧- ੨੨੨੨੫੪੩ | Ph. :0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |


**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ |
| ਹਵਾਈ ਡਾਕ ਰਾਹੀਂ | (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ —*ਜਗਦੀਸ਼ ਸਿੰਘ ਵਰਿਆਮ* ........... ੨

ਦੋ ਖੁਸ਼ੀਆਂ-'ਵਰਿਆਮ' ਦੇ ਵਿਹੜੇ —*ਸੁਵਰਨ ਸਿੰਘ ਵਿਰਕ* .................... ੫

ਅਨੰਦ ਮੈਰਜ ਐਕਟ ਭਾਰਤ ਸਰਕਾਰ ਕਿਉਂ ਵਿਰੁੱਧ ਹੈ ? —*ਤਰਲੋਚਨ ਸਿੰਘ* ................. ੮

ਕੂਕਾ ਲਹਿਰ ਦਾ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਯੋਗਦਾਨ —*ਜਗਦੀਸ਼ ਸਿੰਘ ਵਰਿਆਮ* ......... ੧੦

ਮੇਰੀ ਸਾਹਿਤਕ ਸ੍ਵੈ ਜੀਵਨੀ-੫ —*ਵਰਿਆਮ ਸਿੰਘ ਸੰਧੂ* ..................... ੧੭

ਉਹ ਸ਼ਹਿਜ਼ਾਦਾ ਗ਼ਜ਼ਲ ਦਾ! —*ਡਾ. ਹਰਨੇਕ ਸਿੰਘ ਕੋਮਲ* ......................... ੨੨

ਦੋ ਗ਼ਜ਼ਲਾਂ —*ਪ੍ਰੋ. ਜਸਵੰਤ ਸਿੰਘ ਕੈਲਵੀ* ............. ੨੨

ਦੋ ਕਵਿਤਾਵਾਂ —*ਮਨਜੀਤ ਸੋਹਲ* ...................... ੨੩

ਦੋ ਰਚਨਾਵਾਂ —*ਡੀ. ਆਰ. ਧਵਨ* ...................... ੨੪

ਸ਼ਮਸ਼ੀਰ —*ਦਲਬੀਰ ਸਿੰਘ 'ਤਰਸ', ਅਸਟ੍ਰੇਲੀਆ* ... ੨੪

ਨਵਾਂ ਸਾਲ ਮੁਬਾਰਕ ! —*ਚਰਨ ਸੀਚੇਵਾਲਵੀ* ........ ੨੫

ਗ਼ਜ਼ਲ —*ਕਰਤਾਰ ਸਿੰਘ ਕਾਲੜਾ* .................. ੨੫

ਨਵੇਂ ਵਰ੍ਹੇ ਦੀ ਪਹਿਲੀ ਕਿਰਨੇਂ —*ਪ੍ਰਿੰ. ਕਰਤਾਰ ਸਿੰਘ ਕਾਲੜਾ* ....................... ੨੫

ਗੁਰੂ ਜਗਜੀਤ ਪਿਆਰਾ —*ਬੀਬੀ ਸਿੰਦਰ ਕੌਰ, ਦਿੱਲੀ* ......................... ੨੫

ਕਹਾਣੀ ਸੁਣੋਗੇ? —*ਹਰਸ਼ਿੰਦਰ ਕੌਰ (ਡਾ.)* ........... ੨੭

ਸਤਿਗੁਰੂ ਰਾਮ ਸਿੰਘ ਜੀ ਵਲੋਂ ਇਸਤਰੀ ਕਲਿਆਣ ਲਈ ਪੁੱਟੇ ਗਏ ਕਦਮ —*ਪ੍ਰੋ. ਹਮਦਰਦਵੀਰ ਨੌਸ਼ਹਿਰਵੀ* ..................... ੩੧

ਉਹ ਬੰਦ ਦਰਵਾਜ਼ਾ —*ਭੁਪਿੰਦਰ ਉਸਤਾਦ* .......... ੩੪

ਕੂਕਾ ਲਹਿਰ ਇਕ ਵਿਆਪਕ ਅਧਾਰ ਵਾਲੀ ਲੋਕ ਲਹਿਰ —*ਸੁਵਰਨ ਸਿੰਘ ਵਿਰਕ* ......... ੩੭

ਪ੍ਰਤੀਕਿਰਿਆ ................................... ੪੪





Namdhari Elibrary NamdhariElibrary@gmail.com

## ਨਾਮਧਾਰੀ ਇਤਿਹਾਸ ਨਾਲ ਸਬੰਧਤ ਜਨਵਰੀ ਦਾ ਮਹੀਨਾ

ਜਨਵਰੀ ਦੇ ਮਹੀਨੇ ਵਿਚ ਇਸ ਵਾਰ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਵਸ (੨੮ ਜਨਵਰੀ) ਵੀ ਹੈ ਅਤੇ ਪ੍ਰਦੇਸ਼ ਗਵਨ ੧੮ ਜਨਵਰੀ ਵੀ ਹੈ। ਇਸੇ ਹੀ ਮਹੀਨੇ ਮਾਲੇਰਕੋਟਲੇ ਦੇ ਖੂਨੀ ਸ਼ਹੀਦੀ ਸਾਕੇ ਦੇ ਦਿਨ ੧੭-੧੮ ਜਨਵਰੀ ਵੀ ਹਨ। ਇਹਨਾਂ ਸਾਰੇ ਦਿਨਾਂ ਦੇ ਕੇਂਦਰੀ ਬਿੰਦੂ ਸਤਿਗੁਰੂ ਰਾਮ ਸਿੰਘ ਜੀ ਹੀ ਹਨ। ਸਮੁੱਚੀ ਨਾਮਧਾਰੀ ਕੂਕਾ ਲਹਿਰ ਦੇ ਪ੍ਰੇਰਣਾ ਸ੍ਰੋਤ, ਰੌਸ਼ਨ ਮੀਨਾਰ, ਸਤਿਗੁਰੂ ਰਾਮ ਸਿੰਘ ਜੀ ਦਾ ਜੀਵਨ ਇਤਿਹਾਸ ਅਤੇ ਸ਼ਖਸੀਅਤ ਹੀ ਹੈ।

ਅੱਜ ਦਾ ਸਮਾਂ ਇਤਿਹਾਸ ਨੂੰ ਮੁੜ ਪੜਚੋਲਨ ਦਾ ਹੈ। ਬਹੁਤ ਕੁਝ ਹੈ ਜੋ ਸਿਖ ਭਾਈਚਾਰੇ ਨੇ ਸੁਚੇਤ ਜਾਂ ਅਚੇਤ ਭੁਲਾਇਆ ਹੈ। ਬਾਬਾ ਬੰਦਾ ਸਿੰਘ ਬਹਾਦਰ ਨਾਲ ਪਿਛਲੇ ਤਿੰਨ ਸੌ ਸਾਲਾਂ ਵਿਚ ਕੀਹ ਕੁਝ ਨਹੀਂ ਹੋਇਆ? ਇਹ ਮਹਾਨ ਸ਼ਹੀਦ ਤੇ ਪਹਿਲਾ ਸਿੱਖ ਰਾਜ ਸਥਾਪਤ ਕਰਨ ਵਾਲਾ, ਗਰੀਬਾਂ ਨੂੰ ਸਰਦਾਰ ਬਨਾਉਣ ਵਾਲਾ ਹੁਕਮਰਾਨ ਅੰਤ ਨੂੰ ਬੇਮਿਸਾਲ ਬਹਾਦਰੀ ਨਾਲ ਸ਼ਹੀਦ ਹੋਣ ਵਾਲਾ ਸੂਰਮਾ ਸੀ, ਪਰ ਬਾਬਾ ਬੰਦਾ ਸਿੰਘ ਜੀ ਦੇ ਪੈਰੋਕਾਰ ਅਤੇ ਸਾਥੀ ਊਜਾਂ ਦਾ ਹੀ ਸ਼ਿਕਾਰ ਰਹੇ।

ਐਪਰ ਹੁਣ ਬਾਬਾ ਜੀ ਦੇ ਨਾਂਅ ਤੇ ਯਾਦਗਾਰਾਂ ਸਥਾਪਿਤ ਹੋ ਰਹੀਆਂ ਹਨ, ਪੁਸਤਕਾਂ ਛੱਪ ਰਹੀਆਂ ਅਤੇ ਗੋਸ਼ਟੀਆਂ ਹੋ ਰਹੀਆਂ ਹਨ। ਇਸੇ ਤਰ੍ਹਾਂ ਹੀ ਨਾਮਧਾਰੀ-ਕੂਕਾ ਸਮਾਜ ਨਾਲ ਹੋਇਆ। ਇਹ ਤੋਪਾਂ ਅਗੇ ਉੜ ਗਏ, ਜਲਾਵਤਨ ਹੋ ਗਏ ਅਤੇ ਅੰਗਰੇਜ਼ ਸਾਮਰਾਜ ਦੀ ਸਿਖਰਾਂ ਦੀ ਪ੍ਰਕੋਪੀ ਦਾ ਸ਼ਿਕਾਰ ਹੋਏ ਅਤੇ ਨਾਲ-ਨਾਲ ਹੀ ਬਾਬਾ ਬੰਦਾ ਬਹਾਦਰ ਦੇ ਸਾਥੀਆਂ ਵਾਂਗ ਆਪਣੇ ਭਾਈਚਾਰੇ ਵਲੋਂ ਵੀ ਸਿਖਰ ਦੀ ਮੁਖਾਲਫਤ ਦਾ ਨਿਸ਼ਾਨਾ ਹੀ ਰਹੇ। ਹੁਣ ਇਸ ਭਾਈਚਾਰੇ ਬਾਬਤ ਵੀ ਬਹੁਤ ਮਾਹੌਲ ਬਦਲਿਆ ਹੈ।

ਕੂਕਾ ਸ਼ਤਾਬਦੀ, ਡੇਢ ਸ਼ਤਾਬਦੀ ਸਰਕਾਰ ਵੱਲੋਂ ਮਨਾਈ ਗਈ ਹੈ, ਸੈਮੀਨਾਰ ਹੋਏ ਹਨ ਅਤੇ ਪੁਸਤਕਾਂ ਪ੍ਰਕਾਸ਼ਤ ਹੋਈਆਂ ਹਨ। ਇਥੋਂ ਤੱਕ ਕਿ ਭਾਵੇਂ ਬਹੁਤ ਦੇਰ ਨਾਲ ਹੀ ਸਹੀ ਆਪਣੀ ਸਰਕਾਰ ਵੱਲੋਂ ਕੂਕਾ ਲਹਿਰ ਨੂੰ ਪਰਵਾਨ ਕੀਤਾ ਗਿਆ ਹੈ। ਇਸ ਸਬੰਧ ਵਿਚ ਖਾਸ ਤੌਰ ਤੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਯਤਨਾਂ ਦੀ ਅਸੀਂ ਆਜ਼ਾਦੀ ਤਹਿਰੀਕ ਸ਼ਲਾਘਾ ਕਰਦੇ ਹਾਂ ਜਿਨ੍ਹਾਂ ਨੇ ਆਪਣਾ ਜੀਵਨ ਹੀ ਆਜ਼ਾਦੀ ਘੁਲਾਟੀਆਂ ਨੂੰ ਮਾਨਤਾ ਦਿਵਾਉਣ ਅਤੇ ਯਾਦ ਕਰਨ ਨੂੰ ਸਮਰਪਿਤ ਰੱਖਿਆ ਹੈ ਅਤੇ ਵਰਿਆਮ ਨੂੰ ਵੀ ਉਹਨਾਂ ਇਸ ਸੁੱਚੇ ਕਾਰਜ ਵਾਸਤੇ ਮਾਧਿਅਮ ਵਜੋਂ ਚੁਣ ਕੇ ਮਾਣ ਬਖਸ਼ਿਆ ਹੈ। ਖੈਰ ਕਈ ਇਤਿਹਾਸਕ ਕਾਰਨਾਂ ਕਰਕੇ ਆਪਣੇ ਸੂਰਬੀਰ ਦੇਸ਼ ਭਗਤਾਂ ਸ਼ਹੀਦਾਂ ਅਤੇ ਦੇਸ਼ ਕੌਮ ਲਈ ਮਰ ਮਿਟਣ ਵਾਲਿਆਂ ਦੀ ਯਾਦ ਮੁੜ ਤਾਜ਼ਾ ਹੋ ਰਹੀ ਹੈ। ਇਸ ਅੰਕ ਵਿਚ ਸਤਿਗੁਰੂ ਰਾਮ ਸਿੰਘ ਜੀ ਅਤੇ ਕੂਕਾ ਅੰਦੋਲਨ ਦੇ ਯੋਧਿਆਂ ਨੂੰ ਵੱਖ-ਵੱਖ ਲਿਖਤਾਂ ਰਾਹੀਂ ਯਾਦ ਕੀਤਾ ਹੈ ਤਾਂ ਜੋ ਉਹਨਾਂ ਦੁਆਰਾ ਜਗਾਈ ਗਈ ਜੋਤ ਦਾ ਪ੍ਰਕਾਸ਼ ਸਾਡੇ ਹਨੇਰੇ ਮਨਾਂ ਨੂੰ ਚਾਨਣ ਬਖਸ਼ ਸਕੇ।

*—ਜਗਦੀਸ਼ ਸਿੰਘ ਵਰਿਆਮ*

## ਸਤਿਗੁਰੂ ਜਗਜੀਤ ਸਿੰਘ ਜੀ ਨੂੰ ਰਤਨ ਐਵਾਰਡ

ਭਾਰਤ ਦੀ ਉਚ ਸਾਂਸਕ੍ਰਿਤਕ ਸੰਸਥਾ ਸੰਗੀਤ ਨਾਟਕ ਅਕੈਡਮੀ ਨੇ ਇਸ ਸਾਲ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੂੰ ਅਕੈਡਮੀ ਦੇ ਵਿਸ਼ੇਸ਼ **ਟੈਗੋਰ ਅਕੈਡਮੀ ਰਤਨ ਐਵਾਰਡ** ਲਈ ਚੁਣਿਆ ਹੈ। ਇਹ ਅਕੈਡਮੀ ਰਤਨ ਐਵਾਰਡ ਅਕੈਡਮੀ ਦੀ ਫੈਲੋਸ਼ਿਪ ਦੇ ਬਰਾਬਰ ਹੈ। ਅੱਜ ਤੱਕ ਪਰਫਾਰਮਿੰਗ ਆਰਟ ਦੀਆਂ ੪੦ ਪ੍ਰਮੁੱਖ ਹਸਤੀਆਂ ਨੂੰ ਹੀ ਫੈਲੋਸ਼ਿਪ ਦਾ ਸਨਮਾਨ ਪ੍ਰਾਪਤ ਹੋਇਆ ਹੈ। ਇਸ ਵਿਚ ਉਸਤਾਦ ਅਮਜਦ ਅਲੀ ਖਾਂ ਸਾਹਿਬ, ਪੰਡਿਤ ਸ਼ਿਵ ਕੁਮਾਰ ਸ਼ਰਮਾ, ਪੰਡਿਤ ਹਰੀ ਪ੍ਰਸਾਦ ਚੌਰੱਸੀਆ ਜੈਸੇ ਦਿਗੱਜ ਕਲਾਕਾਰ ਸ਼ਾਮਲ ਹਨ।

ਇਸ ਵਾਰ ਇਸੇ ਹੀ ਸ਼੍ਰੇਣੀ ਵਿਚ ਪ੍ਰਸਿਧ ਕੀਰਤਨਕਾਰ ੯੭ ਸਾਲ ਦੇ ਭਾਈ ਗੁਰਚਰਨ ਸਿੰਘ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਪਿਛਲੇ ਸਾਲ ਹਰਿਵਲਭ ਸੰਗੀਤ ਮਹਾਂ ਸਭਾ ਵੱਲੋਂ ਉਮਰ ਭਰ ਦੀਆਂ ਪ੍ਰਾਪਤੀਆਂ ਲਈ ਸਨਮਾਨਿਆ ਗਿਆ ਸੀ। ੮੮ ਸਾਲਾਂ ਦੇ ਬਿਰਧ ਪ੍ਰੋ. ਕਰਤਾਰ ਸਿੰਘ ਅਤੇ ਚੰਡੀਗੜ੍ਹ, ਦੇ ਬੀ. ਐਨ. ਚਕ੍ਰਵਰਤੀ ਨੂੰ ਵੀ ਟੈਗੋਰ ਅਕੈਡਮੀ ਰਤਨ ਐਵਾਰਡ ਲਈ ਚੁਣਿਆ ਗਿਆ ਹੈ। ਇਸ ਐਵਾਰਡ ਵਿਚ ਅਕੈਡਮੀ ਵੱਲੋਂ ਸਨਮਾਨ-ਬਸਤਰ, ਸਨਮਾਨ ਪੱਤਰ ਅਤੇ ਤਿੰਨ ਲੱਖ ਰੁਪਏ ਦੀ ਸਤਿਕਾਰ ਭੇਟਾ ਵੀ ਸ਼ਾਮਲ ਹੁੰਦੇ ਹਨ।



Namdhari Elibrary NamdhariElibrary@gmail.com

ਰਾਜਾ ਮਰਗਿੰਦਰ ਸਿੰਘ ਅਤੇ ਪੰਡਿਤ ਸ਼ੰਕਰ ਲਾਲ ਮਿਸ਼ਰਾ ਜਲੰਧਰ, ਟੈਗੋਰ ਅਕੈਡਮੀ ਪੁਰਸਕਾਰ ਲਈ ਚੁਣੇ ਗਏ ਹਨ ਜੋ ਸੰਗੀਤ ਨਾਟਕ ਅਕੈਡਮੀ ਪੁਰਸਕਾਰ ਦੇ ਬਰਾਬਰ ਹਨ ਜਿਸ ਵਿਚ ੧ ਲੱਖ ਦੀ ਰਾਸ਼ੀ ਸਨਮਾਨ ਦੇ ਨਾਲ ਦਿੱਤੀ ਜਾਂਦੀ ਹੈ। ਗੁਰਮੀਤ ਬਾਵਾ (ਗਾਇਕਾ), ਨੀਨਾ ਟਿਵਾਣਾ (ਐਕਟਿੰਗ), ਅਲੰਕਾਰ ਸਿੰਘ (ਗੁਰਬਾਣੀ ਗਾਇਣ) ਅਤੇ ਅਨੀਤਾ ਸ਼ਬਦੀਸ਼ (ਅਕੈਟਿੰਗ) ਉਸਤਾਦ ਬਿਸਮਿਲਾਹ ਖਾਂ ਯੁਵਾ ਪੁਰਸਕਾਰ ਲਈ ਚੁਣੇ ਗਏ ਹਨ।

ਇਸ ਤਰ੍ਹਾਂ ਪੰਜਾਬ ਚੋਂ ੧੦ ਵਿਅਕਤੀਆਂ ਨੇ ਇਹ ਉਚ ਸਨਮਾਨ ਪ੍ਰਾਪਤ ਕੀਤੇ ਹਨ। ਸਤਿਗੁਰੂ ਜਗਜੀਤ ਸਿੰਘ ਜਿਹੀ ਮਹਾਨ ਹਸਤੀ ਨੂੰ ਸਨਮਾਨ ਦੇਣ ਦਾ ਐਲਾਨ ਕਰਕੇ ਸੰਗੀਤ ਨਾਟਕ ਅਕੈਡਮੀ ਨੇ ਆਪਣਾ ਹੀ ਮਾਨ ਵਧਾਇਆ ਹੈ।

## ਸਹਿਜਧਾਰੀ ਸਿੱਖਾਂ ਵਿਰੁਧ ਨੋਟੀਫੀਕੇਸ਼ਨ ਰੱਦ

ਹਾਈ ਕੋਰਟ ਨੇ ਸੰਨ ੨੦੦੩ ਦੇ ਭਾਰਤ ਸਰਕਾਰ ਦੇ ਉਸ ਨੋਟੀਫੀਕੇਸ਼ਨ ਨੂੰ ਰੱਦ ਕਰ ਦਿੱਤਾ ਹੈ ਜਿਸ ਅਨੁਸਾਰ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਹਿੱਸਾ ਲੈਣ ਤੋਂ ਰੋਕ ਦਿੱਤਾ ਗਿਆ ਸੀ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋ ਵੀ ਗਈਆਂ ਹਨ ਅਤੇ ਨਵੀਂ ਕਮੇਟੀ ਹੋਂਦ ਵਿਚ ਆ ਗਈ ਹੈ। ਅਦਾਲਤ ਦੇ ਨਵੇਂ ਫੈਸਲੇ ਨਾਲ ਕਈ ਗੰਢਾਂ ਖੁਲ੍ਹੀਆਂ ਹਨ ਅਤੇ ਕਈ ਨਵੀਆਂ ਪੈ ਗਈਆਂ ਹਨ। ਸਿੱਖ ਭਾਈਚਾਰੇ ਨੂੰ ਸਦਾ ਹੀ ਨਵੇਂ ਝਮੇਲਿਆਂ ਨਾਲ ਵਾਹ ਪੈਂਦਾ ਰਿਹਾ ਹੈ। ਕੁਝ ਇਹਨਾਂ ਦੇ ਆਪ ਸਹੇੜੇ ਅਤੇ ਕੁਝ ਇਹਨਾਂ ਦੇ ਗਲ ਪਏ ਹੋਏ ਹਨ। ਇਹ ਇਕੋ ਇਕ ਭਾਈਚਾਰਾ ਹੈ ਜਿਸ ਦੀ ਪਛਾਣ ਹੁਣ ਅਦਾਲਤਾਂ ਦਾ ਕਾਰਜ ਬਣ ਗਿਆ ਹੈ। ਕੌਣ ਸਿੱਖ ਹੈ ਕੌਣ ਸਹਿਜਧਾਰੀ ਕੇਸਾਧਾਰੀ, ਅੰਮ੍ਰਿਤਧਾਰੀ ਹੈ' ਇਹ ਫੈਸਲਾ ਵੀ ਅਦਾਲਤਾਂ ਕਰਨਗੀਆਂ। ਅਗੇ ਤਾਂ ਅਜਿਹੇ ਮਸਲੇ ਹੈ ਨਹੀਂ ਸਨ। ਜੇ ਸਨ ਤਾਂ ਫੈਸਲੇ ਗੁਰੂ ਕਰਦੇ ਸਨ। ਮਜ਼ੇ ਦੀ ਗੱਲ ਹੈ ਕਿ ਸਿੱਖ ਦੀ ਪ੍ਰੀਭਾਸ਼ਾ ਗੁਰਬਾਣੀ ਵਿਚ ਦਰਜ ਹੈ ਪਰ ਹੁਣ ਅਦਾਲਤਾਂ ਤੈਅ ਕਰਣਗੀਆਂ।

ਦਰਅਸਲ ਇਹ ਮਸਲਾ ਗੁਰਦੁਆਰਿਆਂ ਉਤੇ ਕਬਜ਼ੇ ਦੇ ਸੁਆਲ ਨਾਲ ਜੁੜਿਆ ਹੋਇਆ ਹੈ। ਗੁਰਦੁਆਰਿਆਂ (ਸ਼੍ਰੋਮਣੀ ਕਮੇਟੀ) ਉਤੇ ਕਾਬਜ਼ ਲੋਕ ਹੋਰ ਕਿਸੇ ਵੀ ਪਾਸਿਓਂ ਸਹਿਜਧਾਰੀ ਜਾਂ ਨਾਮਧਾਰੀ ਜਾਂ ਨਿਰੰਕਾਰੀ ਜਾਂ ਕੋਈ ਹੋਰ ਸਮੂਹ ਵੱਲੋਂ ਬੜਾ ਸੁਚੇਤ ਰਹਿੰਦੇ ਹਨ ਕਿ ਇਹ ਲੋਕ ਗੁਰਦੁਆਰਿਆਂ ਦੇ ਲਾਗੇ ਨਾ ਲਗ ਸਕਣ। ਇਸ ਵਾਸਤੇ ਪੂਰੀ ਸਰਗਰਮੀ ਨਾਲ ਗੁਰਦੁਆਰਿਆਂ ਤੇ ਕਾਬਜ਼ ਹੋ ਕੇ ਹਕੂਮਤੀ ਤਖਤ ਦੀਆਂ ਪਉੜੀਆਂ ਚੜ੍ਹਣੀਆਂ ਹੀ ਵਿਸ਼ੇਸ਼ ਨਿਸ਼ਾਨਾ ਹੁੰਦਾ ਹੈ। ਸਾਰਾ ਸਮਾਂ ਇਸ ਕੰਮ ਤੇ ਲਗਦਾ ਹੈ ਅਤੇ ਮਨਘੜਤ ਫਾਰਮੂਲੇ ਘੜੇ ਭੰਨੇ ਜਾਂਦੇ ਹਨ।

ਨਵੀਂ ਚੁਣੀ ਹੋਈ ਸ਼੍ਰੋਮਣੀ ਕਮੇਟੀ ਰਹਿੰਦੀ ਹੈ ਜਾਂ ਨਹੀਂ ਇਹ ਸੋਚਣਾ ਅਦਾਲਤਾਂ ਦਾ ਕੰਮ ਹੈ ਅਤੇ ਵਕੀਲਾਂ ਦੀ ਬਹਿਸ ਦਾ ਵਿਸ਼ਾ ਹੈ, ਪਰ ਅਦਾਲਤਾਂ ਦੇ ਚੱਕਰ ਵਿਚ ਸਿੱਖ ਧਰਮ ਦੀ ਚੰਗੀ ਅਨਗਹਿਲੀ ਹੋ ਜਾਂਦੀ ਹੈ। ਸਿਆਸਤ ਦੇ ਅਨੇਕ ਰੰਗਾਂ ਵਿਚ ਨਿਆਰਾ ਖਾਲਸਾ ਪੰਥ ਉਲਝਿਆ ਰਹਿੰਦਾ ਹੈ। ਇਸ ਪ੍ਰਸੰਗ ਵਿਚ ਵੀ ਇਹ ਪੰਥ ਨਿਆਰਾ ਹੈ। ਇਹ ਕਿਸੇ ਨਾ ਕਿਸੇ ਉਲਝਣ ਵਿਚ ਤੱਕ ਫਸਿਆ ਹੀ ਰਹਿੰਦਾ ਹੈ।

## ਬਲਦੇਵ ਸਿੰਘ ਸੜਕਨਾਮਾ ਨੂੰ ਸਾਹਿਤ ਅਕਾਦਮੀ ਪੁਰਸਕਾਰ

ਨਵੀਂ ਦਿੱਲੀ — ਸਾਹਿਤ ਅਕਾਦਮੀ ਵੱਲੋਂ ਸਾਲ ੨੦੧੧ ਲਈ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਐਤਕੀਂ ਪੰਜਾਬੀ ਲਈ ਇਹ ਪੁਰਸਕਾਰ ਉੱਘੇ ਲੇਖਕ ਬਲਦੇਵ ਸਿੰਘ ਸੜਕਨਾਮਾ (ਮੋਗਾ) ਨੂੰ ਉਨ੍ਹਾਂ ਦੇ ਨਾਵਲ 'ਢਾਹਵਾਂ ਦਿੱਲੀ ਦੇ ਕਿੰਗਰੇ' ਲਈ ਦਿੱਤਾ ਗਿਆ। ਇਸ ਤੋਂ ਇਲਾਵਾ ਇਤਿਹਾਸਕਾਰ ਰਾਮਚੰਦਰ ਗੁਹਾ, ਕਾਂਸ਼ੀਨਾਥ ਸਿੰਘ (ਹਿੰਦੀ), ਖਲੀਲ ਮੈਮਨ (ਉਰਦੂ), ਨਸੀਮ ਸੈਫਾਈ (ਕਸ਼ਮੀਰੀ) ਸਣੇ ੨੨ ਲੇਖਕਾਂ ਨੂੰ ਇਹ ਕੌਮੀ ਵੱਕਾਰੀ ਪੁਰਸਕਾਰ ਦਿੱਤਾ ਗਿਆ ਹੈ। ਪੁਰਸਕਾਰ ਵਿਚ ਇਕ ਲੱਖ ਰੁਪਏ, ਸ਼ਾਲ ਅਤੇ ਯਾਦ ਚਿੰਨ੍ਹ ਹੋਵੇਗਾ। ਇਸ ਵਾਰ ਕਵਿਤਾ ਦੀਆਂ ੮ ਪੁਸਤਕਾਂ, ੭ ਨਾਵਲਾਂ, ੩ ਵਾਰਤਕ ਪੁਸਤਕਾਂ, ਤੇ ਕਹਾਣੀ, ਇਤਿਹਾਸ, ਸਵੈ-ਜੀਵਨੀ ਅਤੇ ਨਾਟਕ ਦੀ ਇਕ-ਇਕ ਪੁਰਸਕਾਰ ਲਈ ਚੁਣੀਆਂ ਗਈਆਂ ਹਨ।

ਬਲਦੇਵ ਸਿੰਘ ਦਾ ਨਾਵਲ 'ਢਾਹਵਾਂ' ਦਿੱਲੀ ਦੇ ਕਿੰਗਰੇ (੨੦੦੯) ਲੋਕ ਨਾਇਕ ਦੁੱਲਾ ਭੱਟੀ ਬਾਰੇ ਹੈ ਜਿਸ ਵਿੱਚ ਲੇਖਕ ਨੇ ਇਸ ਲੋਕ ਨਾਇਕ ਦੀ ਸੂਰਬੀਰਤਾ ਨੂੰ ਬਿਆਨ ਕੀਤਾ ਹੈ।



Namdhari Elibrary NamdhariElibrary@gmail.com

# ਸਪਸ਼ਟੀਕਰਨ

ਪਿਛਲੇ ਅੰਕ ਵਿਚ ਮੇਰੀ ਸਿਹਤ ਬਾਰੇ ਇਕ ਸੂਚਨਾ ਛੱਪੀ ਸੀ ਜਿਸ ਦੇ ਆਧਾਰ ਤੇ ਬਹੁਤ ਫਿਕਰਮੰਦੀ ਵਾਲੀਆਂ ਪੁੱਛਾਂ ਟੈਲੀਫੋਨ ਤੇ ਆਈਆਂ ਹਨ।

ਮੈਂ ਇਨ੍ਹਾਂ ਸਤਰਾਂ ਰਾਹੀਂ ਸਪੱਸ਼ਟ ਕਰ ਰਿਹਾ ਹਾਂ ਕਿ ਸਤਿਗੁਰਾਂ ਦੀ ਬਹੁਤ ਕਿਰਪਾ ਹੋਈ ਹੈ ਜੋ ਇਕ ਮਾਰੂ ਬੀਮਾਰੀ ਵਿਚ ਮੋੜ ਪੈ ਗਿਆ ਹੈ। ਦਰਅਸਲ ਮੇਰੇ ਖੱਬੇ ਪਾਸੇ ਦੇ ਸਰੀਰ ਤੇ ਪੈਰਲਾਈਸਿਜ਼ (ਅਧਰੰਗ) ਦਾ ਹਮਲਾ ਹੋਇਆ ਸੀ ਜਿਸ ਕਾਰਨ ਮੈਂ ਸਾਰੇ ਕਾਰਜ ਕਰਨ ਤੋਂ ਅਸਮਰਥ ਹੋ ਗਿਆ ਸਾਂ। ਜਲਦੀ ਵਕਤ ਸਿਰ ਉਪਚਾਰ ਹੋਣ ਨਾਲ ਸ਼ੁਰੂ ਵਿਚ ਹੀ ਇਸ ਤੇ ਕਾਬੂ ਪਾ ਲਿਆ ਜਾਪਦਾ ਹੈ। ਬਹੁਤ ਦਿਨਾਂ ਬਾਦ ਮੈਂ ਇਸ ਯੋਗ ਹੋ ਗਿਆ ਹਾਂ ਕਿ ਆਪਣੀ ਜੰਗਲ ਪਾਣੀ ਅਤੇ ਇਸ਼ਨਾਨ ਦੀ ਕਿਰਿਆ ਸੋਧਣ ਵਿਚ ਸਮਰਥ ਹਾਂ। ਹੌਲੀ-ਹੌਲੀ ਲੰਡੇ ਵਾਹ ਤੁਰ ਕੇ ਦਫਤਰ ਵੀ ਆਂਦਾ ਹਾਂ ਅਤੇ ਦੋ ਘੰਟੇ ਦੀ ਧੁੱਪ ਵੀ ਮਾਣਦਾ ਹਾਂ। ਭਾਵੇਂ ਬਹੁਤ ਸਾਰੇ ਕਾਰਜ ਜੋ ਚੱਲਣਾ ਅਤੇ ਸਫਰ ਮੰਗਦੇ ਹਨ ਰੁਕੇ ਪਏ ਹਨ ਅਤੇ ਵਰਿਆਮ ਦੇ ਸਮੁਚੇ ਕਾਰਜ ਵਿਚ ਵੀ ਵਿਘਨ ਪਿਆ ਹੈ। ਲੇਖਕ ਪਾਠਕ ਅਤੇ ਛਪਾਈ ਵਾਲੇ ਕਰਿੰਦੇ ਇਸ ਵਿਘਣ ਮਈ ਸਮੇਂ ਵਿਚ ਸਹਿਯੋਗ ਦੇ ਰਹੇ ਹਨ। ਪਿਛਲੇ ਜਿਹੇ ਮੇਰੀ ਧਰਮ ਮਾਤਾ (ਸੱਸ) ਦੇ ਅਕਾਲ ਚਲਾਣੇ ਬਾਦ ਭੋਗ ਉਤੇ ਮਿਤਰ ਰੇਲ ਵਿਚ ਆਰਾਮ ਨਾਲ ਬੈਠਾ ਕੇ ਦਿੱਲੀ ਲੈ ਗਏ ਸਨ। ਅਰਾਮ ਦਾ ਇਕ ਸਫਰ ਬਾਵਜੂਦ ਵੀ ਬੇਅਰਾਮੀ ਮਹਿਸੂਸ ਹੋਈ ਸੀ ਇਸ ਵਾਸਤੇ ਲਗਭਗ ਸਾਰੀਆਂ ਬਾਹਰ ਵਾਲੀਆਂ ਸਰਗਰਮੀਆਂ ਤੇ ਰੋਕ ਹੈ। ਉਂਝ ਮੈਂ ਗੁਰੂ ਕ੍ਰਿਪਾ ਨਾਲ ਚੜ੍ਹਦੀਆਂ ਕਲਾ ਵਿੱਚ ਹਾਂ ਅਤੇ ਆਸ ਕਰਦਾ ਹਾਂ ਕਿ ਜਲਦੀ ਹੀ ਅਗੇ ਵਾਂਗ ਤੁਹਾਡੀ ਸੇਵਾ ਵਿਚ ਹਾਜ਼ਰ ਹੋਵਾਂਗਾ। ਤੁਹਾਡੀਆਂ ਅਸੀਸਾਂ ਅਤੇ ਅਰਦਾਸਾਂ ਮੇਰੇ ਅੰਗ-ਸੰਗ ਹਨ।

*—ਜਗਦੀਸ਼ ਸਿੰਘ ਵਰਿਆਮ*

## ਮਾਤਾ ਮਹਿੰਦਰ ਕੌਰ ਹੰਸਪਾਲ



ਮਾਤਾ ਮਹਿੰਦਰ ਕੌਰ ਸੁਪਤਨੀ ਸ. ਸੂਰਤ ਸਿੰਘ ਹੰਸਪਾਲ ਪਿਛਲਾ ਪਿੰਡ ਬਾਠਾਂ ਵਾਲਾ ਸੰਪਾਦਕ ਦੇ ਸੱਸ ਮਾਤਾ ਜੀ ਮਿਤੀ ੭ ਦਸੰਬਰ ੨੦੧੧ ਨੂੰ ਦਿੱਲੀ ਵਿੱਚ ਆਪਣੀ ਸੰਸਾਰ ਯਾਤਰਾ ੯੦ ਸਾਲ ਦੀ ਉਮਰ ਵਿਚ ਪੂਰੀ ਕਰ ਗਏ ਹਨ। ਉਹਨਾਂ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਮਿਤੀ ੧੩ ਦਸੰਬਰ ੨੦੧੧ ਨੂੰ ਰਮੇਸ਼ ਨਗਰ ਦਿੱਲੀ ਦੇ ਨਾਮਧਾਰੀ ਗੁਰਦੁਆਰੇ ਵਿਚ ਪਾਇਆ ਗਿਆ।

ਜੱਥੇਦਾਰ ਮਨਜੀਤ ਸਿੰਘ ਅਤੇ ਸਿਰਮੌਰ ਵਿਦਵਾਨ ਜੱਥੇਦਾਰ ਸੇਵਾ ਸਿੰਘ ਜੀ ਨੇ ਕਥਾ ਕੀਰਤਨ ਰਾਹੀਂ ਜੀਵਨ ਮਰਨ ਦੇ ਫਲਸਫੇ ਅਤੇ ਮਾਤਾ ਜੀ ਦੇ ਗੁਰਸਿਖੀ ਜੀਵਨ ਤੇ ਚਾਨਣਾ ਪਾਇਆ ਰਿਸ਼ਤੇਦਾਰ ਅਤੇ ਪਰਿਵਾਰ ਦੇ ਸਨੇਹੀਆਂ ਦੀ ਭਾਰੀ ਗਿਣਤੀ ਹਾਜ਼ਰ ਸੀ। ਸਲੋਕਾਂ ਦੇ ਪਾਠ ਉਪਰੰਤ ਅਰਦਾਸ ਹੋਈ ਅਤੇ ਕੜਾਹ ਪ੍ਰਸ਼ਾਦ ਅਤੇ ਅਤੁਟ ਗੁਰੂ ਕੇ ਲੰਗਰ ਦਾ ਪਰਵਾਹ ਚਲਿਆ। ਮਾਤਾ ਜੀ ਦੇ ਸਪੁੱਤਰ ਗੁਰਮੀਤ ਸਿੰਘ ਹੰਸਪਾਲ ਸਮੂਹ ਪਰਿਵਾਰ ਨਾਲ ਸੰਗਤਾਂ ਦੀ ਸੇਵਾ ਕੀਤੀ ਅਤੇ ਧੰਨਵਾਦ ਕੀਤਾ।

ਮਾਤਾ ਮਹਿੰਦਰ ਕੌਰ ਦਾ ਜਨਮ ਪਿਤਾ ਸ. ਮਿਹਰ ਸਿੰਘ ਮਤਾ ਬਸੰਤ ਕੌਰ ਦੇ ਘਰ ਪਿੰਡ ਡੱਡੀਆਂ ਜ਼ਿਲ੍ਹਾ (ਸਿਆਲਕੋਟ-ਨਾਰੋਵਾਲ, ਪਾਕਿਸਤਾਨ) ਵਿਚ ਹੋਇਆ। ਸੰਨ ੧੯੩੯ ਵਿਚ ਵਿਆਹ ਬਾਦ ਹੰਸਪਾਲ ਪਰਿਵਾਰ ਚ ਆਈ ਮਾਤਾ ਮਹਿੰਦਰ ਕੌਰ ਦਾ ਖੁਲਾ ਸੁਭਾਅ ਸੀ ਅਤੇ ਘਰ ਆਏ ਸਾਧ ਸੰਤ ਗੁਰਮੁਖਾਂ ਅਤੇ ਹੋਰ ਲੋੜਵੰਦਾਂ ਦੀ ਖੁਲੇ ਦਿਲ ਨਾਲ ਮਦਦ ਸੇਵਾ ਕਰਦੇ ਸਨ। ਇਸ ਹੰਸਪਾਲ ਦੰਪਤੀ ਦੀਆਂ ਤਿੰਨ ਧੀਆਂ, ਬਖਸ਼ੀਸ਼ ਕੌਰ (ਵਰਿਆਮ), ਪਰਮਜੀਤ ਕੌਰ (ਸਵਰਨਜੀਤ ਸਿੰਘ) ਦਿੱਲੀ, ਗੁਰਮੀਤ ਕੌਰ (ਨਰੈਣ ਸਿੰਘ, ਜਲੰਧਰ) ਅਤੇ ਇਕ ਸਪੁਤਰ ਗੁਰਮੀਤ ਸਿੰਘ ਹੈ। ਅਗੋਂ ਪੋਤਰਿਆਂ ਦੋਹਤਰਿਆਂ ਦੋਹਤਰੀਆਂ ਦਾ ਭਰਿਆ ਪਰਿਵਾਰ ਹੈ। ਸ. ਸੂਰਤ ਸਿੰਘ ਹੰਸਪਾਲ ੯੪ ਸਾਲ ਦੇ ਬਜ਼ੁਰਗ ਹਨ ਪਰ ਸੁਚੇਤ ਇਤਨੇ ਹਨ ਕਿ ਪੁਰਾਣੀਆਂ ਯਾਦਾਂ ਇਤਿਹਾਸ ਸੰਨ ਸੰਮਤ ਚੰਗੀ ਤਰ੍ਹਾਂ ਯਾਦ ਹਨ। ਸ. ਹਰਵਿੰਦਰ ਸਿੰਘ ਹੰਸਪਾਲ ਮੈਂਬਰ ਮਿਨਾਰਿਟੀ ਕਮਿਸ਼ਨ ਭਾਰਤ ਸਰਕਾਰ ਇਹਨਾਂ ਦੇ ਕਰੀਬੀ ਰਿਸ਼ਤੇਦਾਰ ਹਨ ਅਤੇ ਪੁਰਾਣਾ ਹੰਸਪਾਲ ਪਰਿਵਾਰ, ਪਿੰਡ ਬਾਠਾਂ ਵਾਲਾ ਅਤੇ ਬਿਜਨੌਰ ਯੂ.ਪੀ. ਸਾਂਝਾ ਕਾਰਜ ਖੇਤਰ ਰਿਹਾ ਹੈ।



Namdhari Elibrary NamdhariElibrary@gmail.com

# ਦੋ ਖੁਸ਼ੀਆਂ-'ਵਰਿਆਮ' ਦੇ ਵਿਹੜੇ

*—ਸੁਵਰਨ ਸਿੰਘ ਵਿਰਕ*

ਪੰਜਾਬੀ ਪੱਤਰਕਾਰੀ ਦਾ ਇਤਿਹਾਸ ਸਵਾ ਕੁ ਸਦੀ ਪੁਰਾਣਾ ਹੈ। ਇਸ ਵਿਚੋਂ ਸਾਹਿਤਕ ਪੱਤਰਕਾਰੀ ਦਾ ਉਦਭਵ ਫਿਰ ਕੋਈ ਅੱਧੀ ਸਦੀ ਦੇ ਲਗਭਗ ਬਾਅਦ ਵਿਚ ਹੁੰਦਾ ਹੈ। ਇਸ ਦੇ ਅਕਾਸ਼, 'ਤੇ ਛੋਟੇ ਛੋਟੇ ਦੀਵਿਆਂ ਵੱਤ, ਟਿਮਟਿਮਾਉਂਦੇ ਤਾਰੇ ਵੀ ਨਜ਼ਰ ਆਏ ਅਤੇ ਆਪਣੀ ਰੋਸ਼ਨੀ ਨਾਲ ਹਨੇਰੀਆਂ ਗੁੱਠਾਂ ਰੌਸ਼ਨ ਕਰਨ ਵਾਲੇ ਧੂਮਕੇਤੂ ਵੀ ਚੜ੍ਹੇ। ਪੰਜਾਬੀ ਪੱਤਰਕਾਰੀ ਦੀ ਵਿਰਾਸਤ ਦੀ ਫੋਲਾ ਫਾਲੀ ਵਿਚੋਂ, ਪਹਿਲਾਂ ਤਾਂ ਸਿੱਖ ਪਹਿਚਾਣ ਸਥਾਪਤ ਕਰਨ ਵਾਲੀ ਪੱਤਰਕਾਰੀ ਲੱਭਦੀ ਹੈ। ਫਿਰ ਜਦੋਂ ਰੋਟੀ ਰੋਜ਼ੀ ਦੀ ਭਾਲ ਵਿਚ ਓਪਰੀਆਂ ਧਰਤੀਆਂ ਦੀ ਤੇ ਸਾਡੇ ਲੋਕ ਅੱਪੜੇ ਤਾਂ ਉਹਨਾਂ ਨੂੰ ਵੀ ਦੁਨੀਆਂ ਵਿਚ ਤੇਜ਼ੀ ਨਾਲ ਚੱਲਣ ਵਾਲੀ ਜਮਹੂਰੀਅਤ ਅਤੇ ਕੌਮੀ ਮੁਕਤੀ ਦੀ ਹਵਾ ਲੱਗ ਗਈ। ਬੰਦ-ਖਲਾਸੀ ਦੀ ਭਾਵਨਾ ਨਾਲ ਓਤ-ਪ੍ਰੋਤ ਸਜਣਾਂ ਨੇ, ਦੇਸ਼ ਦੀ ਗਰਦਨ 'ਤੇ ਗੋਡਾ ਰੱਖੀ ਬੈਠੇ ਸਾਮਰਾਜੀਆਂ ਨਾਲ ਘਰ ਪਰਤ ਕੇ ਦੋ-ਦੋ ਹੱਥ ਕਰਨ ਦੀ ਠਾਣ ਲਈ। ਪਹਿਲੇ ਪੜਾਅ ਵਿਚ ਤਿਆਰੀ ਲਈ, ਉਹਨਾਂ ਵੀ ਪੱਤਰਕਾਰਤਾ ਨੂੰ ਚੁਣਦਿਆਂ ਲੋਹੇ ਅਤੇ ਬਾਰੂਦ ਦੀ ਵਰਤੋਂ ਤੇ ਜ਼ੋਰ ਦਿੰਦਿਆਂ ਗੁਲਾਮੀ ਦੀ ਗੂਹੜੀ ਰਾਤ ਵਿਚ ਸੁੱਤਿਆਂ ਨੂੰ ਅੱਗ ਦੇ ਹਰਫ਼ਾਂ ਨਾਲ ਜਗਾਉਣ ਦਾ ਉਪਰਾਲਾ ਕੀਤਾ।

ਸਾਡੀ ਜੰਗੇ ਆਜ਼ਾਦੀ ਦੇ ਨਾਇਕ ਗਦਰੀ ਸੂਰਵੀਰ ਸਨ, ਅਕਾਲੀ ਜਾਂ ਬੱਬਰ ਅਕਾਲੀ, ਨੌਜਵਾਨ ਭਾਰਤ ਸਭਾ ਵਾਲੇ ਜਾਂ ਕਿਰਤੀ ਕਿਸਾਨ, ਕਾਂਗਰਸੀ ਜਾਂ ਕਮਿਊਨਿਸਟ ਸਭ ਨੇ ਆਪਣੀ ਕੁਰਬਾਨੀ ਦੇ ਨਾਲ ਨਾਲ ਕਲਮ ਦੀ ਤਾਕਤ ਦਾ ਲੋਹਾ ਵੀ ਮੰਨਵਾਇਆ। ਮਾਨਵਤਾਵਾਦੀ ਉਦੇਸ਼ਾਂ ਤੋਂ ਪ੍ਰੇਰਿਤ, ਅੰਗਰੇਜ਼ੀ ਅਤੇ ਪੱਛਮੀ ਵਿਦਿਆ ਤੋਂ ਪ੍ਰਭਾਵਿਤ ਸਜਣਾਂ ਨੇ ਆਪਣੇ ਭਾਈਚਾਰੇ ਦੀਆਂ ਸੋਚਾਂ ਦੇ ਹਨੇਰੇ ਕੋਨਿਆਂ ਵਿਚ ਆਧੁਨਿਕ ਵਿਚਾਰਾਂ ਦੀ ਲੋਅ ਵੰਡੀ। ਆਜ਼ਾਦੀ ਤੋਂ ਬਾਅਦ ਨਵ-ਨਿਰਮਾਣ ਅਤੇ ਸ਼ਹੀਦਾਂ ਦੇ ਸੁਪਨਿਆਂ ਦੇ ਮੁਤਾਬਕ ਭਾਈਚਾਰਾ ਬਣਾਉਣ ਲਈ ਸਾਡੀ ਸਾਹਿਤਕ ਪੱਤਰਕਾਰਤਾ ਵਿਚ ਨਵੇਂ ਆਯਾਮ ਜੁੜੇ। ਬਹੁਤ ਸਾਰੇ ਪਰਚੇ ਸ਼ੁਰੂ ਹੋਏ, ਵਧੇ, ਫੁੱਲੇ ਅਤੇ ਆਪਣੀ ਸਾਰਥਿਕਤਾ ਸਿੱਧ ਕਰਕੇ ਜਾਂਦੇ ਰਹੇ। ਕੁਝ ਇਕ ਅਪਵਾਦਾਂ ਨੂੰ ਛੱਡ ਕੇ, ਪੰਜਾਬੀ ਦੀ ਸਾਹਿਤਕ ਪੱਤਰਕਾਰੀ ਜਾਂ ਤਾਂ ਬਾਲ ਵਰੇਸ ਵਿਚ ਜਾਂ ਫਿਰ ਮੱਤ ਬੁੱਧ ਸੰਭਲਣ ਦੀ ਉਮਰ ਆਉਂਦਿਆਂ ਤੱਕ ਹੀ ਆਪਣਾ ਕਾਰਜ ਸਮੇਟ ਗਈ। ਰੱਜ ਕੇ ਜੁਆਨੀ ਹੰਢਾਉਣੀ ਅਤੇ ਫਿਰ ਪ੍ਰੌਢ ਅਵਸਥਾ ਵਿਚ ਪੈਰ ਪਾਉਣਾ ਇਥੇ ਵੀ ਵਿਰਲਿਆਂ ਦੇ ਹੀ ਹਿੱਸੇ ਆਇਆ।



ਅਜਿਹੇ ਭਾਗਾਂ ਵਾਲੇ ਪਰਚਿਆਂ ਵਿਚੋਂ ਇਕ ਹੈ ਪੰਜਾਬ ਦੀ ਅਖਬਾਰੀ ਰਾਜਧਾਨੀ ਜਲੰਧਰ ਵਿਚੋਂ ਸ੍ਰੀ ਜਗਦੀਸ਼ ਸਿੰਘ 'ਵਰਿਆਮ' ਦੀ ਸੰਪਾਦਕੀ ਵਿਚ ਛਪਣ ਵਾਲਾ ਮਾਸਿਕ ਪੱਤਰ 'ਵਰਿਆਮ'। ਇਹ ਲਿਖਦਿਆਂ ਅਚੰਭੇ ਭਰੀ ਖੁਸ਼ੀ ਹੁੰਦੀ ਹੈ ਕਿ ਇਸ ਪੱਤਰ ਨੇ ਆਪਣੀ ਛਪਣ ਅਉਧ ਦੇ ਛੱਤੀ ਵਰ੍ਹੇ ਪੂਰੇ ਕਰਕੇ ਇਸ ਨਵੰਬਰ ਤੋਂ ਸੈਂਤੀਵੇਂ ਵਰ੍ਹੇ ਵਿਚ ਦਾਖਲਾ ਲੈ ਲਿਆ ਹੈ। 'ਵਰਿਆਮ' ਦਾ ਇਹ ਅੰਕ 'ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ' ਦੇ ਤੌਰ 'ਤੇ ਛਪਿਆ ਹੈ। ਇਸੇ ਇਕੋ ਜਾਣਕਾਰੀ ਤੋਂ ਪਤਾ ਲੱਗਦਾ ਹੈ ਕਿ ਸਤਿਗੁਰੂ ਜੀ ਦੇ ਪ੍ਰਗਟ ਹੋਣ ਅਤੇ 'ਵਰਿਆਮ' ਦੇ ਸ਼ੁਰੂ ਹੋਣ ਦਾ ਮਹੀਨਾ ਇਕੋ ਹੈ। ਨਵੰਬਰ ਮਹੀਨੇ ਦੀ ਚੋਣ ਨਾਲ ਸੁਚੇਤ ਜਾਂ ਅਚੇਤ ਰੂਪ ਵਿਚ ਸੱਤ ਨਵੰਬਰ ਦਾ ਦਿਨ ਵੀ ਜੁੜਿਆ ਹੈ। ਰੂਸੀਆਂ ਦੇ ਪੁਰਾਣੇ ਕਲੈਂਡਰ ਮੁਤਾਬਕ ਤਾਰੀਖ ਸੀ ਪੰਝੀ ਅਕਤੂਬਰ, ਨਵੇਂ ਮੁਤਾਬਿਕ ਸੱਤ ਨਵੰਬਰ ਬਣਦੀ ਹੈ ਜਿਸ ਦਿਨ ਸਮੋਲਨੀ (ਸੇਂਟ ਪੀਟਰਜ਼ਬਰਗ ਵਿਚ ਇਕ ਸਥਾਨ) ਵਿਚ ਲੈਨਿਨ ਦੇ ਇਹ ਬੋਲ ਗੂੰਜੇ ਸਨ-"ਸਾਥੀਓ! ਸਮਾਜਵਾਦੀ ਕ੍ਰਾਂਤੀ ਵਿਜਯੀ ਹੋ ਗਈ ਹੈ।" ਦੁਨੀਆਂ ਦੇ ਨਕਸ਼ੇ 'ਤੇ ਕਿਉਂਕਿ ਪਹਿਲੀ ਵੇਰ ਹੇਠਲੀ ਉਤੇ ਆਈ ਸੀ, ਤਾਰੀਖ ਵਿਚ ਇਹਨੂੰ 'ਮਹਾਨ ਅਕਤੂਬਰ ਸੋਵੀਅਤ ਇਨਕਲਾਬ' ਕਹਿ ਕੇ ਚੇਤੇ ਕੀਤਾ ਗਿਆ ਤੇ ਇਹ ਨਾਮਧਾਰੀ ਜਾਂ ਕੂਕੇ ਹੀ ਸਨ ਜਿਹੜੇ ਇਸ ਇਤਿਹਾਸਕ ਘਟਨਾ ਦੇ ਵਾਪਰਨ ਤੋਂ ਵੀ ਕੋਈ ਚਾਰ ਦਹਾਕੇ ਪਹਿਲਾਂ ਤਦੋਂਕੇ ਰੂਸੀ ਹਾਕਮਾਂ ਦੇ ਸਹਿਯੋਗ ਨਾਲ, ਬਸਤੀਵਾਦੀਆਂ ਦਾ ਮੱਕੂ ਠੱਪਣ ਦੀਆਂ ਯੋਜਨਾਵਾਂ ਉਲੀਕਦੇ ਰਹਿੰਦੇ ਸਨ। ਸੋ ਪੰਚਾਇਤ ਪ੍ਰਣਾਲੀ ਤੇ ਅਧਾਰਤ ਸੋਵੀਅਤਾਂ ਦੇ ਦੇਸ਼ ਵਿਚ ਵਾਪਰਨ ਵਾਲੀ ਇਸ ਯੁਗਾਂਤਰਕਾਰੀ ਘਟਨਾ ਨੇ ਜਿੱਥੇ ਸਮੁੱਚੇ ਭਾਰਤੀ ਕੌਮੀ ਅੰਦੋਲਨ ਨੂੰ ਇਕ ਹੁਲਾਰਾ ਦਿੱਤਾ ਉਥੇ ਕੂਕਾ ਸੰਗ੍ਰਾਮ ਨੇ ਵੀ ਇਸਦਾ ਖੈਰ ਮਕਦਮ ਕੀਤਾ ਤੇ ਤੱਥਾਂ ਦਾ ਤੱਥ ਇਹ ਵੀ ਹੈ ਕਿ ਨਵੰਬਰ ਵਿਚ ਹੀ ਆਮ ਤੌਰ ਤੇ 'ਜ਼ਾਹਰ ਪੀਰ ਜਗਤ ਗੁਰ ਬਾਬਾ' ਗੁਰੂ ਨਾਨਕ



Namdhari Elibrary NamdhariElibrary@gmail.com

ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਮਨਾਇਆ ਜਾਂਦਾ ਹੈ। ਸੋ ਲਾਲੋ ਕਿਰਤੀ ਦੇ ਘਰ ਬੈਠ ਕੇ ਵੇਲੇ ਦੇ ਜਾਬਰ ਬਾਬਰ ਨੂੰ ਵੰਗਾਰਨ ਵਾਲਾ ਸਾਡਾ ਸਤਿਗੁਰੂ ਨਾਨਕ ਹੋਵੇ ਜਾਂ ਬਸਤੀਵਾਦੀਆਂ ਲਈ 'ਕਾਲ ਵਰਗਾ ਭੈਅ ਰੱਖਣ ਵਾਲਾ', ਨੀਵੀਆਂ ਨੂੰ ਉਚੇ ਕਰਨ ਅਤੇ ਰਜਵਾੜਿਆਂ 'ਤੇ ਵਦਾਣੀ ਸੱਟ ਮਾਰਨ ਵਾਲਾ ਸਤਿਗੁਰੂ ਰਾਮ ਸਿੰਘ ਜਾਂ ਫਿਰ ਲੈਨਿਨ ਦਾ ਇਨਕਲਾਬ, ਇਹਨਾਂ ਦੇ ਕਿਰਿਆ-ਕਲਾਪ ਅਦਨੇ ਮਨੁੱਖ ਨੂੰ 'ਸਬਲ ਅਤੇ ਸੰਪੂਰਨ ਮਨੁੱਖ' ਬਣਾਉਣ ਵਾਲੇ ਸਨ। ਇਹੋ ਹੈ ਇਹਨਾਂ ਦੀ ਅੰਤਰੀਵ ਸਾਂਝ ਜੋ ਜਗਦੀਸ਼ ਸਿੰਘ 'ਵਰਿਆਮ' ਹੋਰਾਂ ਦੀ ਸਾਹਿਤਕ ਪੱਤਰਕਾਰੀ ਦੀ ਵਿਚਾਰਧਾਰਕ ਪਿੱਠ ਭੂਮੀ ਬਣਦੀ ਹੈ।

ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਨਾਮਧਾਰੀਆਂ ਦਾ ਪ੍ਰਵੇਸ਼, ਗਦਰ ਲਹਿਰ ਦੀ ਪੱਤਰਕਾਰੀ ਦੇ ਆਦਿ ਕਾਲ ਤੋਂ ੬-੭ ਸਾਲ ਬਾਅਦ ਹੀ ਹੋ ਜਾਂਦਾ ਹੈ। ਜਿਸ ਵਿਚ ਸੰਤ ਮੰਗਲ ਸਿੰਘ 'ਮਸਤਾਨਾ' ਉਰਫ਼ ਅਰਸ਼ੀ ਫਰਿਸ਼ਤਾ, ਨਿਰੰਕਾਰ ਸਿੰਘ ਚੇਤਨ, ਸੰਤ ਨਿਧਾਨ ਸਿੰਘ ਆਲਿਮ ਅਤੇ ਮਹਾਰਾਜ ਗੁਰਦਿਆਲ ਸਿੰਘ ਜਿਹੇ ਵੱਡੇ ਨਾਮਣੇ ਵਾਲੇ ਨਾਮ ਸ਼ਾਮਲ ਹਨ। ਪਰ ਕੂਕਿਆਂ ਦੀ ਸਾਹਿਤਕ ਪੱਤਰਕਾਰੀ ਦਾ ਆਗਾਜ਼ ਕਰਨ ਵਾਲੇ, ਹਫ਼ਤਾਵਾਰੀ ਸਤਿਜੁਗ ਦੇ, ਆਜ਼ਾਦੀ ਅੰਦੋਲਨ ਦੇ ਦਰਮਿਆਨ, ਜ਼ਬਤੀਆਂ ਅਤੇ ਨਿਵਾਰਕ ਨਜ਼ਰਬੰਦੀਆਂ ਝੱਲਣ ਵਾਲੇ, ਉਘੇ ਸੰਪਾਦਕ ਸੰਤ ਇੰਦਰ ਸਿੰਘ ਚਕਰਵਰਤੀ ਸਨ। ਬਹੁ ਵਿਧਾਵੀ, ਲੇਖਕ, ਸ਼ਾਇਰ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਲਿਮ ਹੋਰਾਂ ਜਿਉਂ ਨਿਕਟਤਾ ਮਾਨਣ ਵਾਲੇ ਸਨ। ਨਾਮਧਾਰੀ ਦਰਬਾਰ ਦੇ ਦੋਵੇਂ ਸੱਜਣ ਮੁੱਖ ਅਹੁਦਿਆਂ 'ਤੇ ਰਹੇ। ਆਜ਼ਾਦੀ ਤੋਂ ਬਾਅਦ ਨਾਮਧਾਰੀਆਂ ਦੀ ਸਾਹਿਤਕ ਪੱਤਰਕਾਰੀ ਵਿਚ ਰਾਜਿੰਦਰ ਸਿੰਘ ਗੁਰੂਸਰ, ਪ੍ਰੀਤਮ ਸਿੰਘ ਕਵੀ ਹੋਰਾਂ ਦਾ ਵੀ ਵੱਡਾ ਯੋਗਦਾਨ ਹੈ। ਪਰ ਲੀਕ ਤੋਂ ਥੋੜ੍ਹਾ ਹਟਕੇ ਇਸ ਖੇਤਰ ਵਿਚ ਕੁੱਦਣ ਵਾਲੇ ਸਨ ਸੰਤ ਮੰਗਲ ਸਿੰਘ ਲਾਇਲਪੁਰੀ ਅਤੇ ਉਹਨਾਂ ਦੇ ਛੋਟੇ ਭਰਾਤਾ ਡਾ. ਅਮਰ ਭਾਰਤੀ। ਦੋਹਾਂ ਨੇ ਦੇਸ਼ ਦੀ ਰਾਜਧਾਨੀ ਵਿਚ ਰਹਿ ਕੇ ਲੰਮਾ ਸਮਾਂ ਆਪਣੇ ਆਪਣੇ ਢੰਗ ਨਾਲ ਕੂਕਿਆਂ ਦੀ ਸਾਹਿਤਕ ਪੱਤਰਕਾਰੀ ਦਾ ਇਸਦੀ ਵਿਰਾਸਤ ਦੇ ਅਨੁਰੂਪ ਝੰਡਾ ਝੁਲਦਾ ਰੱਖਿਆ। ਸੰਤ ਮੰਗਲ ਸਿੰਘ ਲਾਇਲਪੁਰੀ ਆਪਣੇ ਪੰਥਕ ਪ੍ਰੇਮ ਵਿਚ ਗੜੂੰਦ ਹੋ ਕੇ, ਇਸਦੇ ਪ੍ਰਗਤੀਸ਼ੀਲ ਖ਼ਾਸੇ ਨੂੰ ਕਾਇਮ ਰੱਖਣ ਲਈ ਬੇਸਰੋਸਾਜ਼ੀ ਦੀ ਹਾਲਤ ਵਿਚ ਵੀ ਸਿਰ ਧੜ ਦੀ ਬਾਜੀ ਲਾਉਣ ਵਾਲੇ ਮਸਤਾਨੇ ਕਲਮਕਾਰ ਸਨ। ਜਦੋਂ ਕਿ ਉਹਨਾਂ ਦੇ ਛੋਟੇ ਵੀਰ ਡਾ. ਭਾਰਤੀ, ਬੰਗਾਲੀ ਤੇ ਪੰਜਾਬੀ ਸਾਹਿਤ 'ਤੇ ਸਮਾਨ ਅਧਿਕਾਰ ਰੱਖਣ ਵਾਲੇ ਆਪਣੇ ਨਿਵੇਕਲੇ ਅੰਦਾਜ਼ ਵਿਚ ਮਟਕ ਅਤੇ ਮਾਣ ਨਾਲ ਗੁਜ਼ਰਾਨ ਕਰਨ ਵਾਲੇ, ਐਸੇ ਲੇਖਕ ਸਨ ਜੋ ਦੇਸ਼ ਵਿਦੇਸ਼ ਅਤੇ ਆਪਣੇ ਪਰਦੇਸ ਵਿਚ ਵਾਪਰਨ ਵਾਲੀਆਂ ਘਟਨਾਵਾਂ, ਤੇ ਭਵਿੱਖਤ ਬਚਨਾਂ ਜਿਹੀਆਂ ਚਲੰਤ ਟਿੱਪਣੀਆਂ ਕਰਨ ਦੇ ਸਮਰਥ ਸਨ, ਜਿਹਨਾਂ ਦੀ ਕਲਮ ਦਾ ਲੋਹਾ ਪਾਠਕ ਮੰਨਦੇ ਸਨ। ਮੇਰੀ ਸਮਝ ਮੁਤਾਬਕ ਲਾਇਲਪੁਰੀ ਜੀ ਅਤੇ ਭਾਰਤੀ ਜੀ ਦੇ ਗੁਣਾਂ ਨੂੰ ਮਿਲਾ ਕੇ ਜਿਹੜੀ ਸ਼ਖ਼ਸੀਅਤ ਬਣਦੀ ਹੈ, ਉਸਦਾ ਨਾਮ ਹੈ-ਜਗਦੀਸ਼ ਸਿੰਘ 'ਵਰਿਆਮ'। ਉਪਰ ਵਰਣਿਤ ਸਾਰੇ ਹੀ ਮਾਣਯੋਗ ਸਜਣਾਂ ਦੇ ਖ਼ਾਦ-ਪਾਣੀ ਨਾਲ ਜਿਹੜਾ ਬੂਟਾ ਤਿਆਰ ਹੋਇਆ, ਉਸਦਾ ਸਿਖਰਲਾ ਫਲ ਹੈ, ਜਗਦੀਸ਼ ਸਿੰਘ 'ਵਰਿਆਮ'।

ਵਰਿਆਮ ਹੋਰਾਂ ਦੇ ਪਰਿਵਾਰ ਨੇ ਦੇਸ਼ ਬਟਵਾਰੇ ਬਾਅਦ ਜਲੰਧਰ ਆ ਡੇਰੇ ਲਾਏ। ਕੁਝ ਸਮਾਂ ਉਹਨਾਂ ਨੂੰ ਜੰਮੂ ਵਿਖੇ ਰਹਿਣ ਦਾ ਵੀ ਮੌਕਾ ਮਿਲਿਆ, ਪਰੰਤੂ ਬਹੁਤਾ ਭਾਗ ਉਹਨਾਂ ਜਲੰਧਰ ਨੂੰ ਹੀ ਲਾਇਆ ਹੈ। ਜਿਸ ਜਲੰਧਰ ਵਿਚੋਂ 'ਦਰਿਸ਼ਟੀ' ਵਰਗੇ ਸਾਹਿਤਕ ਪਰਚੇ ਛਪਦੇ ਸਨ ਓਥੋਂ ਆਪਣੀ ਸਹਿਜ ਅਦਾ ਨਾਲ ਜਦੋਂ ਉਹਨਾਂ 'ਵਰਿਆਮ' ਸ਼ੁਰੂ ਕੀਤਾ ਹੋਵੇਗਾ ਤਾਂ ਬਹੁਤਿਆਂ ਨੇ ਇਹਨਾਂ ਦੇ ਦਿਲ ਗੁਰਦੇ ਨੂੰ ਤਾਂ ਦਾਦ ਅਵੱਸ਼ ਹੀ ਦਿੱਤੀ ਹੋਵੇਗੀ ਕਿ ਵੇਖੋ ਜਵਾਨ ਦੀ ਹਿੰਮਤ, ਅਖਾੜੇ ਵਿਚ ਕੁੱਦਿਆ ਤਾਂ ਹੈ। ਅਤੇ ਫਿਰ ਚੱਲ ਸੋ ਚੱਲ, ਅੱਜ ਹੋਰ ਕਲ੍ਹ ਹੋਰ। 'ਹਿਨਾ' ਪੱਥਰ 'ਤੇ ਘਿਸ ਘਿਸ ਕੇ ਰੰਗ ਲਿਆਉਣ ਲੱਗੀ ਤੇ ਸੰਤਾਂ ਦਾ ਕੰਮ ਇਕੱਲਾ ਪਰਚਾ ਕੱਢਣਾ ਤੇ ਨਹੀਂ ਸੀ ਨਾ। ਸਤਿਗੁਰੂ ਜੀ ਦੇ ਹੁਕਮ ਮੁਤਾਬਕ ਨਾਮਧਾਰੀ ਵਿਦਿਅਕ ਜਥੇ ਦੀ ਵੱਡੀ ਜ਼ਿੰਮੇਵਾਰੀ। ਹੋਰਨਾਂ ਪੰਥਕ ਕਾਰਜਾਂ, ਸੰਗੀਤ ਸੰਮੇਲਨਾਂ, ਸਾਹਿਤਕ ਕਾਨਫਰੰਸਾਂ ਵਿਚ ਵੀ ਦੇਸ ਪ੍ਰਦੇਸ ਭਰਮਣ। ਉਹ ਆਪਣੇ ਸਮੇਂ ਦੇ ਸਰੋਕਾਰਾਂ ਨਾਲ ਬਾਵਾਸਤਾ ਰਹਿੰਦੇ ਹਨ। ਪੰਜਾਬੀ ਲੇਖਕਾਂ ਦੀ ਭਾਵੇਂ ਜਲੰਧਰ ਵਿਚਲੀ ਸਭਾ ਹੋਵੇ ਤੇ ਭਾਵੇਂ ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ-ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਉਹ ਇਹਨਾਂ ਦੇ ਕਾਰਜਾਂ ਲਈ ਮੰਚ ਸੰਚਾਲਨ ਤੋਂ ਲੈ ਕੇ ਮਾਂ ਬੋਲੀ ਨੂੰ ਬਣਦਾ ਸਥਾਨ ਦੁਆਉਣ ਲਈ ਧਰਨੇ ਪ੍ਰਦਰਸ਼ਨਾਂ ਵਿਚ ਵੀ ਪੇਸ਼ ਪੇਸ਼ ਨਜ਼ਰ ਆਉਂਦੇ ਹਨ। ਵਿਸ਼ਵ ਅਮਨ ਦਾ ਸਵਾਲ ਹੋਵੇ ਜਾਂ ਹਿੰਦੁਸਤਾਨ ਦੀ ਗੁਆਂਢੀ ਏਸ਼ੀਅਨ ਦੇਸ਼ਾਂ ਨਾਲ ਮਿੱਤਰਤਾ ਦਾ ਪਰਸ਼ਨ, ਉਹ ਸਭ ਨੂੰ ਮੁਖ਼ਾਤਿਬ ਹੁੰਦੇ ਰਹੇ ਹਨ।

ਜਿਹਨਾਂ ਉਚ ਜੀਵਨ ਮੁੱਲਾਂ ਦਾ ਵਰਣਨ, ਸਾਡੇ ਗੁਰਮਤਿ ਸਾਹਿਤ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਮਿਲਦਾ ਹੈ, ਵਰਿਆਮ ਜੀ ਉਹਨਾਂ 'ਤੇ



Namdhari Elibrary NamdhariElibrary@gmail.com

ਪਹਿਰਾ ਦੇਣ ਦਾ ਆਪਣੇ ਪਰਚੇ ਵਿਚ ਅਕਸਰ ਹੋਕਾ ਦਿੰਦੇ ਰਹਿੰਦੇ ਹਨ। ਉਹ ਧਾਰਮਿਕ ਹੁੰਦਿਆਂ ਵੀ ਫਿਰਕੂਪੁਣੇ ਦਾ ਵਿਰੋਧ ਕਰਦੇ ਹਨ ਅਤੇ ਗੁਰੂ ਨਾਨਕ ਨਾਮ ਲੇਵਿਆ ਤੋਂ ਛੁੱਟ, ਸਮੂਹ ਪ੍ਰਾਣੀ ਮਾਤਰ ਨੂੰ ਪ੍ਰੇਮ ਪਾਸ਼ ਵਿਚ ਬੱਝੇ ਵੇਖਣਾ ਲੋਚਦੇ ਹਨ। ਉਹ ਸਾਡੀ ਧਰਤ ਅਤੇ ਇਸਦੇ ਪੌਣ-ਪਾਣੀ ਦੀ ਸਵੱਛਤਾ ਦੇ ਅਲੰਬਰਦਾਰ ਹਨ। ਉਹ ਵਿੱਥਾਂ, ਵੰਡੀਆਂ ਵਿਰਲਾਂ ਅਤੇ ਉੜਾਂ-ਥੁੜਾਂ ਸਿਰਜਣ ਵਾਲੇ ਨਜ਼ਾਮ ਨੂੰ ਆਦਰਸ਼ ਨਹੀਂ ਮੰਨਦੇ। ਉਹ ਮਨੁੱਖ ਦੀ ਮਹਿਮਾ ਨੂੰ ਇਸਦੇ ਪੂਰੇ ਜਲੌਅ ਵਿਚ ਰੂਪਮਾਨ ਹੁੰਦਾ ਵੇਖਣਾ ਚਾਹੁੰਦੇ ਹਨ।

ਵਰਿਆਮ ਜੀ ਨੇ ਆਪਣੇ ਪਰਚੇ ਦੀ ਨਿਰੰਤਰਤਾ ਜਿਸ ਸੰਜੀਦਗੀ ਨਾਲ ਬਣਾਈ ਰੱਖੀ ਹੈ ਉਸ 'ਤੇ ਰਸ਼ਕ ਹੁੰਦਾ ਹੈ। ਪੰਜਾਬੀ ਭਾਸ਼ਾ, ਸਿਹਤ ਅਤੇ ਸਭਿਆਚਾਰ ਦੇ ਖੇਤਰ ਵਿਚ 'ਵਰਿਆਮ' ਨੇ ਕਈ ਲੁਕੀਆਂ ਤਹਿਆਂ ਤਾਂ ਪ੍ਰਗਟ ਕੀਤੀਆਂ ਹੀ ਹਨ, ਬਸਤੀਵਾਦੀ ਪੰਜਾਬ ਦੇ ਇਤਿਹਾਸ ਦੇ ਵਰਕੇ ਫਰੋਲਣ ਦਾ ਮਾਣ ਵੀ ਆਪ ਦੇ ਪਰਚੇ ਨੂੰ ਜਾਂਦਾ ਹੈ। ਵਰਿਆਮ ਜੀ ਨੇ ਕਿਤੇ ਲਿਖਿਆ ਸੀ ਕਿ "ਹੋਰਨਾਂ ਨੂੰ ਤਾਂ ਸਰਕਾਰਾਂ ਦਾ ਆਸਰਾ ਹੋਵੇਗਾ, ਸਾਨੂੰ ਤਾਂ 'ਸੱਚੀਆਂ ਸਰਕਾਰਾਂ' ਦਾ ਆਸਰਾ ਹੈ।" ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੇ ਉਹਨਾਂ ਦੀ ਸਾਹਿਤਕ ਪੱਤਰਕਾਰੀ ਨੂੰ ਇਸ ਵਰ੍ਹੇ ਸਨਮਾਨਤ ਕਰਕੇ ਇਕ ਬਹੁਤ ਹੀ ਠੀਕ ਫੈਸਲਾ ਕੀਤਾ ਹੈ। ਇਸ ਇਨਾਮ ਦੀ ਸਾਰਥਿਕਤਾ ਸਿੱਧ ਕੀਤੀ ਹੈ। ਸੈਂਤੀਵੀਂ ਵਰ੍ਹੇ ਗੰਢ 'ਤੇ ਇਹ ਸਨਮਾਨ, ਦੋ ਖੁਸ਼ੀਆਂ ਇਕੋ ਸਮੇਂ 'ਵਰਿਆਮ' ਦੇ ਵਿਹੜੇ ਆਈਆਂ ਹਨ। ਮੁਬਾਰਕ ਸੱਦ ਮੁਬਾਰਕ।

*ਪਿੰਡ ਤੇ ਡਾ. ਕਰੀਵਾਲਾ (ਸਿਰਸਾ)*
*ਫੋਨ-੦੧੬੯੮-੨੭੪੫੬੨*

## ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਕੂਕਾ ਲਹਿਰ ਤੇ ਕੌਮਾਗਾਟਾ ਮਾਰੂ ਸਾਕੇ ਨੂੰ ਸਰਕਾਰੀ ਮਾਨਤਾ

ਸਨ ੨੦੦੩ ਦੌਰਾਨ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਵਲੋਂ ਕੂਕਾ ਲਹਿਰ ਨੂੰ ਸਵਤੰਤਰਤਾ ਸੈਨਿਕ ਸਨਸਮਾਨ ਪੇਨਸਨ ਸਕੀਮ-੧੯੮੦ ਤਹਿਤ ਮਾਨਤਾ ਪ੍ਰਾਪਤ ਲਹਿਰਾਂ/ਅੰਦੋਲਨਾਂ 'ਚ ਸ਼ਾਮਿਲ ਕਰਾਉਣ ਲਈ ਦਾਇਰ ਕੀਤੀ ਗਈ ਜਨਹਿਤ ਪਟੀਸ਼ਨ ਦਾ ਨਿਪਟਾਰਾ ੧੫-੧੨-੨੦੧੧ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਪਹਿਲੇ ਡਵੀਜਨ ਬੈਂਚ ਨੇ ਪਟੀਸ਼ਨ ਨੂੰ ਸਵੀਕਾਰਨ ਦੇ ਹੱਕ ਵਿਚ ਫੈਸਲੇ ਰਾਹੀਂ ਕੀਤਾ ਹੈ।

ਜ਼ਿਕਰਯੋਗ ਹੈ ਕਿ ੧੯੮੨ ਦੌਰਾਨ ਉਸ ਵੇਲੇ ਦੇ ਹੋਮ ਮਨਿਸਟਰ ਗਿਆਨੀ ਜ਼ੈਲ ਦੀ ਪ੍ਰਧਾਨਗੀ ਹੇਠ ਹੋਈ ਬੈਠਕ ਵਿਚ ਕੂਕਾ ਲਹਿਰ ਤੇ ਕਲਕੱਤੇ ਦੇ ਹੋਲਵੇਨ ਅੰਦੋਲਨ ਨੂੰ ਇਸ ਉਕਤ ਲਿਸਟ ਵਿਚ ਸ਼ਾਮਿਲ ਕਰਨ ਦਾ ਫੈਸਲਾ ਤਾਂ ਲਿਆ, ਪਰ ਪਿੱਛੋਂ ਸਿਰਫ ਹੋਲਵੇਲ ਅੰਦੋਲਨ ਨੂੰ ਹੀ ਮਾਨਤਾ ਦਿੱਤੀ ਤੇ ਕੂਕਾ ਲਹਿਰ ਨੂੰ ਇਸ ਤੋਂ ਵਾਂਝਾ ਹੀ ਰਖਿਆ। ਪ੍ਰੋ. ਵੜੈਚ ਨੇ ਇਸ ਫੈਸਲੇ ਨੂੰ ਚੁਨੌਤੀ ਦਿੰਦਿਆਂ ਕੂਕਾ ਲਹਿਰ ਨੂੰ ਵੀ ਮਾਨਤਾ ਦੇਣ ਦੀ ਯਾਚਨਾ ਕੀਤੀ। ਹਿੰਦ ਸਰਕਾਰ ਦਾ ਪਹਿਲਾ ਜਵਾਬ ਤਾਂ ਇਹ ਸੀ ਕਿ ਇਹ ਨਿਰੋਲ ਧਾਰਮਿਕ ਲਹਿਰ ਸੀ, ਇਸ ਲਈ ਇਸਨੂੰ ਆਜ਼ਾਦੀ ਲਹਿਰ ਦਾ ਹਿੱਸਾ ਨਹੀਂ ਮੰਨਿਆ ਜਾ ਸਕਦਾ। ਪ੍ਰੋ. ਵੜੈਚ ਨੇ ਮੋੜਵੀ ਦਰਖਾਸਤ ਵਿਚ ਮੌਲਿਕ ਇਤਿਹਾਸਕ ਸਰੋਤਾਂ ਦਾ ਹਵਾਲਾ ਦਿੰਦਿਆਂ ਇਸ ਉੱਜਰ ਨੂੰ ਬੇ-ਬੁਨਿਆਦ ਦੱਸਿਆ।

ਸਰਕਾਰ ਨੇ ਆਪਣੇ ਦੂਜੇ ਜਵਾਬ ਵਿਚ ਇਹ ਤਾਂ ਮੰਨਿਆ ਕਿ ਇਹ ਕੂਕਾ ਲਹਿਰ ਦਾ ਖਾਸਾ ਰਾਜਸੀ ਵੀ ਸੀ ਪਰ ਚੂੰਕਿ ਇਸ ਵੇਲੇ ਸਕੀਮ ਦੀਆਂ ਸ਼ਰਤਾਂ ਤਹਿਤ ਕੂਕਾ ਸੰਗਰਾਮੀਆਂ ਦਾ ਕੋਈ ਵੀ ਵਾਰਸ ਜਿੰਦਾ ਨਹੀਂ ਹੋ ਸਕਦਾ ਇਸ ਲਈ ਇਸ ਨੂੰ ਮਾਨਤਾ ਨਹੀਂ ਦਿੱਤੀ ਜਾ ਸਕਦੀ।

ਜ਼ਿਕਰਯੋਗ ਹੈ ਕਿ ਇਸ ਮੁੱਦੇ ਤੇ ਉਸ ਵੇਲੇ ਦੇ ਭਾਜਪਾ ਸਰਕਾਰ ਦੇ ਗ੍ਰਹਿ-ਮੰਤਰੀ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਦੀ ਪੰਜਾਬ ਫੇਰੀ ਦੌਰਾਨ ਅੰਮ੍ਰਿਤਸਰ ਵਿਚ ਉਨ੍ਹਾਂ ਵਿਰੁੱਧ ਰੋਸ-ਮੁਜ਼ਾਹਰੇ ਵੀ ਹੋਏ ਸਨ।

ਪ੍ਰੋ. ਵੜੈਚ ਨੇ ਉਪਰ ਦੱਸੇ ਹਾਲਾਤ ਨੂੰ ਮੁੱਖ ਰੱਖਦਿਆਂ ਇਕ ਹੋਰ ਪਟੀਸ਼ਨ ਦਾਇਰ ਕਰ ਦਿੱਤੀ ਕਿ ਪੈਨਸ਼ਨ ਸਕੀਮ ਅਧੀਨ ਸ਼ਰਤਾਂ ਵਿਚ ਆਜ਼ਾਦੀ ਸੰਗਰਾਮੀਆਂ ਦੇ ਮੌਜੂਦਾ ਵਾਰਸਾਂ ਨੂੰ ਬਣਦੀ ਰਾਹਤ ਦਿੱਤੀ ਜਾਏ ਤੇ ਨਾਲੇ ਬੇਨਤੀ ਕੀਤੀ ਕਿ ਪਹਿਲੀ ਪਟੀਸ਼ਨ ਦਾ ਨਿਪਟਾਰਾ ਵੀ ਨਵੀਂ ਪਟੀਸ਼ਨ ਨਾਲ ਹੀ ਕੀਤਾ ਜਾਵੇ।

ਲਗਭਗ ਇਸੇ ਤਰ੍ਹਾਂ ਹੀ ਕੌਮਾਗਾਟਾ ਮਾਰੂ ਸਾਕੇ ਦੀ ਮਾਨਤਾ ਲਈ ਵੀ ੨੦੦੩ ਵਿਚ ਪਟੀਸ਼ਨ ਦਾਇਰ ਕੀਤੀ ਗਈ ਸੀ ਤੇ ਪਹਿਲੇ ਜਵਾਬ ਵਿਚ ਸਰਕਾਰ ਨੇ ਕੋਰਾ ਜਵਾਬ ਦੇ ਦਿੱਤਾ ਸੀ ਤੇ ਮੋੜਵੀ ਦਰਖਾਸਤ ਪਿੱਛੋਂ ਮਾਨਤਾ ਦੇਣੀ ਮਨ ਲਈ ਸੀ। ਉਸ ਦੀ ਸਮਾਇਤ ਵੀ ੧੫-੧੨-੨੦੧੧ ਨੂੰ ਹੋਈ ਹੈ। ਹੁਣ ਇਹ ਦੋਵੇਂ ਲਹਿਰਾਂ ਮਾਨਤਾ ਪ੍ਰਾਪਤ ਲਹਿਰਾਂ ਦੀ ਲਿਸਟ ਵਿਚ ਸ਼ਾਮਿਲ ਕਰ ਲਈਆਂ ਗਈਆਂ ਹਨ। ਨਵੀਂ ਪਟੀਸ਼ਨ ਲਈ ਅਗਲੀ ਤਾਰੀਖ ੧੬-੧-੨੦੧੨ ਪਈ ਹੈ।



Namdhari Elibrary NamdhariElibrary@gmail.com

# ਅਨੰਦ ਮੈਰਜ ਐਕਟ ਭਾਰਤ ਸਰਕਾਰ ਕਿਉਂ ਵਿਰੁੱਧ ਹੈ ?

—ਤਰਲੋਚਨ ਸਿੰਘ



ਬੜੇ ਚਿਰ ਤੋਂ ਮੈਂ ਪਾਰਲੀਮੈਂਟ ਵਿਚ ਇਕ ਹੱਕੀ ਮੰਗ ਨੂੰ ਪ੍ਰਵਾਨ ਕਰਵਾਉਣ ਲਈ ਜੂਝ ਰਿਹਾ ਸੀ। ਜਦੋਂ ਇਸ ਮੰਗ ਦਾ ਆਮ ਆਦਮੀ ਅੰਦਾਜ਼ਾ ਲਾਵੇਗਾ ਤਾਂ ਉਹ ਹੈਰਾਨ ਹੋਵਗਾ, ਕਿ ਇਤਨੀ ਸਾਧਾਰਨ ਮੰਗ ਜੋ ਇਕ ਘਟ ਗਿਣਤੀ ਕੌਮ ਇਤਨੇ ਸਾਲਾਂ ਤੋਂ ਲਗਾਤਾਰ ਭਾਰਤ ਸਰਕਾਰ ਨੂੰ ਬੇਨਤੀਆਂ ਕਰ ਰਹੀ ਹੈ। ਪਰ ਸ਼ਾਬਾਸ਼ ਹੈ ਦੁਨੀਆ ਵਿਚ ਆਪਣੇ ਆਪ ਨੂੰ ਲੋਕ ਹੱਕੀ ਦੇਸ਼ ਅਖਵਾਉਣ ਵਾਲੀ ਸਰਕਾਰ ਦੇ, ਜੋ ਕਿਤਨੀ ਕਠੋਰ ਹੈ। ਉਸ ਸਾਹਮਣੇ ਇਕੋ ਨਿਸ਼ਾਨਾ ਹੈ ਕਿ ਸਿੱਖ, ਜੋ ਘੱਟ ਗਿਣਤੀ ਕੌਮ ਹੈ, ਨੂੰ ਕਿਵੇਂ ਉਲਝਾ ਕੇ ਹਰ ਸਮੇਂ ਰੱਖਿਆ ਜਾਵੇ। ਇਹ ਮੰਗ ਹੈ ਅਨੰਦ ਮੈਰਿਜ ਐਕਟ ਵਿਚ ਕੇਵਲ ਇਕ ਰਜਿਸਟਰੇਸ਼ਨ ਦੀ ਮੱਦ ਪਾਉਣੀ। ਜਦ ਮੈਂ ਭਾਰਤ ਸਕਰਾਰ ਦੇ ਘੱਟ ਗਿਣਤੀ ਕਮਿਸ਼ਨ ਦਾ ਚੇਅਰਮੈਨ ਬਣਿਆ, ਮੈਂ ਹਰ ਘੱਟ ਗਿਣਤੀ ਵਾਲੀ ਪ੍ਰਵਾਨਕ ਕੌਮ ਦੀਆਂ ਮੰਗਾਂ ਦਾ ਹਿਸਾਬ ਇਕੱਠਾ ਕੀਤਾ। ਉਸ ਵਕਤ ਇਹ ਸਾਬਤ ਹੋਇਆ ਕਿ ਕੇਵਲ ਸਿੱਖ ਕੌਮ ਹੀ ਹੈ, ਜਿਸਨੂੰ ਭਾਰਤ ਵਿਚ ਸਰਕਾਰੀ ਪੱਧਰ ਤੇ ਵੱਖਰਾ ਆਜ਼ਾਦ ਧਰਮ ਦੀ ਮਾਨਤਾ ਨਹੀਂ ਦਿੱਤੀ ਗਈ। ਬੜਾ ਅਜੀਬ ਖਿਆਲ ਹੈ। ਕੋਈ ਸੋਚੇ ਕਿ ਗੁਰੂ ਨਾਨਕ ਦੇਵ ਜੀ ਨੇ ੧੪੬੯ ਵਿਚ ਪਰਵੇਸ਼ ਕਰਕੇ ਮਾਨਵਤਾ ਨੂੰ ਸੱਚੇ ਮਾਰਗ 'ਤੇ ਚੱਲਣ ਦਾ ਉਪਦੇਸ਼ ਆਰੰਭ ਕੀਤਾ। ਉਹਨਾਂ ਦੇ ਪਿਛੋਂ ਨੌਵੇਂ ਸਤਿਗੁਰੂ ਤੇਗ ਬਹਾਦਰ ਜੀ ਤਕ ਹਰ ਇੱਕ ਨੇ ਇਸ ਰੱਬੀ ਹੁਕਮ ਤੇ ਪ੍ਰਚਾਰ ਕੀਤਾ। ਲੱਖਾਂ ਲੋਕ ਉਸ ਸੰਦੇਸ਼ ਨੂੰ ਮੰਨਕੇ ਸਿੱਖ ਬਣ ਗਏ। ਵੱਖਰਾ ਗੁਰੂ ਗ੍ਰੰਥ ਪ੍ਰਕਾਸ਼ ਜੋ ਨਿਵੇਕਲਾ ਸੀ, ਜਿਸਨੂੰ ਗੁਰੂ ਮਹਾਰਾਜ ਨੇ ਆਪ ਪ੍ਰਕਾਸ਼ਤ ਕੀਤਾ। ਫਿਰ ੧੬੯੯ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਥਾਪਨਾ ਕਰਕੇ ਪੂਰੇ ਨਿਯਮ ਬਣਾ ਦਿੱਤੇ। ਇਹ ਇਤਿਹਾਸਕ ਤੱਥ ਸਾਰੇ ਵਿਸ਼ਵ ਨੇ ਸਵੀਕਾਰ ਕੀਤੇ। ਆਜ਼ਾਦੀ ਦੀ ਲਹਿਰ ਵਿਚ ਕਾਂਗਰਸ ਪਾਰਟੀ ਨੇ ਸਿੱਖਾਂ ਨੂੰ ਵਚਨ ਦਿੱਤਾ, ਜਦ ਭਾਰਤ ਆਜ਼ਾਦ ਹੋਇਆ ਸੀ, ਕਿ ਸਿੱਖਾਂ ਨੂੰ ਇਕ ਵੱਖਰਾ ਖਿੱਤਾ ਮਿਲੇਗਾ, ਜਿਥੇ ਉਹ ਆਪਣੇ ਰੀਤੀ-ਰਿਵਾਜਾਂ ਅਨੁਸਾਰ ਆਜ਼ਾਦੀ ਮਾਣ ਸਕਣਗੇ। ਅੰਗਰੇਜ਼ ਦੀ ਪੇਸ਼ਕਸ਼ ਸੀ ਕਿ ਸਿੱਖ ਪਾਕਿਸਤਾਨ ਨਾਲ ਰਹਿਣ, ਅਸੀਂ ਠੁਕਰਾ ਦਿੱਤੀ ਵੱਡੀ ਕੁਰਬਾਨੀ ਦੇਕੇ ੧੯੪੭ ਵਿੱਚ ਭਾਰਤ ਆ ਗਏ। ਪਰ ਅਫਸੋਸ ਕਿ ਭਾਰਤ ਦੀ ਆਪਣੀ ਸਰਕਾਰ ਨੇ ਸਾਰੇ ਕੀਤੇ ਵਚਨ ਭੁਲਾ ਦਿੱਤੇ। ਜਦ ੧੯੫੦ ਵਿਚ ਨਵਾਂ ਵਿਧਾਨ ਬਣਿਆ ਤਾਂ ਸਿੱਖਾਂ ਨੂੰ ਕੋਈ ਸਪੈਸ਼ਲ ਅਧਿਕਾਰ ਤਾਂ ਕੀ ਦੇਣੇ ਸਨ ਉਹਨਾਂ ਨੂੰ ਵੱਖਰਾ ਧਰਮ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ। ਧਾਰਾ ੨੫ ਵਿੱਚ ਸਿੱਖਾਂ ਨੂੰ ਹਿੰਦੂ ਧਰਮ ਦਾ ਇਕ ਅੰਗ ਮੰਨਿਆ ਗਿਆ। ਜੋ ਅੱਜ ਤਕ ਕਾਇਮ ਹੈ। ਇਸ ਕਾਨੂੰਨ ਵਿਚ ਸੋਧ ਕਰਨ ਲਈ ਭਾਰਤ ਸਰਕਾਰ ਦੀ ਬਣਾਈ ਗਈ ਕਮੇਟੀ ਦੇ ਸਾਹਮਣੇ ਮੈਂ ਪੇਸ਼ ਹੋ ਕੇ ਉਹਨਾਂ ਤੋਂ ਤਰਮੀਮ ਕਰਨ ਦੀ ਸਿਫਾਰਸ਼ ਕਰਵਾ ਲਈ। ਪਰ ਅੱਜ ਤਕ ਉਸ ਕਮੇਟੀ ਦੀ ਰਿਪੋਰਟ ਤੇ ਅਮਲ ਕਰਨ ਤੋਂ ਸਰਕਾਰ ਮੁਨਕਰ ਹੈ। ਮੈਂ ਜਦ ੨੦੦੪ ਵਿਚ ਪਾਰਲੀਮੈਂਟ ਦਾ ਮੈਂਬਰ ਬਣਿਆ ਤਾਂ ਮੈਂ ਆਪਣੇ ਵੱਲੋਂ ਧਾਰਾ ੨੫ ਵਿਚ ਸੋਧ ਕਰਨ ਦਾ ਮਤਾ ਪਾ ਦਿੱਤਾ। ੬ ਸਾਲ ਵਿਚ ਕਈ ਵਾਰੀ ਇਹ ਮਤਾ ਹਾਊਸ ਵਿਚ ਆਇਆ ਪਰ ਕੁਝ ਨਾ ਕੁਝ ਕਾਰਨ ਇਹ ਪੇਸ਼ ਨਾ ਹੋ ਸਕਿਆ। ਭਾਰਤ ਸਰਕਾਰ ਦੇ ਮੰਤਰੀ ਸ੍ਰੀ ਅੰਤੁਲੇ ਜੋ ਘੱਟ ਗਿਣਤੀ ਮਹਿਕਮੇ ਦੇ ਮੰਤਰੀ ਸਨ, ਨੇ ਵਿਸ਼ਵਾਸ ਦਿੱਤਾ ਕਿ ਉਹ ਆਪ ਇਸ ਬਾਰੇ ਇਕ ਸੋਧ ਮਤਾ ਲੈਕੇ ਆਣਗੇ। ਖੈਰ ਅੱਜ ਤਕ ਸਰਕਾਰ ਇਸਤੇ ਚੁੱਪ ਹੈ ਤੇ ਅਸੀਂ ਵਿਧਾਨਕ ਤਰੀਕੇ ਨਾਲ ਵੱਖਰਾ ਧਰਮ ਨਹੀਂ ਹਾਂ। ਸੁਪਰੀਮ ਕੋਰਟ ਨੇ ਵੀ ਇਕ ਹੁਕਮ ਵਿਚ ਧਾਰਾ ੨੫ ਨੂੰ ਮੁੱਖ ਰਖ ਕੇ ਸਾਨੂੰ ਵੱਖਰਾ ਧਰਮ ਮੰਨਣ ਤੋਂ ਇਨਕਾਰ ਕੀਤਾ ਹੈ। ਅੱਜ ਦੇ ਸੈਕੂਲਰ ਦੇ ਨਾਂ ਹੇਠਾਂ ਢਿੰਡੋਰਾ ਪਿਟਣ ਵਾਲੇ ਸਿੱਖਾਂ ਦੀ ਤਕਲੀਫ ਤੋਂ ਮੁਨਕਰ ਹਨ।

ਪਰ ਮੈਂ ਪਹਿਲੀ ਗੱਲ ਤੇ ਆ ਰਿਹਾ ਹਾਂ ਕਿ ਜਦ ਪਾਰਲੀਮੈਂਟ ਵਿਚ ਮੈਂ ਚਰਚਾ ਕੀਤੀ ਕਿ ਅਨੰਦ ਮੈਰਿਜ ਐਕਟ ਵਿਚ ਨਿਕੀ ਜਿਹੀ ਸੋਧ ਕਰ ਦੇਵੋ ਤਾਂ ਹਰ ਇੱਕ ਨੇ ਇਸ ਦੀ ਪ੍ਰੋੜਤਾ ਕੀਤੀ, ਇਸ ਵਿਵਾਦ ਬਾਰੇ ਸਾਰੇ ਤੱਥ ਲਿਖਣੇ ਜ਼ਰੂਰੀ ਹਨ। ਜਦ ਮੈਂ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਭਾਰਤ ਦੇ ਕਾਨੂੰਨ ਮੰਤਰੀ ਨੂੰ ਚਿੱਠੀ ਲਿਖੀ ਕਿ ਸਿੱਖਾਂ ਲਈ ਵੱਖਰਾ ਮੈਰਜ ਐਕਟ ਬਣਾਇਆ ਜਾਵੇ ਤਾਂ ਜਵਾਬ ਮਿਲਿਆ ਕਿ ੧੯੦੯ ਵਿਚ ਸਿੱਖਾਂ ਲਈ ਉਸ ਵਕਤ ਦੀ ਭਾਰਤ ਦੀ ਪਾਰਲੀਮੈਂਟ ਨੇ ਅਨੰਦ ਮੈਰਜ ਐਕਟ ਪ੍ਰਵਾਨ ਕਰ ਦਿੱਤਾ ਸੀ। ਇਹ ਮਹਾਰਾਜਾ ਨਾਭਾ ਸ੍ਰੀ ਰਿਪੁਦਮਨ ਸਿੰਘ ਦੀ ਹਿੰਮਤ ਨਾਲ ਕਾਮਯਾਬੀ ਮਿਲੀ ਸੀ। ਮੈਨੂੰ ਇਹ ਸਰਕਾਰ ਨੇ ਲਿਖ ਕੇ ਦਿੱਤਾ ਕਿ ਇਹ ਐਕਟ ਹੁਣ ਵੀ ਭਾਰਤ ਵਿਚ ਲਾਗੂ ਹੈ। ਇਸ ਅਨੁਸਾਰ ਸਿੱਖ ਵਿਵਾਹ ਕਰਵਾ ਸਕਦੇ ਹਨ ਤੇ ਪ੍ਰਵਾਨਤ


Namdhari Elibrary NamdhariElibrary@gmail.com

ਹਨ। ਪਰ ਜਦ ਮੈਂ ਇਸਦੀ ਘੋਖ ਕੀਤੀ ਤਾਂ ਵੇਖਿਆ ਕਿ ਇਸ ਐਕਟ ਵਿਚ ਕਿਧਰੇ ਇਹ ਦਰਜ ਨਹੀਂ ਕਿ ਜੋ ਵਿਵਾਹ (ਅਨੰਦ ਕਾਰਜ) ਇਸ ਐਕਟ ਅਨੁਸਾਰ ਹੋਵੇਗਾ ਉਹ ਸਰਕਾਰੀ ਦਫਤਰ ਵਿਚ ਦਰਜ ਹੋਵੇਗਾ ਉਸ ਜੋੜੀ ਨੂੰ ਸਰਟੀਫੀਕੇਟ ਮਿਲੇਗਾ। ਮੈਨੂੰ ਜਵਾਬ ਮਿਲਿਆ ਕਿ ਜੋ ਹਿੰਦੂ ਮੈਰਜ ਐਕਟ ੧੯੫੫ ਵਿਚ ਲਾਗੂ ਹੋਇਆ ਉਸ ਵਿਚ ਸਿੱਖ ਵੀ ਆਂਦੇ ਹਨ। ਭਾਵ ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਮੰਨਿਆ ਗਿਆ ਹੈ। ਜਿਵੇਂ ਮੈਂ ਉਪਰ ਲਿਖਿਆ ਹੈ ਕਿ ਵਿਧਾਨ ਦੀ ਧਾਰਾ ੨੫ ਵਿਚ ਵੀ ਅਸੀਂ ਹਿੰਦੂਆਂ ਦਾ ਹਿੱਸਾ ਹਾਂ ਤੇ ਇਸ ਹਿੰਦੂ ਮੈਰਜ ਐਕਟ ਅਨੁਸਾਰ ਹਿੰਦੂ ਹੀ ਹਾਂ। ਕਿਤਨਾ ਸਿੱਖਾਂ ਪ੍ਰਤੀ ਅਨਿਆ ਹੈ ਕਿ ਜਿਸ ਕੌਮ ਨੇ ਸਦੀਆਂ ਤੋਂ ਦੇਸ਼ ਤੇ ਧਰਮ ਲਈ ਹਮੇਸ਼ਾ ਕੁਰਬਾਨੀ ਕੀਤੀ ਹੋਵੇ, ਜਿਸਨੂੰ ਅੰਗਰੇਜ਼ ਸਰਕਾਰ ਨੇ ਪੂਰਾ ਵੱਖਰਾ ਧਰਮ ਦਾ ਦਰਜਾ ਦਿੱਤਾ ਸੀ, ਉਸਨੂੰ ਆਪਣੇ ਦੇਸ਼ ਵਿਚ ਇਤਨਾ ਨਿਰਾਦਰ ਕੀਤਾ ਜਾ ਰਿਹਾ ਹੈ। ਸਾਡੀ ਬਦਕਿਸਮਤੀ ਹੈ ਕਿ ਇਸ ਘਾਟ ਨੂੰ ਲੀਡਰ ਚੁੱਪ ਕਰਕੇ ਬਰਦਾਸ਼ਤ ਕਰਦੇ ਰਹੇ। ਇਕ ਵਾਰੀ ਅਕਾਲੀ ਦਲ ਨੇ ੧੯੮੩ ਵਿਚ ਵਿਧਾਨ ਦੀ ਧਾਰਾ ੨੫ ਵਿਰੁੱਧ ਆਵਾਜ਼ ਉਠਾਈ ਤੇ ਵਿਧਾਨ ਦਿੱਲੀ ਵਿਚ ਸਾੜਿਆ। ਬੱਸ ਫਿਰ ਚੁੱਪ। ਲੌਂਗੋਵਾਲ ਜੀ ਨੇ ਜਦ ੧੯੮੫ ਵਿਚ ਰਾਜੀਵ ਗਾਂਧੀ ਨਾਲ ਸਮਝੌਤਾ ਕੀਤਾ ਉਹ ਅਸੀਂ ਇਸ ਹੱਕੀ ਮੰਗ ਨੂੰ ਭੁੱਲ ਹੀ ਗਏ। ਕਈ ਵਾਰ ਅਕਾਲੀ ਰਾਜ ਆਇਆ ਕਈ ਅਕਾਲੀ ਭਾਰਤ ਸਰਕਾਰ ਦੇ ਵਜ਼ੀਰ ਬਣ, ਚੁੱਪੀ ਸਾਧ ਕੇ ਬੈਠੇ ਰਹੇ। ਸਭ ਨੂੰ ਪਤਾ ਹੈ ਕਿ ਵਿਧਾਨ ਦੀ ਤਰਮੀਮ ਕੇਵਲ ਪਾਰਲੀਮੈਂਟ ਹੀ ਕਰ ਸਕਦੀ ਹੈ। ਧਾਰਾ ੨੫ ਦੀ ਤਰਮੀਮ ਦਾ ਬਿਲ ਪਹਿਲੀ ਵਾਰ ਮੈਂ ਪਾਰਲੀਮੈਂਟ ਵਿਚ ਪੇਸ਼ ਕੀਤਾ। ਕਿਤਨੇ ਵੱਡੇ-ਵੱਡੇ ਲੀਡਰ ਕਈ ਵਾਰ ਐਮ. ਪੀ. ਬਣੇ ਪਰ ਇਸ ਤੇ ਕਾਰਵਾਈ ਨਾ ਕਰ ਸਕੇ।

ਆਨੰਦ ਮੈਰਜ ਐਕਟ ਬਾਰੇ ਮੈਂ ਪਾਰਲੀਮੈਂਟ ਵਿਚ ਸੋਧ ਕਰਨ ਦੀ ਕਾਰਵਾਈ ਆਰੰਭ ਕੀਤੀ। ਕਈ ਸਾਲ ਇਸਤੇ ਮੈਂ ਲੱਗਾ ਰਿਹਾ ਹਾਂ। ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਦਾ ਮੈਂ ਮੈਂਬਰ ਸੀ। (ਉਹ ਕਮੇਟੀ ਹੈ ਜੋ ਅੰਨਾ ਜੀ ਦੇ ਲੋਕਪਾਲ ਬਿਲ ਤੇ ਵਿਚਾਰ ਕਰ ਰਹੀ ਹੈ) ਮੈਂ ਉਥੇ ਇਹ ਤਰਮੀਮ ਪੇਸ਼ ਕੀਤੀ। ੧੨ ਸਿੱਖ ਐਮ.ਪੀਜ਼. ਦੇ ਦਸਤਖ਼ਤ ਕਰਵਾਏ। ਐਸ.ਜੀ.ਪੀ.ਸੀ. ਤੋਂ ਮਤਾ ਪਾਸ ਕਰਵਾ ਕੇ ਨਾਲ ਲਗਵਾਇਆ। ੪ ਦਸੰਬਰ, ੨੦੦੭ ਨੂੰ ਮੀਟਿੰਗ ਵਿਚ ਲਾਅ ਮਹਿਕਮੇ ਦੇ ਸਕੱਤਰ ਨੂੰ ਬੁਲਵਾ ਕੇ ਦੋ ਘੰਟੇ ਦੀ ਵਿਚਾਰ ਵਟਾਂਦਰੇ ਪਿਛੋਂ ਸਰਬ ਸੰਮਤੀ ਨਾਲ ਅਨੰਦ ਮੈਰਜ ਐਕਟ ਵਿੱਚ ਤਰਮੀਮ ਕਰਨ ਦਾ ਮਤਾ ਪਾਸ ਕਰਕੇ ਭਾਰਤ ਸਰਕਾਰ ਨੂੰ ਭੇਜ ਦਿੱਤਾ ਗਿਆ। ਉਸ ਪਿਛੋਂ ਪਾਰਲੀਮੈਂਟ ਵਿਚ ਲਗਾਤਾਰ ਇਸ ਬਾਰੇ ਮੈਂ ਚਰਚਾ ਕਰਦਾ ਰਿਹਾ ਦੋ ਵਾਰੀ ਸ੍ਰੀ ਹੰਸਰਾਜ ਭਾਰਦਵਾਜ ਲਾਅ ਮੰਤਰੀ ਅਤੇ ਡਾਕਟਰ ਵਿਰੱਪਨ ਮੋਇਲੀ ਲਾਅ ਮੰਤਰੀ ਨੇ ਭਰੋਸਾ ਦਿੱਤਾ ਕਿ ਉਹ ਆਉਣ ਵਾਲੇ ਸੈਸ਼ਨ ਵਿਚ ਇਹ ਬਿਲ ਲੈ ਕੇ ਆਉਣਗੇ। ਲਿਖਤੀ ਰੂਪ ਵਿੱਚ ਵੀ ਮੈਨੂੰ ਭਰੋਸਾ ਮਿਲਿਆ। ਮੈਂ ਪ੍ਰਧਾਨ ਮੰਤਰੀ ਜੀ ਨੂੰ ਵੀ ਬੇਨਤੀ ਕੀਤੀ। ਭਾਰਤ ਸਰਕਾਰ ਦੇ ਮੰਤਰੀ ਡਾ. ਐਮ. ਐਸ. ਗਿੱਲ ਨੂੰ ਵੀ ਕਿਹਾ ਕਿ ਉਹ ਕੁਝ ਤਾਂ ਕਰਨ। ਪਰ ਅਫਸੋਸ ਕਿ ਸਾਡੇ ਨੁਮਾਇੰਦੇ ਕੌਮ ਦਾ ਸਾਥ ਦੇਣ ਤੋਂ ਘਬਰਾਉਂਦੇ ਹਨ। ਹੁਣ ਨਵੇਂ ਬਣੇ ਲਾਅ ਮੰਤਰੀ ਸ੍ਰੀ ਸਲਮਾਨ ਖੁਰਸ਼ੀਦ ਨੇ ੨੯ ਅਗਸਤ ਨੂੰ ਸ੍ਰੀ ਢੀਂਡਸਾ ਦੇ ਸਵਾਲ ਦੇ ਜਵਾਬ ਵਿਚ ਕਹਿ ਦਿੱਤਾ ਕਿ ਭਾਰਤ ਸਰਕਾਰ ਨੇ ਸੋਚ ਵਿਚਾਰ ਪਿਛੋਂ ਅਨੰਦ ਮੈਰਜ ਐਕਟ ਦੀ ਇਹ ਮੰਗ ਰੱਦ ਕਰ ਦਿੱਤੀ ਹੈ। ਮੈਂ ਤੁਰੰਤ ਉਸਨੂੰ ਲਿਖਿਆ ਕਿ ਜਵਾਬ ਹਾਸੋ-ਹੀਣਾ ਹੈ। ਐਕਟ ਦੀ ਮੰਗ ਤਾਂ ਹੈ ਹੀ ਨਹੀਂ। ਐਕਟ ਤਾਂ ਲਾਗੂ ਪਹਿਲਾਂ ਹੀ ਹੈ ਕੇਵਲ ਦੋ ਲਾਈਨਾਂ ਦਾ ਵਾਧਾ ਕਰਨ ਦੀ ਮੰਗ ਹੈ ਕਿ ਇਹ ਵਿਵਾਹ ਸਰਕਾਰੀ ਦਫਤਰ ਵਿਚ ਰਜਿਸਟਰ ਹੋਵੇਗਾ। ਦੂਜਾ ਮੈਂ ਲਿਖਿਆ ਸੀ ਕਿ ਸ੍ਰੀ ਖੁਰਸ਼ੀਦ ਘੱਟ ਗਿਣਤੀ ਮਹਿਕਮੇ ਦੇ ਵਜ਼ੀਰ ਵੀ ਹਨ। ਘੱਟ ਤੋਂ ਘੱਟ ਉਹ ਇੱਕ ਘੱਟ ਗਿਣਤੀ ਕੌਮ ਦਾ ਧਿਆਨ ਕਰ ਕੇ ਇਹ ਫੈਸਲਾ ਲੈਂਦੇ। ਮੈਂ ਸਾਰੇ ਸਿੱਖ ਐਮ. ਪੀਜ਼. ਨੂੰ ਬੇਨਤੀ ਕੀਤੀ ਹੈ ਕਿ ਉਹ ਇਕੱਠੇ ਹੋਕੇ ਵਜ਼ੀਰ ਨੂੰ ਮਿਲਣ ਤੇ ਪ੍ਰਧਾਨ ਮੰਤਰੀ ਜੀ ਨੂੰ ਵੀ ਜ਼ੋਰ ਪਾ ਕੇ ਕਹਿਣ ਕਿ ਉਹ ਇਹ ਨਵਾਂ ਬਿਲ ਪਾਰਲੀਮੈਂਟ ਤੋਂ ਪਾਸ ਕਰਵਾਣ। ਅੰਨਾ ਜੀ ਨੇ ਸਰਕਾਰ ਨੂੰ ਮਜਬੂਰ ਕਰਕੇ ੨੪ ਘੰਟਿਆਂ ਵਿੱਚ ਆਪਣੀ ਗੱਲ ਮਨਵਾ ਲਈ। ਸਾਡੇ ਲੀਡਰ ਵੱਧ ਤੋਂ ਵੱਧ ਅਖਬਾਰ ਵਿਚ ਬਿਆਨ ਦੇਣ ਤਕ ਹੀ ਜਿਤ ਸਮਝਦੇ ਹਨ। ਵਿਧਾਨਕ ਕਾਰਵਾਈ ਤੋਂ ਦੂਰ ਜਾਂਦੇ ਹਨ। ਇਹ ਅਕਾਲੀ ਜਾਂ ਕਾਂਗਰਸ ਪਾਰਟੀ ਦਾ ਸਵਾਲ ਨਹੀਂ, ਹਰ ਸਿੱਖ ਦਾ ਹੈ। ਆਪਣੇ ਐਮ. ਪੀ. ਨੂੰ ਜ਼ੋਰ ਦੇਕੇ ਆਖੋ ਕਿ ਉਹ ਇਹ ਸੇਵਾ ਤਾਂ ਘੱਟ ਤੋਂ ਘੱਟ ਕਰਨ।

ਸਾਡੀਆਂ ਮੰਗਾਂ ਬੜੀਆਂ ਹਨ, ਪਰ ਬੁਨਿਆਦੀ ਹੱਕੀ ਮੰਗ ਹੈ ਕਿ ਧਾਰਾ ੨੫ ਵਿਚ ਤਰਮੀਮ ਤੇ ਅਨੰਦ ਮੈਰਜ ਐਕਟ ਵਿਚ ਰਜਿਸਟਰੇਸ਼ਨ ਮੱਦ ਤੇ ਦਰਜ ਕਰਵਾਣਾ। ਭਾਰਤ ਸਰਕਾਰ ਮਹਿਸੂਸ ਕਰੇ ਕਿ ਇੰਦਾਂ ਕਰਨ ਨਾਲ ਅਸੀਂ ਕਿਸੇ ਦੀ ਵੀ ਵਿਰੋਧਤਾ ਨਹੀਂ ਕਰ ਰਹੇ। ਸਾਰੇ ਧਰਮ ਇਹ ਹੱਕ ਲੈ ਚੁਕੇ ਹਨ। ਹਿੰਦੂ, ਮੁਸਲਮਾਨ, ਈਸਾਈ, ਪਾਰਸੀ, ਯਹੂਦੀ, ਸਾਰੇ ਵੱਖਰੇ ਧਰਮ ਦੀ ਮਾਨਤਾ ਰਖਦੇ ਹਨ। ਸਾਡਾ ਕੀ ਕਸੂਰ ਹੈ ? ਕਿਉਂ ਸਰਕਾਰ ਸਾਡੀ ਮੰਗ ਨੂੰ ਸਵੀਕਾਰ ਨਹੀਂ ਕਰਦੀ?

*ਸਾਬਕਾ ਚੇਅਰਮੈਨ*
*ਕੌਮੀ ਘਟ ਗਿਣਤੀ ਕਮਿਸ਼ਨ*
*ਭਾਰਤ ਸਰਕਾਰ*



Namdhari Elibrary NamdhariElibrary@gmail.com

# ਕੂਕਾ ਲਹਿਰ ਦਾ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਯੋਗਦਾਨ

*—ਜਗਦੀਸ਼ ਸਿੰਘ ਵਰਿਆਮ*



ਸ਼ਬਦ 'ਕੂਕਾ' ਜਾਂ 'ਨਾਮਧਾਰੀ' ਸਮ-ਅਰਥੀ ਹਨ। ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਗ੍ਰੰਥ ਪੰਥ ਪ੍ਰਕਾਸ਼ ਵਿਚ ਲਿਖਦੇ ਹਨ-

"ਸਹੀ ਨਾਮ ਨਾਮਧਾਰੀ ਆਹਿ
ਤਿਨ ਕਾ ਉਧਾਰੀ
ਕੂਕ ਮਾਰਨੇ ਤੈ ਕੂਕੇ ਜਗਤ ਬਖਾਨ ਹੈ"

ਕੂਕਾ ਜਾਂ ਨਾਮਧਾਰੀ ਲਹਿਰ ਦਾ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਮੋਹਰੀ ਅਸਥਾਨ ਹੈ। ਇਹ ਸੰਗਰਾਮ ਭਾਰਤ ਉਤੇ ਅੰਗਰੇਜ਼ ਸਾਮਰਾਜ ਦੇ ਮੁਕੰਮਲ ਕਬਜ਼ੇ ਤੋਂ ਸੱਤ ਸਾਲ ਬਾਅਦ ਹੀ ਸ਼ੁਰੂ ਹੋ ਗਿਆ ਸੀ। ਇਤਿਹਾਸਕਾਰ ਸ. ਨਾਹਰ ਸਿੰਘ ਦੇ ਸ਼ਬਦ ਹਨ-

"ਅੰਗਰੇਜ਼ਾਂ ਨੇ ੧੮੪੯ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਪੁਤਰ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਲਾਹ ਕੇ ਪੰਜਾਬ ਨੂੰ ਆਪਣੀ ਅਮਲਦਾਰੀ ਨਾਲ ਮਿਲਾ ਲਿਆ। ਇਸ ਨਾਲ ਅੰਗਰੇਜ਼ੀ ਰਾਜ ਦੀਆਂ ਹੱਦਾਂ ਹਿੰਦੁਸਤਾਨ ਵਿਚ ਹਿੰਦ ਸਾਗਰ ਤੋਂ ਲੈ ਕੇ ਸਿੰਧ ਦਰਯਾ ਤੋਂ ਪਾਰ ਖੈਬਰ ਤੱਕ ਪੁੱਜ ਗਈਆਂ। ਇਸ ਤੋਂ ਸੱਤ ਸਾਲ ਬਾਅਦ ਸੰਮਤ ੧੯੧੪ ਵਿਚ ਨਾਮਧਾਰੀ ਲਹਿਰ ਦੀ ਬੁਨਿਆਦ ਰੱਖੀ ਗਈ। ਇਸ ਲਹਿਰ ਦਾ ਸਿੱਧਾ ਅਸਰ ਸਿੱਖੀ ਧਰਮ ਪਰਚਾਰ, ਸਿਖੀ ਜੀਵਨ ਅਤੇ ਪੰਜਾਬ ਦੀ ਸਿਆਸਤ ਤੇ ਪਿਆ। ਨੱਬੇ ਸਾਲ ਯਾ ਸੰਨ ੧੯੪੭ ਤਕ ਅੰਗਰੇਜ਼ੀ ਹਕੂਮਤ ਦੇ ਵਦੇਸ਼ੀ ਅਤੇ ਦੇਸੀ ਕਰਮਚਾਰੀਆਂ ਨੂੰ ਇਸ ਲਹਿਰ ਦੀ ਸੁਆਹ ਦੇ ਢੇਰਾਂ ਵਿਚੋਂ ਭੀ ਐਸੀਆਂ ਚੰਗਿਆੜੀਆਂ ਦੇ ਭੁਲੇਖੇ ਅਤੇ ਭੁਚੱਕੇ ਪੈਂਦੇ ਰਹੇ ਜੋ ਕਿਸੇ ਵਕਤ ਭਾਂਬੜ ਦੀ ਸ਼ਕਲ ਅਖਤਿਆਰ ਕਰਕੇ ਹਕੂਮਤ ਲਈ ਖੌਫਨਾਕ ਤਬਾਹੀ ਦਾ ਕਾਰਨ ਬਣ ਸਕਦੀਆਂ ਸਨ। ਅਨਿਆਏ, ਜ਼ੁਲਮ, ਜਬਰ, ਧੱਕਾ ਸਖਤੀਆਂ, ਕੈਦਾਂ, ਝੂਠੇ ਮੁਕੱਦਮੇ ਅਤੇ ਜਾਇਦਾਦਾਂ ਦੀਆਂ ਜ਼ਬਤੀਆਂ ਆਦਿ ਹਕੂਮਤ ਦੇ ਹਥਿਆਰ ਨਾਮਧਾਰੀਆਂ ਨੂੰ ਨਾਸ ਕਰਨ ਵਿਚ ਅਸਫਲ ਹੋਏ"...

ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਵਿਚ ਇਸ ਸੰਘਰਸ਼ਸ਼ੀਲ ਜਥੇਬੰਦੀ ਨੇ ਆਜ਼ਾਦੀ ਹਾਸਲ ਕਰਨ ਵਾਸਤੇ, ਨਾ-ਮਿਲਵਰਤਨ ਅਤੇ ਸੁਦੇਸ਼ੀ ਨੂੰ ਇਕ ਅਹਿਮ ਰਾਜਸੀ ਹਥਿਆਰ ਵਜੋਂ ਈਜਾਦ ਕੀਤਾ ਅਤੇ ਸਰਗਰਮੀ ਨਾਲ ਵਰਤਿਆ। ਆਪਣਾ ਨਿਆਂ ਪਰਬੰਧ ਕਾਇਮ ਕੀਤਾ, ਸਰਕਾਰੀ ਸਿਖਿਆ ਪ੍ਰਬੰਧ, ਸਕੂਲਾਂ, ਡਾਕਖਾਨਿਆਂ ਆਵਾਜਾਈ ਦੇ ਸਾਧਨਾਂ ਦਾ ਮੁਕੰਮਲ ਬਾਈਕਾਟ ਕੀਤਾ। ਦੇਸੀ ਹੱਥ ਦੇ ਬੁਣੇ ਕਪੜੇ, ਦੇਸੀ ਰਹਿਣ ਸਹਿਣ ਅਤੇ ਬੋਲਬਾਣੀ ਦੀ ਵਰਤੋਂ ਕਰਦਿਆਂ ਪੱਛਮੀ ਰਸਮੋ ਰਿਵਾਜ, ਵਸਤੂਆਂ ਦਾ ਵਹਿਸ਼ਕਾਰ ਵੀ ਕੀਤਾ ਅਤੇ ਆਪਣੇ ਮੰਤਵ ਤੇ ਚਲਦਿਆਂ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ, ਫਾਂਸੀਆਂ ਦੇ ਰੱਸੇ ਚੁੰਮੇ, ਤੋਪਾਂ ਅਗੇ ਉੜ ਕੇ ਸ਼ਹੀਦੀਆਂ ਪਾਈਆਂ, ਕੁਰਕੀਆਂ, ਜੇਹਲਾਂ, ਜੂਹਬੰਦੀਆਂ ਅਤੇ ਜਲਾਵਤਨੀਆਂ ਦੀਆਂ ਸਜ਼ਾਵਾਂ ਵੀ ਭੁਗਤੀਆਂ।

ਸੰਨ ੧੮੧੮ ਵਿਚ ਅੰਗਰੇਜ਼ ਹਕੂਮਤ ਨੇ ਇਕ ਬੰਗਾਲ ਰੈਗੂਲੇਸ਼ਨ ਐਕਟ ਬਣਾਇਆ ਸੀ। ਇਸ ਦੀ ਧਾਰਾ ਤਿੰਨ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਬਗੈਰ ਮੁਕੱਦਮਾ ਚਲਾਇਆਂ ਬਗੈਰ ਦੋਸ਼ ਸਾਬਤ ਕੀਤਿਆਂ, ਬਗੈਰ ਵਕੀਲ, ਅਪੀਲ-ਦਲੀਲ ਦੇ ਕੈਦ ਕੀਤਾ ਜਾ ਸਕਦਾ ਸੀ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਸੀ। ਸੰਨ ੧੮੧੮ ਵਿਚ ਬਣੇ ਇਸ ਐਕਟ ਦਾ ਪਹਿਲੀ ਵਾਰ ਪ੍ਰਯੋਗ ੫੪ ਸਾਲ ਬਾਦ ਗੁਰੂ ਰਾਮ ਸਿੰਘ ਜੀ ਅਤੇ ਓਹਨਾਂ ਦੇ ਪੈਰੋਕਾਰ ਕੂਕਿਆਂ ਤੇ ਕੀਤਾ ਗਿਆ। ਸਤਿਗੁਰੂ ਰਾਮ ਸਿੰਘ ਨੂੰ ਉਹਨਾਂ ਦੇ ਮੁਖੀ ਸਿੱਖਾਂ ਜਿਹਨਾਂ ਨੂੰ ਸੂਬੇ ਕਿਹਾ ਜਾਂਦਾ ਸੀ, ਸਮੇਤ ਸ੍ਰੀ ਭੈਣੀ ਸਾਹਿਬ ਨਾਮਧਾਰੀ ਮੁਖ ਕੇਂਦਰ ਤੋਂ ਗ੍ਰਿਫਤਾਰ ਕਰਕੇ ਪਹਿਲਾਂ ਅਲਾਹਬਾਦ ਵਿਸ਼ੇਸ਼ ਰੇਲ ਗੱਡੀ ਤੇ ਭੇਜਿਆ ਗਿਆ। ਫੇਰ ਗੁਰੂ ਸਾਹਿਬ ਨੂੰ ਤਾਂ ਬਰਮਾ ਦੇਸ਼ ਵਿਚ ਰੰਗੂਨ ਸ਼ਹਿਰ ਵਿਚ ਉਸ ਬੰਗਲੇ ਵਿਚ ਰਖਿਆ ਗਿਆ ਜਿਥੇ ਆਖਰੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨੂੰ ਰੱਖਿਆ ਗਿਆ ਸੀ। ਉਸ ਤੋਂ ਬਾਦ ਮਰਗੋਈ ਜਿਹੇ ਟਾਪੂਆਂ ਤੇ ਰਖਿਆ ਗਿਆ। ਦੂਸਰੇ ਸੂਬੇ, ਦੇਸ਼ ਵਿਦੇਸ਼ ਦੀਆਂ ਥਾਵਾਂ, ਹਜ਼ਾਰੀ ਬਾਗ, ਮੌਲਮੀਨ, ਚਿਨਾਰ, ਅਦਨ ਆਦਿ ਥਾਵਾਂ ਤੇ ਨਜ਼ਰਬੰਦ ਕੀਤੇ ਗਏ।

ਮਲੇਰਕੋਟਲਾ ਵਿਚ ੧੭-੧੮ ਜਨਵਰੀ ੧੮੭੨ ਨੂੰ ਦੋ ਦਿਨਾਂ ਵਿਚ ੬੬ ਕੂਕੇ ਸਿੰਘਾਂ ਨੂੰ ਆਮ ਲੋਕਾਈ ਦੇ ਸਾਹਮਣੇ ਤੋਪਾਂ ਨਾਲ ਉੜਾ ਦਿੱਤਾ ਗਿਆ। ਕਲਕੱਤਾ ਤੋਂ ਨਿਕਲਣ ਵਾਲੇ ਅੰਗਰੇਜ਼ੀ ਅਖਬਾਰ "ਦੀ ਇੰਗਲਿਸ਼ ਮੈਨ" ਨੇ ੩੧ ਜਨਵਰੀ ੧੮੭੨ ਨੂੰ ਇਵੇਂ ਖਬਰ ਦਿੱਤੀ ਸੀ—



Namdhari Elibrary NamdhariElibrary@gmail.com

"ਕੂਕਿਆਂ ਦੇ ਮਲੇਰਕੋਟਲੇ ਵਿਖੇ ਸ਼ਹਾਦਤ ਦੇ ਸਮੇਂ ਉਥੇ ਦੇਸ਼ਵਾਸੀਆਂ ਦੀ ਇਕ ਤਗੜੀ ਭੀੜ ਇਸ ਭਿਆਨਕ ਸਾਕੇ ਨੂੰ ਵੇਖਣ ਲਈ ਇਕੱਠੀ ਹੋ ਗਈ ਅਤੇ ਸਾਨੂੰ ਦੇਸੀ ਸੂਤਰਾਂ ਤੋਂ ਪਤਾ ਲਗਾ ਹੈ ਕਿ ਇਸ ਦਾ ਸਾਰੀ ਖਲਕਤ ਤੇ ਬਹੁਤ ਅਸਰ ਪਿਆ।

ਨੌ ਤੋਪਾਂ ਪੁਜ਼ੀਸ਼ਨ ਵਿਚ ਰੱਖੀਆਂ ਗਈਆਂ ਸਨ ਜਿਨ੍ਹਾਂ ਵਿਚੋਂ ਸੱਤ ਮੌਤ ਦੇ ਕਾਰੇ ਵਾਸਤੇ ਸਨ ਜਦ ਕਿ ਦੋ ਰਾਖੀ ਲਈ ਸਨ। ਪਿਆਦਾ ਫੌਜ ਦੀਆਂ ਛੇ ਕੰਪਨੀਆਂ ਅਤੇ ਚਾਰ ਸੌ ਘੋੜ ਸਵਾਰ ਮੈਦਾਨ ਦੀ ਰਾਖੀ ਕਰ ਰਹੇ ਸਨ। ਦਰਸ਼ਕਾਂ ਵਿਚ ਹਜ਼ਾਰਾਂ ਔਰਤਾਂ ਤੋਂ ਇਲਾਵਾ ਮਲੇਰਕੋਟਲਾ ਅਤੇ ਆਲੇ ਦੁਆਲੇ ਦੇ ਨਗਰਾਂ ਅਤੇ ਪਿੰਡਾਂ ਦੀ ਸਾਰੀ ਮਰਦਾਨਾ ਆਬਾਦੀ ਸੀ। ਓਹਨਾਂ ਜਿਹੜਾ ਨਜ਼ਾਰਾ ਵੇਖਿਆ ਉਸ ਨੂੰ ਜਦੋਂ ਵੀ ਯਾਦ ਕਰਨਗੇ ਡਰ ਭਾਓ ਨਾਲ ਹੀ ਕਰਨਗੇ..."

ਮਲੇਰਕੋਟਲਾ ਵਿਚ ਵਾਪਰਨ ਵਾਲਾ ਨਰਸਿੰਘਾਰ ਦਾ ਇਕ ਅਤੀ ਭਿਆਨਕ ਸਾਕਾ, ਇਸ ਤੋਂ ਪਹਿਲਾਂ ਅੰਮ੍ਰਿਤਸਰ, ਰਾਇਕੋਟ ਆਦਿ ਥਾਵਾਂ ਤੇ ਹੋਏ ਸ਼ਹੀਦੀ ਸਾਕਿਆ ਅਤੇ ਫਾਂਸੀ ਸਮਾਗਮਾਂ ਦਾ ਸਿਖਰ ਸੀ। ਓਪਰੀ ਨਜ਼ਰ ਨਾਲ ਵੇਖਿਆਂ ਭਾਵੇਂ ਇਹ ਸਾਕੇ ਪੰਜਾਬ ਵਿਚ ਸ਼ੁਰੂ ਕੀਤੀ ਗਈ ਗਊ-ਕਸ਼ੀ ਦੀ ਸਮੱਸਿਆ ਅਤੇ ਉਸ ਦੇ ਫਲਸਰੂਪ ਨਾਮਧਾਰੀ ਸਿੰਘਾਂ ਵਲੋਂ ਬੁੱਚੜ ਬੱਧ ਦੀਆਂ ਕਾਰਵਾਈਆਂ ਦੇ ਸਿੱਟੇ ਵਜੋਂ ਵਾਪਰੇ ਜਾਪਦੇ ਹਨ ਪਰ ਇਹਨਾਂ ਦਾ ਮੂਲ ਕਾਰਨ ਅੰਗਰੇਜ਼ੀ ਸਰਕਾਰ ਵਿਰੁਧ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਚਲਾਈ ਜਾ ਰਹੀ ਪ੍ਰਚਾਰ ਮੁਹਿੰਮ ਦੀ ਲੋਕਪ੍ਰਿਅਤਾ ਸੀ।

ਕੂਕਾ ਪਰਚਾਰ ਨੇ ਪੰਜਾਬ ਵਿਚ ਤਰਥਲੀ ਮਚਾ ਦਿੱਤੀ ਸੀ। ਕੂਕਿਆਂ ਦੀ ਢੋਲਕ ਦੀ ਗੂੰਜ ਪਿੰਡ ਪਿੰਡ ਪੈਣ ਲੱਗੀ ਅਤੇ ਇਹ ਬੋਲ ਬਹੁਤ ਜੋਸ਼ ਨਾਲ ਗੂੰਜਣ ਲੱਗੇ—

—ਨਹੀਂ ਰਹਿਣੀ ਸਰਕਾਰ ਜ਼ਾਲਮ ਨਹੀਂ ਰਹਿਣੀ
—ਦਿਨ ਤਾਂ ਰਹਿ ਗਏ ਥੋਹੜੇ ਹੁਣ ਕੀ ਵੇਖਨੈ
ਭੱਜੇ ਜਾਂਦੇ ਗੋਰੇ ਹੁਣ ਕੀ ਵੇਖਨੈ
—ਅਸਾਂ ਹਿੰਦ ਵਿਚ ਗਦਰ ਮਚਾਉਣਾ
ਕਢਣਾ ਫਿਰੰਗੀਆਂ ਨੂੰ

ਨਾਮਧਾਰੀ ਜਥੇਦਾਰ ਢੋਲਕ ਛੈਣਿਆਂ ਨਾਲ ਐਸਾ ਜ਼ਬਰਦਸਤ ਕੀਰਤਨ ਕਰਦੇ ਕਿ ਇਸ ਸ਼ੈਲੀ ਦਾ ਨਾਮ ਹੀ 'ਹੱਲੇ ਦਾ ਦੀਵਾਨ' ਪੈ ਗਿਆ ਅਤੇ ਉਚੀਆਂ ਸੁਰਾਂ ਵਿਚ ਜੋਸ਼ੀਲੇ ਬੋਲਾਂ ਕਰਕੇ ਵੀ ਨਾਮਧਾਰੀਆਂ ਦਾ ਨਾਂਅ ਕੂਕੇ ਪ੍ਰਸਿੱਧ ਹੋ ਗਿਆ। ਗੁਰੂ ਰਾਮ ਸਿੰਘ ਜੀ ਦਾ ਸਾਮਰਾਜ ਵਿਰੋਧੀ ਪਰਚਾਰ ਸਭ ਤੋਂ ਵਧ ਕਾਰਗਰ ਢੰਗ ਨਾਲ ਇਹਨਾਂ ਹੱਲੇ ਦੇ ਦੀਵਾਨਾਂ ਨੇ ਕੀਤਾ। ਇਕ ਉਚ ਅਫਸਰ ਕਰਨਲ ਆਰ. ਜੀ. ਟੇਲਰ, ਕਮਿਸ਼ਨਰ ਅਤੇ ਸੁਪਰਡੰਟ ਅੰਬਾਲਾ ਨੇ ਸੰਨ ੧੮੬੬ ਵਿਚ ਪੰਜਾਬ ਸਰਕਾਰ ਨੂੰ ਲਿਖੀ ਇਕ ਵਿਸਥਾਰਤ ਚਿੱਠੀ ਵਿਚ ਕਿਹਾ ਸੀ ਕਿ ਇਹ ਮੇਰਾ ਪੱਕਾ ਨਿਸਚਾ ਹੈ ਕਿ ਇਹ ਨੌਜਵਾਨ ਕੂਕੇ ਦੇਰ ਸਵੇਰ ਜ਼ਰੂਰ ਜੰਗ ਕਰਨਗੇ...

ਇਸ ਲਈ ਕਿਸੇ ਕਾਇਦੇ ਕਾਨੂੰਨ ਨੂੰ ਛਿੱਕੇ ਟੰਗ ਕੇ ਕੂਕਿਆਂ ਉਤੇ ਦਮਨ ਚੱਕਰਾਂ ਦੀ ਝੜੀ ਲਾਉਣ ਲਈ, ਆਜ਼ਾਦੀ ਦੇ ਅੰਦੋਲਨ ਨੂੰ ਬੁਰੀ ਤਰ੍ਹਾਂ ਕੁਚਲਣ ਲਈ ਹਕੂਮਤ ਨੇ ਇਹਨਾਂ ਵਾਰਦਾਤਾਂ ਨੂੰ ਬਹਾਨਾ ਬਣਾਇਆ। ਅਸਲ ਗੱਲ ਮਲੇਰਕੋਟਲਾ ਜਥੇ ਦੇ ਸਰਦਾਰ ਹੀਰਾ ਸਿੰਘ ਅਤੇ ਖੂਨੀ ਕਾਂਡ ਦੇ ਪ੍ਰਮੁੱਖ ਡੀ. ਸੀ. ਕਾਵਨ ਵਿਚਾਲੇ ਹੋਈ ਵਾਰਤਾਲਾਪ ਵਿਚੋਂ ਲਭਦੀ ਹੈ। 'ਸਤਿਗੁਰੂ ਬਿਲਾਸ' ਗ੍ਰੰਥ ਵਿਚ ਇਸਦਾ ਜ਼ਿਕਰ ਇਵੇਂ ਹੈ-

"ਬਿੱਲੇ ਨੇ ਹੀਰਾ ਸਿੰਘ ਸੇ ਪੁੱਛਿਆ ਤੁਮ ਨੇ ਕਿਓਂ ਗਦਰ ਮਚਾਇਆ ਹੈ। ਹੀਰਾ ਸਿੰਘ ਨੇ ਕਿਹਾ, "ਅਸੀਂ ਫਿਰੰਗੀਆਂ ਦਾ ਰਾਜ ਨਹੀਂ ਚਾਹੁੰਦੇ, ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਜਦ ਤਕ ਥੋਡਾ ਰਾਜ ਨਹੀਂ ਮੁਕਦਾ ਗਦਰ ਮਚਾਵਾਂਗੇ। ਸਿਰ ਲਵਾਂਗੇ ਤੇ ਦਵਾਂਗੇ, ਥੁਆਨੂੰ ਏਥੋਂ ਕੱਢ ਕੇ ਸਾਹ ਲਵਾਂਗੇ। ਮੁੜ ਮੁੜ ਜੰਮਾਂਗੇ ਤੇ ਤੁਹਾਨੂੰ ਮਾਰਾਂਗੇ....ਬਿੱਲਾ ਬੋਲਿਆ ਹਮ ਜਾਨਤੇ ਹੈ ਤੁਮਨੇ ਰਾਜ ਕੇ ਲੀਏ ਗਦਰ ਮਚਾਇਆ ਪਰ ਰਾਜ ਸਾਨੂੰ ਖੁਦਾ ਕਾ ਦੀਆ ਹੋਇਆ ਹੈ। ਸਾਥੋਂ ਐਵੇਂ ਨਹੀਂ ਖੋਹਿਆ ਜਾ ਸਕਦਾ...."

ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਦੋ ਪ੍ਰਤੱਖ ਧਾਰਾਵਾਂ ਦਿਸਦੀਆਂ ਹਨ। ਇਕ ਤਾਂ ਹਥਿਆਰਬੰਦ ਜਦੋ-ਜਹਿਦ ਹੈ ਜਿਸ ਵਿਚ ਪ੍ਰਮੁੱਖ ਦਿਸਦੇ ਨਾਮ ਹਨ— ਸ਼ਹੀਦ ਭਗਤ ਸਿੰਘ ਤੇ ਸਾਥੀ, ਗਦਰ ਪਾਰਟੀ ਦੇ ਬਾਬੇ, ਨੇਤਾ ਜੀ ਸੁਭਾਸ਼ ਚੰਦਰ ਬੋਸ, ਬਬਰ ਅਕਾਲੀ ਅਤੇ ਅਜਿਹੇ ਅਨੇਕਾਂ ਹੀ ਸੂਰਮੇ; ਅਤੇ ਦੂਸਰੇ ਹਨ ਇੰਡੀਅਨ ਨੈਸ਼ਨਲ ਕਾਂਗਰਸ ਜਿਸ ਦੇ ਪ੍ਰਮੁੱਖ ਨੇਤਾ ਸਨ ਮਹਾਤਮਾ ਗਾਂਧੀ ਜੀ, ਪੰਡਿਤ ਜਵਾਹਰ ਲਾਲ, ਬਾਬੂ ਰਾਜਿੰਦਰ ਪ੍ਰਸਾਦ ਅਤੇ ਹੋਰ ਨੇਤਾ ਜੋ ਭਾਰਤ ਦੇ ਆਜ਼ਾਦ ਹੋਣ ਬਾਦ ਹਕੂਮਤ ਦੇ ਸਰਬਰਾਹ ਬਣੇ। ਇਹਨਾਂ ਦਾ ਅੰਦੋਲਨ ਅਹਿੰਸਕ ਅਤੇ ਸ਼ਾਂਤਮਈ ਸੀ।

ਇਹ ਦੋਵਾਂ ਹੀ ਰਸਤਿਆਂ ਦੇ ਧਾਰਨੀ ਨੇਤਾਵਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਏ ਅੰਦੋਲਨ ਦੀ ਪਰਸੰਸਾ ਕੀਤੀ ਹੈ। ਦੋਵੇਂ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਕੂਕਾ ਅੰਦੋਲਨ ਤੋਂ ਪ੍ਰਭਾਵਤ ਸਨ। ਸਤਿਗੁਰੂ ਰਾਮ ਸਿੰਘ ਜੀ ਖੁਦ ਵੀ ਆਜ਼ਾਦੀ ਸੰਗਰਾਮ ਦੇ ਇਹਨਾਂ ਦੋਹਾਂ ਰਸਤਿਆਂ ਤੋਂ



Namdhari Elibrary NamdhariElibrary@gmail.com

ਵਾਕਫ਼ ਸਨ। ਇਹਨਾਂ ਦੋਹਾਂ ਰਾਹਾਂ ਤੇ ਕੂਕਾ ਮੂਵਮੈਂਟ ਚੱਲੀ, ਪਰ ਇਸ ਸੰਬੰਧ ਵਿਚ ਗੁਰੂ ਰਾਮ ਸਿੰਘ ਜੀ ਦੀ ਆਪਣੀ ਟਿਪਣੀ ਬਹੁਤ ਮਹੱਤਵਪੂਰਨ ਅਤੇ ਦਿਲਚਸਪ ਹੈ। ਬਾਬਾ ਸੰਤੋਖ ਸਿੰਘ ਦੇ ਗ੍ਰੰਥ "ਸਤਿਗੁਰੂ ਬਿਲਾਸ" ਵਿਚ ਇਕ ਜ਼ਿਕਰ ਹੈ– ਜਿਸ ਦਿਨ ਮਾਲੇਰਕੋਟਲਾ ਵਿਖੇ ਨਾਮਧਾਰੀ ਸਿੰਘ ਤੋਪਾਂ ਨਾਲ ਸ਼ਹੀਦ ਕੀਤੇ ਜਾ ਰਹੇ ਸਨ ਤਾਂ ਸਤਿਗੁਰੂ ਰਾਮ ਸਿੰਘ ਜੀ ਸਿਆਹੜ ਪਿੰਡ ਵਿਚ ਸਨ ਉਸ ਵਕਤ ਦੇ ਪ੍ਰਸੰਗ ਵਿਚ ਜ਼ਿਕਰ ਇਵੇਂ ਹੈ-

"ਸ੍ਰੀ ਸਤਿਗੁਰੂ ਸਿਆਹੜ ਉਤਰੇ ਹੋਏ ਸੇ। ਕਾਹਨ ਸਿੰਘ ਨੂੰ ਬਚਨ ਕੀਤਾ-ਦੇਖ ਤਾਂ ਤੋਪ ਭਰਮਾਰ ਹੈ। ਜਾਂ ਆਵਾਜ਼ਾ ਸੁਣਿਆ ਤਾਂ ਕਹਿਣਾ ਲੱਗਾ-ਤੋਪ ਭਰਮਾਰ ਹੈ। ਸਤਿਗੁਰੂ ਜੀ ਬਚਨ ਕੀਤਾ-ਚੜ੍ਹ ਗਏ ਹੈਂ, ਨਹੀਂ ਤਾਂ ਬੇਸਿਦਕ ਹੋਣਾ ਪੈਂਦਾ...ਹੁਣ ਚੰਗਾ ਹੋਇਆ। ਬਚਨ ਹੋਇਆ-ਦੋਇ ਸ਼ਸਤਰ ਹੈਂ...ਇਕ ਤਾਂ ਨੀਵਾਂ ਹੋਇ ਜਾਣਾ, ਦੂਜਾ ਇਹ ਹੈ...ਹਾਥ ਮੇ ਆਏ ਭਾਵੇਂ ਛਿੱਤਰ ਹਾਥ ਮੇਂ ਆਇ ਜਾਇ ਤਾਂ ਅੱਗੇ ਨੂੰ ਜਾਇ, ਪਿਛੇ ਨਾ ਮੁੜੇ...ਸਿਰ ਭਾਵੇਂ ਜਾਏ। ਅਗੇ ਜਾਣਾ ਸੂਰਮੇ ਦਾ ਧਰਮ ਹੈ ਪਰ ਨਿਮਖੀ ਕਾ ਸ਼ਸਤਰ ਥੌੜਾ ਹੈ।"

ਸੂਰਮੇ ਦਾ ਧਰਮ ਅਤੇ ਨਿਮਖੀ ਕਾ ਸ਼ਸਤਰ" ਦੀ ਵਰਤੋਂ ਵਿਚ ਨਾਮਧਾਰੀ ਸਿੰਘਾਂ ਨੇ ਕਮਾਲ ਕਰ ਵਿਖਾਇਆ। ਡਾ. ਫੌਜਾ ਸਿੰਘ ਆਪਣੀ ਇਤਿਹਾਸ ਪੁਸਤਕ 'ਕੂਕਾ ਮੂਵਮੈਂਟ' ਵਿਚ ਲਿਖਦੇ ਹਨ-

"They attacked like heroes in the full knowledge of fact that their intention was already known to The Government, they fought like heroes, they surrendered like heroes and the most important of all they died like heroes.

ਉਹ ਸੂਰਮਿਆਂ ਵਾਂਗ ਲੜੇ, ਉਹ ਸੂਰਮਿਆਂ ਵਾਂਗ ਗ੍ਰਿਫਤਾਰ ਹੋਏ ਅਤੇ ਸੂਰਮਿਆਂ ਵਾਂਗ ਸ਼ਹੀਦ ਹੋਏ...

ਪੰਜਾਬੀ ਹਿੰਦੀ ਦੇ ਸੁਪ੍ਰਸਿੱਧ ਵਿਦਵਾਨ ਡਾ. ਹਰਿਭਜਨ ਸਿੰਘ ਦੀ ਇਕ ਮਹੱਤਵਪੂਰਨ ਟਿਪਣੀ ਇਥੇ ਦੇਣੀ ਬਹੁਤ ਜ਼ਰੂਰੀ ਹੈ ਜੋ ਇਵੇਂ ਹੈ–

"ਸਤਿਗੁਰੂ ਰਾਮ ਸਿੰਘ ਜੀ ਦੀ ਉਪਦੇਸ਼ੀ ਹੋਈ ਅਧਿਆਤਮਿਕਤਾ ਦਾ ਵਿਲੱਖਣ ਸਰੂਪ ਇਹ ਹੈ ਕਿ ਉਹ ਅਧਿਆਤਮਿਕਤਾ ਨੂੰ ਸੂਰਬੀਰਤਾ ਨਾਲ ਇਕਮਿਕ ਕਰ ਦਿੰਦੇ ਹਨ। ਏਸੇ ਸਰੂਪ ਦੀ ਪਾਲਣਾ ਕਰਦੇ ਹੋਏ ਅੰਮ੍ਰਿਤਸਰ ਵਿਚ ਗਊ ਰੱਖਿਆ ਸਬੰਧੀ ਸਾਕਾ ਹੋਇਆ ਅਤੇ ਸੂਰਬੀਰ ਸੰਤਾਂ ਨੇ ਹੱਸ ਹੱਸ ਕੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਇਸ ਸਾਕੇ ਦਾ ਇਕ ਜੁੜਵਾਂ ਕਾਰਨ ਇਹ ਵੀ ਸੀ ਕਿ ਇਹ ਸੰਤ ਸਿਪਾਹੀ ਸ੍ਰੀ ਹਰਿਮੰਦਰ ਸਾਹਿਬ ਦੀ ਦੈਵੀ ਪਵਿੱਤਰਤਾ ਦੀ ਰੱਖਿਆ ਕਰਨਾ ਚਾਹੁੰਦੇ ਸਨ।

ਦੈਵੀ ਤਪੱਸਿਆ ਅਤੇ ਧਰਤੀ ਦੀ ਆਜ਼ਾਦੀ ਸਬੰਧੀ ਸਮੱਸਿਆਵਾਂ ਇਹਨਾਂ ਸੂਰਬੀਰ ਸੰਤਾਂ ਦੀ ਨਜ਼ਰ ਵਿਚ ਇਕ ਦੂਜੀ ਤੋਂ ਵੱਖਰੀਆਂ ਨਹੀਂ ਸਨ। ਦੇਸ਼ ਦੀਆਂ ਆਜ਼ਾਦੀ ਲਈ ਲੜਨਾ ਵੀ ਉਹਨਾਂ ਵਾਸਤੇ ਉਹਨਾਂ ਦੀ ਦੈਵੀ ਸਾਧਨਾ ਦਾ ਹੀ ਇਕ ਅੰਗ ਸੀ। ਪਰਮਾਤਮਾ ਨਾਲ ਜੁੜਨ ਵਾਲੇ ਸਤਿਗੁਰੂ ਜੀ ਬੜੀ ਸਪਸ਼ਟਤਾ ਨਾਲ ਉਪਦੇਸ਼ ਦੇਂਦੇ ਹਨ ਕਿ ਅੰਗਰੇਜ਼ ਦੀ ਨੌਕਰੀ ਨਹੀਂ ਕਰਨੀ-

-ਹੋਰ ਭਾਈ ਏਨਾ ਦਾ ਨੌਕਰ ਕੋਈ ਨਾ ਰਹੇ। ਜੋ ਰਹੂ ਸੋ ਬਹੁਤ ਔਖਾ ਹੋਊਗਾ। ਏਨਾ ਨੂੰ ਤਾਂ ਗੁਰੂ ਸਾਹਿਬ ਦਾ ਅਨਿਕ ਭਾਂਤ ਦੀ ਮਾਰ ਦਾ ਹੁਕਮ ਹੈ ਅਗੇ ਗੁਰੂ ਜਾਣੇ...

(ਹੁਕਮਨਾਮਾ-੩)

ਲੋਕ ਅਤੇ ਪਰਲੋਕ ਦੀ ਏਕਤਾ ਸ੍ਰੀ ਸਤਿਗੁਰੂ ਸਾਹਿਬ ਦੀ ਸੰਯੁਕਤ ਦ੍ਰਿਸ਼ਟੀ ਦਾ ਸਹਿਜ ਕ੍ਰਿਸ਼ਮਾ ਹੈ, ਇਸ ਸੰਯੁਕਤੀ ਨੂੰ ਸਮਝੇ ਬਗੈਰ ਨਾਮਧਾਰੀ ਲਹਿਰ ਦੀ ਸਮਝ ਨਹੀਂ ਆਉਂਦੀ। ਇਹ ਲਹਿਰ ਏਸੇ ਸੰਯੁਕਤੀ ਕਾਰਨ ਮੁਕਤੀ ਅਤੇ ਆਜ਼ਾਦੀ ਦੋਹਾਂ ਦਾ ਪ੍ਰਤੀਕ ਬਣ ਗਈ।

ਪਰਮ ਸ਼ਕਤੀ ਨਾਲ ਜੁੜੇ ਹੋਏ ਇਹ ਲੋਕ ਸਹਿਜੇ ਹੀ ਰਾਜ-ਸੱਤਾ ਨਾਲ ਨਾਮਿਲਵਰਤਨ ਕਰਦੇ ਰਹੇ। ਭਗਤੀ ਵਿਚ ਜੁੜਨਾ ਅਤੇ ਰਾਜਸੀ ਸ਼ਕਤੀ ਤੋਂ ਕਿਨਾਰਾਕਸ਼ੀ ਕਰਨਾ ਇਹਨਾਂ ਸੰਤ ਸਿਪਾਹੀਆਂ ਲਈ ਸਹਿਜ ਸੰਭਵ ਸੀ। ਇਹ ਗੱਲ ਆਮ ਲੋਕਾਂ ਨੂੰ ਏਨੀ ਅਜੀਬ ਜਾਪਦੀ ਰਹੀ ਹੈ ਕਿ ਐਨਸਾਈਕਲੋਪੀਡੀਆ ਬ੍ਰਿਟੇਨਿਕਾ ਤਕ ਦੀ ਇਕ ਇੰਦਰਾਜ ਵਿਚ ਲੇਖਕ ਨੂੰ ਹੈਰਾਨੀ ਨਾਲ ਮੰਨਣਾ ਪਿਆ ਕਿ (ਗੁਰੂ) ਰਾਮ ਸਿੰਘ ਸਿੱਖ ਫਿਲਾਸਫਰ ਤੇ ਸੁਧਾਰਕ ਅਤੇ ਅੰਗਰੇਜ਼ੀ ਵਪਾਰੀ ਮਾਲ ਤੇ ਨੌਕਰੀਆਂ ਪ੍ਰਤੀ ਨਾਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਣ ਵਾਲਾ ਪਹਿਲਾ ਭਾਰਤੀ ਹੈ

"Guru Ram Singh Sikh Philosopher and reformer and the first indian to use non-cooperation and boycott of the British merchandise and services as a political weapon (Encyclopaedia Britanica Vol.8 Page 142)"



Namdhari Elibrary NamdhariElibrary@gmail.com

ਗੁਰੂ ਰਾਮ ਸਿੰਘ ਜੀ ਵਲੋਂ ਅਪਣਾਇਆ ਇਹ ਨਾ-ਮਿਲਵਰਤਨ ਅਤੇ ਅਸਹਿਯੋਗ ਦਾ ਪ੍ਰੋਗਰਾਮ ਮਹਾਤਮਾ ਗਾਂਧੀ ਤੋਂ ਵੀ ੫੦ ਸਾਲ ਪਹਿਲਾਂ ਲਾਗੂ ਕੀਤਾ। ਆਜ਼ਾਦ ਭਾਰਤ ਦੇ ਪਹਿਲੇ ਰਾਸ਼ਟਰਪਤੀ ਬਾਬੂ ਰਾਜਿੰਦਰ ਪ੍ਰਸਾਦ ਜੀ ਨੇ ੧੦ ਮਾਘ ੧੯੯੨ ਦੇ ਸਤਿਜੁਗ ਅਖਬਾਰ ਵਿਚ ਲਿਖਿਆ ਸੀ-

"ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਇਆ, ਉਸ ਕਾ ਗੁਰੂ ਰਾਮ ਸਿੰਘ ਨੇ ਪ੍ਰਾਯ ਪਚਾਸ ਵਰਸ਼ ਪੂਰਵ ਹੀ ਨਾਮਧਾਰੀਓਂ ਮੇਂ ਪ੍ਰਚਾਰ ਕੀਆ ਥਾ। ਉਨਕੇ ਸਿਧਾਂਤੋਂ ਮੇਂ ਪਾਂਚ ਚੀਜ਼ੇਂ ਹੈਂ। (੧) ਸਰਕਾਰੀ ਨੌਕਰੀ ਕਾ ਵਹਿਸ਼ਕਾਰ (੨)-ਸਰਕਾਰੀ ਅਦਾਲਤੋਂ ਕਾ ਵਹਿਸ਼ਕਾਰ (੩)-ਸਰਕਾਰੀ ਸਕੂਲੋਂ ਕਾ ਵਹਿਸ਼ਕਾਰ (੪)-ਬਦੇਸ਼ੀ ਵਸਤਰੋਂ ਕਾ ਵਹਿਸ਼ਕਾਰ (੫)-ਐਸੇ ਕਾਨੂੰਨ ਮਾਨਨੇ ਸੇ ਇਨਕਾਰ ਜੋ ਅਪਨੀ ਆਤਮਾ ਕੇ ਵਿਰੁਧ ਹੋਂ।"

ਪੰਡਿਤ ਜਵਾਹਰ ਜਵਾਹਰ ਲਾਲ ਨਹਿਰੂ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਅਤੇ ਕੂਕਾ ਅੰਦੋਲਨ ਤੋਂ ਪ੍ਰਭਾਵਤ ਸਨ। ਆਪ ਨੇ ਦੋ ਵਾਰ ਕੂਕਾ ਮੁਖ ਕੇਂਦਰ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਵੀ ਕੀਤੀ ਸੀ। ਸਤਿਜੁਗ ਪੱਤਰ ਦੇ ਮਾਘ ੧੯੯੪ ਵਿਸ਼ੇਸ਼ ਅੰਕ ਵਿਚ ਆਪ ਨੇ ਇਵੇਂ ਲਿਖਿਆ ਸੀ-

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਮਾਤਰ ਭੂਮੀ ਨੂੰ ਸੁਤੰਤਰਤਾ ਦਿਵਾਉਣ ਲਈ ਅੱਜ ਤੋਂ ਪੌਣੀ ਸਦੀ ਪਹਿਲਾਂ ਜੋ ਮਹਾਨ ਗੌਰਵਸ਼ਾਲੀ ਪ੍ਰੀਸ਼ਰਮ ਕੀਤਾ ਉਸਦੀ ਮਹਾਨਤਾ ਤੋਂ ਕੋਈ ਹਿੰਦੁਸਤਾਨੀ ਇਨਕਾਰ ਨਹੀਂ ਕਰ ਸਕਦਾ। ਕਾਂਗਰਸ ਨੇ ਆਪ ਦੇ ਵਿਖਾਏ ਹੋਏ ਰਸਤੇ ਨੂੰ ਅਖਤਿਆਰ ਕਰਕੇ ਸ਼ਾਨਦਾਰ ਕਾਮਯਾਬੀਆਂ ਪ੍ਰਾਪਤ ਕੀਤੀਆਂ ਹਨ ਅਤੇ ੭੫ ਸਾਲ ਦੇ ਲਗਭਗ ਸਮਾਂ ਗੁਜ਼ਰਨ ਦੇ ਉਪਰੰਤ ਵੀ ਉਹ ਪ੍ਰੋਗਰਾਮ ਪੁਰਾਣਾ ਨਹੀਂ ਹੋਇਆ ਜਿਸਨੂੰ ਅਮਲੀ ਰੂਪ ਦੇਣ ਨਮਿਤ ਆਪ ਨੂੰ ਕਠਿਨ ਘਾਲਣਾ ਘਾਲਣੀ ਪਈ।"

ਸਤਿਗੁਰੂ ਰਾਮ ਸਿੰਘ ਜੀ ਨੂੰ ਜੋ ਪੰਜਾਬ ਵਿਰਸੇ ਵਿਚ ਮਿਲਿਆ, ਉਸ ਵਿਚ ਲੋਕਾਂ ਦਾ ਧਰਮ, ਸਮਾਜ, ਸਭਿਆਚਾਰ, ਆਚਰਨ ਦੇ ਪਖੋਂ ਡਾਵਾਂ ਡੋਲ ਸੀ। ਘੋਰ ਮਾਯੂਸੀ ਦਾ ਘੁੱਪ ਹਨੇਰ ਸੀ। ਸਿੱਖ ਫੌਜਾਂ ਅੰਗਰੇਜ਼ਾਂ ਕੋਲੋਂ ਹਾਰ ਚੁੱਕੀਆਂ ਸਨ ਤੇ ਅੰਗਰੇਜ਼ਾਂ ਦਾ ਪੂਰੇ ਭਾਰਤ ਤੇ ਮੁਕੰਮਲ ਕਬਜ਼ਾ ਹੋ ਚੁੱਕਾ ਸੀ। ਬਕੌਲ ਕੌਮੀ ਕਵੀ ਸ਼ਾਹ ਮੁਹੰਮਦ-

ਸ਼ਾਹ ਮੁਹੰਮਦਾ, ਇਕ ਸਰਕਾਰ ਬਾਝੋਂ
ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ

ਔਰਤ ਜ਼ਾਤ ਦਾ ਤਾਂ ਬੁਰਾ ਹਾਲ ਸੀ। ਬਾਲ ਵਿਆਹ, ਅਨਪੜ੍ਹਤਾ ਕੁਰੀਤੀਆਂ, ਭੈੜੇ ਰਸਮੋ ਰਿਵਾਜਾਂ 'ਚ ਘਿਰੀ ਲੋਕਾਈ। ਲਾਹੌਰ ਦਰਬਾਰ ਵਿਚ ਖਾਨਾ ਜੰਗੀ ਵਿਚ ਕਤਲਾਂ ਦੀ ਇਕ ਲੰਮੀ ਸੂਚੀ ਇਹ ਕੁਝ ਹੀ ਗੁਰੂ ਰਾਮ ਸਿੰਘ ਦੇ ਹੱਥ ਸੀ।

ਪਰ ਉਹਨਾਂ ਕੋਲ ਇਕ ਅਗੰਮੀ ਸ਼ਕਤੀ ਸੀ। ਹਜ਼ਰੋ ਵਾਲੇ ਗੁਰੂ ਬਾਲਕ ਸਿੰਘ ਤੋਂ ਪ੍ਰਾਪਤ ਪ੍ਰਭੂ ਨਾਮ ਕੀ ਸ਼ਕਤੀ ਉਚਾ ਚ੍ਰਿਤਰ ਆਤਮ ਬਲ, ਪ੍ਰੇਰਣਾਮਈ ਬਚਨ ਜਿਸ ਨਾਲ ਉਹਨਾਂ ਸੜੇ ਗਲੇ ਸਮਾਜ ਦੀ ਰਾਖ ਵਿਚੋਂ ਮੁੜ ਸ਼ਕਤੀਸ਼ਾਲੀ ਸੰਗਠਨ 'ਕੂਕਾ ਪੰਥ' ਪੈਦਾ ਕੀਤਾ।

ਸੰਨ ੧੮੫੭ ਦੀ ਵਸਾਖੀ ਨੂੰ ਹਿੰਦ ਵਿਚ ਗਦਰ ਤੋਂ ਇਕ ਮਹੀਨਾ ਪਹਿਲਾਂ ਹੀ ਉਹਨਾਂ ਆਪਣੇ ਪਿੰਡ ਸ੍ਰੀ ਭੈਣੀ ਸਾਹਿਬ ਵਿਚ ਨਾਮਧਾਰੀ, ਕੂਕਾ ਸੰਤ ਖਾਲਸਾ ਦੀ ਸਾਜਨਾ ਕੀਤੀ। ਅਗਲੇ ਕੇਵਲ ੧੫ ਸਾਲਾਂ ਵਿਚ ਪੰਜਾਬ ਅਤੇ ਦੇਸ਼ ਵਿਚ ਜੁਗ ਪਲਟਾਊ ਤਬਦੀਲੀਆਂ ਲੈ ਆਂਦੀਆਂ।

ਪਿੰਡ ਪਿੰਡ ਤੇ ਸ਼ਹਿਰ ਸ਼ਹਿਰ ਦਾ ਦੌਰਾ ਕਰਕੇ ਉਹਨਾਂ ਲੱਖਾਂ ਦੀ ਤਾਦਾਦ ਵਿਚ ਮਰ ਜਿਊੜੇ ਤਿਆਰ ਕੀਤੇ। ਤੜਕੇ ਉਠਣਾ ਨਾਮ ਸਿਮਰਨ ਕਰਨਾ ਸਣੇ ਕੇਸੀਂ ਇਸ਼ਨਾਨ ਅਤੇ ਗੁਰਬਾਣੀ ਪਾਠ ਦਾ ਪਰਵਾਹ ਚਲਾ ਦਿੱਤਾ। ਇਕ ਪਾਸੇ ਅੰਗਰੇਜ਼ ਹਕੂਮਤ ਉਹਨਾਂ ਦੀ ਵੈਰੀ, ਦੂਜੇ ਬੰਨੇ ਧਾਰਮਕ ਅਜਾਰੇਦਾਰ, ਤਖਤਾਂ ਦੇ ਪੁਜਾਰੀ ਅਤੇ ਧਾਰਮਕ ਭੇਸਾਂ ਵਿਚ ਅੰਗਰੇਜ਼ ਦੇ ਪਿੱਠੂ ਅਤੇ ਦੇਸੀ ਰਾਜੇ ਮਹਾਰਾਜੇ ਇਹਨਾਂ ਸਾਰਿਆਂ ਦੀ ਮਿਲਵੀਂ ਵਿਰੋਧਤਾ ਦੇ ਹੁੰਦਿਆਂ ਉਹਨਾਂ ਮੋਅਜਜ਼ਾ ਕਰ ਵਿਖਾਇਆ। ਉਹਨਾਂ ਨੇ ਉਸ ਸਮੇਂ ਪਰਚਲਤ ਛੋਟੀ ਉਮਰ ਦੇ ਵਿਆਹ ਬੰਦ ਕੀਤੇ। ਛੋਟੀ ਉਮਰ 'ਚ ਹੀ ਲੜਕੀਆਂ ਆਮ ਤੌਰ ਤੇ ਵਿਧਵਾ ਹੋ ਜਾਂਦੀਆਂ, ਸਤੀ ਹੁੰਦੀਆਂ। ਉਹਨਾਂ ਨੇ ਲੜਕੇ ਲੜਕੀ ਦੀ ਵਿਆਹ ਦੀ ਉਮਰ ਵਧਾ ਦਿੱਤੀ। ਜੰਮਦੀਆਂ ਕੁੜੀਆਂ ਨੂੰ ਮਾਰ ਦੇਣ ਦਾ ਰਿਵਾਜ ਸੀ-ਵਿਧਵਾ ਦਾ ਵਿਆਹ ਨਹੀਂ ਸੀ ਹੋ ਸਕਦਾ-ਕੁੜੀਆਂ ਪੜ੍ਹ ਨਹੀਂ ਸੀ ਸਕਦੀਆਂ। ਸਤਿਗੁਰੂ ਰਾਮ ਸਿੰਘ ਦਾ ਹਰ ਧਾਰਮਕ ਸਮਾਜਕ ਸੁਧਾਰ ਦਾ ਕੰਮ ਇਨਕਲਾਬੀ ਸੀ। ਔਰਤਾਂ ਨੂੰ ਮਰਦਾਂ ਦੀ ਬਰਾਬਰੀ ਦਿੱਤੀ ਇਥੋਂ ਤੱਕ ਕਿ ਪਰਚਾਰ ਲਈ ਜੋ ਸੂਬੇ ਸਥਾਪਤ ਕੀਤੇ ਉਹਨਾਂ ਵਿਚ ਔਰਤਾਂ ਨੂੰ ਵੀ ਬਰਾਬਰ ਦੇ ਅਹੁਦੇ ਦਿੱਤੇ। ਆਪਣੇ ਲਿਖਤੀ ਹੁਕਮਨਾਮਿਆਂ ਵਿਚ ਉਹਨਾਂ ਵਿਸ਼ੇਸ਼ ਹੁਕਮ ਕੀਤੇ-

"ਇਕ ਹੋਰ ਬਾਤ ਸਭ ਨੂੰ ਸੁਣਾ ਦੇਣੀ ਜੋ ਨਾ ਕੋਈ ਕੁੜੀ ਮਾਰੇ, ਨਾ ਬੇਚੇ, ਨਾ ਬੱਟਾ ਕਰੇ। ਜੋ ਇਹ ਬਾਤ ਨਾ ਮੰਨੇ ਤਾਂ ਉਸਨੂੰ ਸੰਗਤ ਮੇਂ ਨਾ ਬੜਨ ਦੇਣਾ, ਜੇ ਕੋਈ ਬਟਾ



Namdhari Elibrary NamdhariElibrary@gmail.com

ਕਰੂਗਾ, ਬਿਆਜ ਲਊਗਾ, ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ ਉਸ ਦੇ ਨਾਲ ਨਹੀਂ ਬਰਤਣਾ।

..."ਸਾਰੇ ਬਹੀਰ ਨੂੰ ਹੁਕਮ ਸੁਣਾ ਦੇਣਾ ਜੋ ਪੰਦਰਾਂ ਸੋਲਾਂ ਬਰਸ ਤੇ ਘੱਟ ਕੋਈ ਕੁੜੀ ਨਾ ਬਿਆਹੇ। ਦਾਰੂ ਮਾਸ ਨਹੀਂ ਖਾਣਾ। ਖੇਫ ਰੱਖਣਾ ਗੁਰੂ ਦਾ ਹਰਦਮ"

..."ਸਾਰੀ ਸੰਗਤ ਨੂੰ ਇਹ ਹੁਕਮ ਸੁਣਾ ਦੇਣਾ। ਬਾਣੀ ਕੰਠ ਕਰਣ ਸਰਬ ਬੁਢੇ ਬਾਲੇ ਮਾਈ ਬੀਬੀ। ਪਿਛਲੀ ਰਾਤ ਇਸ਼ਨਾਨ ਤੇ ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾ ਦੇਣੇ"...

ਉਸ ਸਮੇਂ ਵਿਚ ਛਪੀ ਇਕ ਛੋਟੀ ਪੁਸਤਕ Brief account of Kuka sect ਵਿਚ ਲਿਖਿਆ ਹੈ-

ਉਹ ਸਿੱਖਾਂ ਵਿਚੋਂ ਜ਼ਾਤ ਪਾਤ ਦਾ ਭਰਮ ਮਿਟਾਂਦਾ ਹੈ। ਸਭ ਜ਼ਾਤਾਂ ਵਿਚ ਪ੍ਰਸਪਰ ਖੁਲੀਆਂ ਵਿਆਹ ਸ਼ਾਦੀਆਂ ਦਾ ਪਰਚਾਰ ਕਰਦਾ ਹੈ। ਵਿਧਵਾ ਵਿਆਹ ਦੀ ਆਗਿਆ ਦੇਂਦਾ ਹੈ। ਸ਼ਰਾਬ ਤੇ ਨਸ਼ਿਆਂ ਤੋਂ ਵਰਜਦਾ ਹੈ।...

ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਦਾ ਮੁਲਾਂਕਣ ਸੰਨ ੧੮੭੧ ਵਿਚ ਛਪੀ ਸਰਕਾਰੀ ਰਿਪੋਰਟ ਵਿਚ ਮਿਸਟਰ ਜੇ. ਡਬਲਯੂ ਮੈਕਨਬ ਕਮਿਸ਼ਨਰ ਅੰਬਾਲਾ ਨੇ ਇਵੇਂ ਕੀਤਾ ਹੈ।

"ਰਾਮ ਸਿੰਘ ਚਲਾਕ ਆਦਮੀਆਂ ਦੀ ਕਠਪੁਤਲੀ ਨਹੀਂ ਹੈ। ਜਿਸ ਨੇ ਉਸ ਦਾ ਦਰਸ਼ਨ ਕੀਤਾ ਹੈ। ਗੱਲਾਂ ਕੀਤੀਆਂ ਹਨ ਉਹ ਉਸ ਦੀ ਬੁੱਧੀ ਦੀ ਸਥਿਰਤਾ ਅਤੇ ਆਚਰਣ ਦੀ ਅਡੋਲਤਾ ਨੂੰ ਵੇਖਣ ਬਿਨਾਂ ਨਹੀਂ ਰਹਿਆ ਹੋਵੇਗਾ। ਆਪਣੇ ਉਤੇ ਕਾਬੂ ਪਾਉਣ ਵਾਲੇ ਇਹ ਵੱਡੇ ਗੁਣ ਕਿਸੇ ਸਾਧਾਰਣ ਆਗੂ ਵਿਚ ਨਹੀਂ ਹੋ ਸਕਦੇ॥"

ਉਸ ਸਮੇਂ ਸਰਕਾਰੀ ਕਰਮਚਾਰੀਆਂ ਵਿਚ ਗੁਰੂ ਰਾਮ ਸਿੰਘ ਬਾਰੇ ਵੰਡੇ ਗਏ ਟਰੈਕਟ ਵਿਚ ਇਹ ਗੱਲਾਂ ਦਰਜ ਹਨ-

"ਉਹ ਕੂਕੇ, ਉਚੇ ਸਦਾਚਾਰ ਦਾ ਉਪਦੇਸ਼ ਕਰਦੇ ਹਨ, ਚੋਰੀ ਯਾਰੀ ਅਤੇ ਵਿਭਚਾਰ ਦੀ ਬੜੇ ਜ਼ੋਰ ਨਾਲ ਨਿਖੇਧੀ ਕਰਦੇ ਹਨ। ਉਹ ਤਾਂ ਸਾਰੀਆਂ ਬੁਰਾਈਆਂ ਨੂੰ ਦੂਰ ਕਰਨਾ ਚਾਹੁੰਦੇ ਹਨ ਜਿਨ੍ਹਾਂ ਨੇ ਸਿੱਖ ਪੰਥ ਨੂੰ ਭ੍ਰਿਸ਼ਟ ਕਰ ਦਿੱਤਾ ਹੈ"

ਸਤਿਗੁਰੂ ਰਾਮ ਸਿੰਘ ਜੀ ਨੂੰ ੧੭-੧੮ ਜਨਵਰੀ ੧੮੭੨ ਦੀ ਠੰਡੀ ਬਰਫੀਲੀ ਰਾਤ ਨੂੰ ਸ੍ਰੀ ਭੈਣੀ ਸਾਹਿਬ ਤੋਂ ਲੁਧਿਆਣੇ ਬੁਲਾਇਆ ਗਿਆ। ੧੭-੧੮ ਜਨਵਰੀ ੧੮੭੨ ਦੇ ਹੀ ਦੋ ਦਿਨ ਮਾਲੇਰਕੋਟਲੇ ਦੇ ਰੱਕੜ ਵਿਚ ੬੬ ਕੂਕਿਆਂ ਨੂੰ ਤੋਪਾਂ ਨਾਲ ਉਡਾਇਆ ਗਿਆ।

ਇਹਨਾਂ ਵਿਚੋਂ ਇਕ ਸਿੰਘ ਨੂੰ ਮਧਰੇ ਕੱਦ ਦੇ ਬਹਾਨੇ ਨਾਲ ਛੱਡਿਆ ਜਾਣ ਲਗਾ ਤੋਂ ਉਹ ਢੀਮਾਂ ਕੱਠੀਆਂ ਕਰਕੇ ਤੋਪ ਦਾ ਹਾਣੀ ਬਣ ਕੇ ਸ਼ਹੀਦ ਹੋਇਆ। ਇਕ ਬਾਲਕ ਬਿਸ਼ਨ ਸਿੰਘ ਨੇ ਅੰਗਰੇਜ਼ ਹਾਕਮ ਕਾਵਨ ਦੀ ਦਾੜ੍ਹੀ ਫੜ ਕੇ ਜ਼ੋਰ ਦਾ ਮਰੋੜਾ ਦਿੱਤਾ। ਉਸਨੂੰ ਤਲਵਾਰ ਨਾਲ ਕਤਲ ਕੀਤਾ ਗਿਆ।

ਬਾਦ ਵਿਚ ਅੰਗਰੇਜ਼ ਅਫਸਰਾਂ ਕਮਿਸ਼ਨਰ ਫੋਰਸਾਈਥ ਤੇ ਡਿਪਟੀ ਕਮਿਸ਼ਨਰ ਕਾਵਨ ਦਾ ਨੌਕਰੀ ਤੋਂ ਤਬਾਦਲਾ ਕਰ ਦਿੱਤਾ ਗਿਆ। ਇਹ ਹੀ ਉਹਨਾਂ ਦੀ ਸਜ਼ਾ ਸੀ। ਜੇ ਉਹ ਦੋਸ਼ੀ ਮਿਥ ਲਏ ਗਏ ਤਾਂ ਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਕਿਉਂ ਨਾ ਖਤਮ ਕੀਤੀ ਗਈ। ਇਹ ਹੀ ਇਨਸਾਫ ਸੀ ਇਹ ਹੀ ਕਾਨੂੰਨ ਦਾ ਰਾਜ ਸੀ ਜਿਸ ਦਾ ਢੰਡੋਰਾ ਅੰਗਰੇਜ਼ ਸਾਮਰਾਜ ਦੁਨੀਆ ਵਿਚ ਪਿਟਦਾ ਸੀ।

ਕੂਕਾ ਸੰਘਰਸ਼ ਦਾ ਲਹੂ ਭਿੱਜਾ ਇਤਿਹਾਸ ਬਹੁਤ ਵਿਸਤ੍ਰਿਤ ਵੀ ਹੈ ਅਤੇ ਬਹੁਤ ਪਹਿਲੂ ਛੋਹੰਦਾ ਹੈ। ਇਸ ਬਾਰੇ ਅਨੇਕਾਂ ਲੇਖ ਲਿਖੇ ਜਾ ਸਕਦੇ ਹਨ ਅਤੇ ਪ੍ਰੋਗਰਾਮ ਹੋ ਸਕਦੇ ਹਨ। ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਇਕੋ ਇਕ ਅਸਥਾਨ ਹੈ ਜਿਥੇ ਕਿਸੇ ਇਨਕਲਾਬੀ ਸੰਸਥਾ ਦੇ ਮੁਖੀ ਦੇ ਘਰ ਦੇ ਬੂਹੇ ਅੱਗੇ ਅੱਧੀ ਸਦੀ ਤਕ ਪੁਲੀਸ ਦੀ ਚੌਕੀ ਬੈਠੀ ਰਹੀ। ਗੁਰੂ ਰਾਮ ਸਿੰਘ ਜੀ ਦੇ ਭਰਾਤਾ ਸਤਿਗੁਰੂ ਹਰੀ ਸਿੰਘ ਇਥੇ ਆਪਣੇ ਘਰ ਵਿਚ ਹੀ ਜੂਹ ਬੰਦ ਰਹੇ। ਉਹਨਾਂ ਦੇ ਦਰਸ਼ਨਾਂ ਨੂੰ ਆਉਣ ਵਾਲੇ ਸੇਵਕਾਂ ਨੂੰ ਇਕ ਸਮੇਂ ਕੇਵਲ ਪੰਜ ਜਣਿਆਂ ਨੂੰ ਅੰਦਰ ਆਉਣ ਦੀ ਆਗਿਆ ਦਿੱਤੀ ਜਾਂਦੀ ਸੀ। ਇਸ ਬੰਦੀ ਖਾਨੇ ਵਿਚ ਹੀ ਨਾਮਧਾਰੀਆਂ ਦੇ ਗੁਰੂਦੇਵ, ਸਤਿਗੁਰ ਪ੍ਰਤਾਪ ਸਿੰਘ ਜੀ ਅਤੇ ਵਰਤਮਾਨ ਮਹਾਰਾਜ, ਸਤਿਗੁਰੂ ਜਗਜੀਤ ਸਿੰਘ ਜੀ ਦਾ ਜਨਮ ਹੋਇਆ। ਸਤਿਗੁਰੂ ਰਾਮ ਸਿੰਘ ਜੀ ਕੋਲ ਬਰ੍ਹਮਾ ਦੇਸ਼ ਵਿਚ ਵੱਖ-ਵੱਖ ਥਾਵਾਂ ਤੇ ਬੰਦੀ ਜੀਵਨ ਸਮੇਂ ਸਿੰਘ ਭੇਸ ਬਦਲ ਕੇ ਗੁਪਤ ਰੂਪ ਵਿਚ ਸਮੁੰਦਰ ਲੰਘ ਕੇ ਪੁਜਦੇ ਰਹੇ। ਸਰਕਾਰ ਦੀ ਬਾਰ ਬਾਰ ਅਹਿਲਕਾਰਾਂ ਨੂੰ ਤਾਕੀਦ ਸੀ ਕਿ ਕੂਕਿਆਂ ਦਾ ਆਪਣੇ ਗੁਰੂ ਨਾਲ ਕੋਈ ਵੀ ਸੰਪਰਕ ਨਾ ਹੋਣ ਦਿੱਤਾ ਜਾਵੇ ਪਰ ਧੰਨ ਹੈ ਗੁਰੂ ਤੇ ਧੰਨ ਓਹਨਾਂ ਦੇ ਪੈਰੋਕਾਰ, ਪੂਰੇ ਤੇਰਾਂ ਸਾਲ ਕਿਸੇ ਨਾ ਕਿਸੇ ਤਰ੍ਹਾਂ ਗੁਪਤ ਢੰਗਾਂ ਨਾਲ ਇਹ ਸੰਪਰਕ ਬਣਿਆ ਰਿਹਾ। ਓਥੋਂ ਚਿਠੀਆਂ ਵੀ ਲਿਆਉਂਦੇ ਰਹੇ ਇਹਨਾਂ ਨੂੰ ਹੁਕਮਨਾਮੇ ਕਿਹਾ ਜਾਂਦਾ ਹੈ। ਇਸ ਸਮੇਂ ਮੋਟੇ ਅੰਦਾਜ਼ੇ ਅਨੁਸਾਰ ਕੋਈ ਸੌ ਸਿੰਘ ਉਥੇ ਪੁੱਜੇ। ੬੪ ਹੁਕਮਨਾਮੇ ਤਾਂ ਪ੍ਰਕਾਸ਼ਿਤ ਵੀ ਹੋ ਗਏ ਹਨ ਜਿਹਨਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਤਾਕੀਦੀ ਹੁਕਮ ਹਨ ਅਤੇ ਚੜ੍ਹਦੀ ਕਲਾ ਦੇ ਸੂਚਕ ਹਨ।

ਨਾਮਧਾਰੀਆਂ ਦੇ ਵਰਤਮਾਨ ਸ੍ਰੀ ਨਾਇਕ ਸਤਿਗੁਰੂ



Namdhari Elibrary NamdhariElibrary@gmail.com

ਜਗਜੀਤ ਸਿੰਘ ਜੀ ਸੰਨ ੧੯੫੯ ਈਸਵੀ ਨੂੰ ਗੁਰਗੱਦੀ ਤੇ ਆਸੀਨ ਹੋਏ। ਆਪ ਦੇ ਸਮੇਂ ਵਿਚ ਨੌਜਵਾਨ ਵਰਗ ਨੂੰ ਆਪ ਨੇ ਵਿਸ਼ੇਸ਼ ਪ੍ਰੇਮ ਘੇਰੇ ਵਿਚ ਲਿਆ ਹੈ। ਆਜ਼ਾਦ ਭਾਰਤ ਵਿਚ ਜਵਾਨਾਂ ਨੂੰ ਚੰਗੀ ਸੇਧ ਦੇਣ ਵਾਸਤੇ, ਸੰਗੀਤ, ਖੇਡਾਂ, ਨਾਮ ਸਿਮਰਨ ਗੁਰਬਾਣੀ ਸਾਦੇ ਦਾਜ ਦਹੇਜ ਰਹਿਤ ਸਾਮੂਹਕ ਵਿਆਹਾਂ ਵਲ ਪ੍ਰੇਰ ਕੇ ਰਖਿਆ ਹੈ। ਨਾਮਧਾਰੀਆਂ ਦੇ ਪਛੜੇਵੇਂ ਨੂੰ ਦੂਰ ਕਰਨ ਲਈ ਸਕੂਲ ਕਾਲਜ ਅਤੇ ਵੱਡੇ ਵੱਡੇ ਹਸਪਤਾਲਾਂ ਦਾ ਨਿਰਮਾਣ ਕਰਵਾਇਆ। ਸ਼ਾਨਦਾਰ ਇਤਿਹਾਸ ਨੂੰ ਸਾਂਭਣ ਪਰਚਾਰਨ ਪਰਸਾਰਨ ਲਈ ਯਾਦਗਾਰਾਂ ਦੀ ਉਸਾਰੀ, ਪੁਸਤਕਾਂ, ਅਖਬਾਰਾਂ ਰਸਾਲਿਆਂ ਨੂੰ ਪ੍ਰੋਤਸਾਹਿਤ ਕੀਤਾ ਹੈ। ਨਾਮਧਾਰੀਆਂ ਵਿਚੋਂ ਪਾਰਲੀਮੈਂਟ ਦੇ ਮੈਂਬਰ, ਅੰਤਰਰਾਸ਼ਟਰੀ ਖਿਡਾਰੀ, ਅੰਤਰਰਾਸ਼ਟਰੀ ਸੰਗੀਤਕਾਰ ਉਭਾਰੇ ਹਨ। ਭੈਣੀ ਸਾਹਿਬ ਪਿੰਡ ਵਿਚ ਹੀ ਖੇਡਾਂ ਲਈ ਇਕ ਇਨਡੋਰ ਸਟੇਡੀਅਮ ਹੈ। ਇਸੇ ਪਿੰਡ ਵਿਚ ਹੀ ਹਾਕੀ ਦੀ ਖੇਡ ਵਾਸਤੇ ਐਸਟਰੋਟਰਫ ਵਿਛਾਈ ਗਈ ਹੈ ਜਿਸ ਉਤੇ ਨਾਮਧਾਰੀ ਟੀਮ ਤਾਂ ਅਭਿਆਸ ਕਰਦੀ ਹੀ ਹੈ ਸਗੋਂ ਨੈਸ਼ਨਲ ਪੱਧਰ ਦੇ ਮੁਕਾਬਲੇ ਵੀ ਇਸ ਟਰਫ ਤੇ ਖੇਡੇ ਗਏ ਹਨ। ਪਸ਼ੂ ਧਨ ਵਲ ਵਿਸ਼ੇਸ਼ ਧਿਆਨ ਦਿੱਤਾ ਅਤੇ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਦੇ ਪਸ਼ੂ ਵੱਡੇ ਵੱਡੇ ਇਨਾਮ ਜਿੱਤਦੇ ਹੀ ਰਹਿੰਦੇ ਹਨ। ਇਸ ਤਰ੍ਹਾਂ, ਆਜ਼ਾਦੀ ਤੋਂ ਪੂਰਵ ਅਤੇ ਵਰਤਮਾਨ ਵਿਚ "ਕੂਕਾ-ਨਾਮਧਾਰੀ ਲਹਿਰ" ਦਾ ਫ਼ਖ਼ਰਯੋਗ ਸਥਾਨ ਹੈ।

ਸ਼ਹੀਦ ਭਗਤ ਸਿੰਘ ਨੇ ਕੂਕਾ ਬਗਾਵਤ ਨੂੰ ਆਪਣੇ ਇਕ ਲੇਖ ਵਿਚ ਰਾਜ ਪਲਟਾਉਣ ਦੀ ਪਹਿਲੀ ਕੋਸ਼ਿਸ਼ ਲਿਖਿਆ ਹੈ। ਇਕ ਹੋਰ ਲੇਖ ਵਿਚ ਲਿਖਿਆ ਹੈ ਕਿ ਉਹ ਤਹਿਰੀਕ ਇਕ ਰਾਜ ਪਲਟਾਊ ਨਹੀਂ ਜੁਗ ਪਲਟਾਊ ਤਹਿਰੀਕ ਸੀ। ੧੯੩੦ ਵਿਚ ਛੱਪੇ ਇਕ ਤੀਸਰੇ ਲੇਖ ਵਿਚ ਸ਼ਹੀਦ ਭਗਤ ਸਿੰਘ ਨੇ ਲਿਖਿਆ "ਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਹੋਏ ਕੂਕਾ ਵਿਦਰੋਹ ਤੋਂ ਲੈ ਕੇ ਅੱਜ ਤੱਕ ਜੋ ਅੰਦੋਲਨ ਚਲੇ ਅਤੇ ਜਿਸ ਪ੍ਰਕਾਰ ਜਨਤਾ ਵਿਚ ਇਹ ਸੂਝ ਆਈ ਕਿ ਉਹ ਸੁਤੰਤਰਤਾ ਦੀ ਬਲੀ ਵੇਦੀ ਤੇ ਆਪਣਾ ਸਭ ਕੁਝ ਕੁਰਬਾਨ ਕਰਣ ਲਈ ਤਿਆਰ ਹੋ ਗਈ....

ਗਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਸੁਰੱਖਿਅਤ ਆਪਣੀ ਉਰਦੂ ਵਿਚ ਸਵੈ ਜੀਵਨੀ ਵਿਚ ਲਿਖਦੇ ਹਨ-

"ਜਦੋਂ ਮੈਂ ਨਾਮਧਾਰੀ ਮੂਵਮੈਂਟ ਵਿਚ ਸ਼ਾਮਲ ਹੋਇਆ ਤਾਂ ਬਾਬਾ ਜੀ (ਕੇਸਰ ਸਿੰਘ ਮਹਾਵਾ) ਅਤੇ ਦੂਜੇ ਮਹਾਰਾਜ ਰਾਮ ਸਿੰਘ ਜੀ ਦੇ ਸਾਥੀਆਂ ਤੋਂ ਮੈਂ ਮਹਾਰਾਜ ਰਾਮ ਸਿੰਘ ਜੀ ਦੀ ਜ਼ਿੰਦਗੀ ਦੇ ਹਾਲਾਤ ਸੁਣੇ। ਕੈਦ ਵਿਚ ਉਹਨਾਂ ਦੀ ਅਡੋਲਤਾ, ਦੇਸ਼ ਭਗਤੀ ਅਤੇ ਨਾਮਧਾਰੀਆਂ ਦਾ ਹੱਸ-ਹੱਸ ਕੇ ਤੋਪਾਂ ਅੱਗੇ ਉਡਣਾ, ਅੰਗਰੇਜ਼ ਗੌਰਮਿੰਟ ਦੀ ਸਖਤੀ ਦੇ ਬਾਵਜੂਦ ਭੱਜੇ ਹੋਏ ਨਾਮਧਾਰੀਆਂ ਨੂੰ ਉਮਰ ਭਰ ਲਈ ਨਾਮਧਾਰੀ ਸਾਥੀਆਂ ਦਾ ਘਰਾਂ ਵਿਚ ਪਨਾਹ ਦੇਣਾ ਅਤੇ ਮੌਤ ਨਾਲ ਖੇਡ ਕੇ ਮਫ਼ਰੂਰ ਸਾਥੀਆਂ ਦੀਆਂ ਜਾਨਾਂ ਬਚਾਣੀਆਂ, ਬਾਵਜੂਦ ਪੁਲਸ ਦੀ ਸਖਤ ਨਿਗਰਾਨੀ ਦੇ ਡਾਕ ਅਤੇ ਖ਼ੁਫ਼ੀਆ ਮੀਟਿੰਗਾਂ ਦੇ ਸਿਲਸਲੇ ਨੂੰ ਜਾਰੀ ਰੱਖਣਾ ਆਦਿ, ਆਦਿ। ਇਹਨਾਂ ਸਾਰੇ ਕਾਰਨਾਮਿਆਂ ਅਤੇ ਨਾਮਧਾਰੀਆਂ ਦੇ ਸੱਚੇ ਪ੍ਰੇਮ ਅਤੇ ਖਾਸਕਰ ਬਾਬਾ ਕੇਸਰ ਦੀ ਸੱਚਾਈ ਅਤੇ ਰੂਹਾਨੀਅਤ ਅਤੇ ਆਜ਼ਾਦ-ਖਿਆਲੀ ਦਾ ਮੇਰੇ ਉਤੇ ਡੂੰਘਾ ਪ੍ਰਭਾਵ ਪਿਆ ਅਤੇ ਮੈਂ ਆਪਣਾ ਸਾਰਾ ਤਨ-ਮਨ-ਧਨ ਨਾਮਧਾਰੀ ਮੂਵਮੈਂਟ ਉਤੇ ਨਿਛਾਵਰ ਕਰ ਦਿੱਤਾ। ਬਾਰਾਂ ਸਾਲ ਮੈਂ ਨਾਮਧਾਰੀ ਮੂਵਮੈਂਟ ਵਿਚ ਕੰਮ ਕੀਤਾ।"

ਕਾਮਰੇਡ ਸੋਹਨ ਸਿੰਘ ਜੋਸ਼ ਦੇ ਸ਼ਬਦਾਂ ਵਿਚ "ਜਿਸ ਬਹਾਦਰੀ ਨਾਲ ਕੂਕਿਆਂ ਨੇ ਆਪਣੇ ਸੀਸ ਦਿੱਤੇ ਸਨ, ਉਹ ਬਹਾਦਰੀ ਨਵੀਆਂ ਰਾਜਸੀ ਲਹਿਰਾਂ ਦਾ ਉਤਸ਼ਾਹਜਨਕ ਝੰਡਾ ਬਣ ਗਈ। ਗੁਰੂ ਰਾਮ ਸਿੰਘ ਦੇਸ਼ ਦੀ ਆਜ਼ਾਦੀ ਦਾ ਪ੍ਰੇਰਨਾਸ਼ੀਲ ਚਿੰਨ੍ਹ ਬਣ ਗਿਆ। ਸਦੀਵੀ ਰਾਜ ਕਰਨ ਦੇ ਖ਼ਾਬ ਲੈਣ ਵਾਲੇ ਅੰਗਰੇਜ਼ ਹਾਕਮਾਂ ਨੂੰ ਬੋਰੀਆ ਬਿਸਤਰਾ ਵਲੇਟ ਕੇ ਹਿੰਦੋਸਤਾਨ ਵਿਚੋਂ ਜਾਣਾ ਪਿਆ ਅਤੇ ਭਾਰਤ ਆਜ਼ਾਦ ਹੋ ਗਿਆ।"

## ਉਸਤਾਦ ਸੁਲਤਾਨ ਖ਼ਾਨ ਨਹੀਂ ਰਹੇ

ਮੁੰਬਈ ਸਾਰੰਗੀ ਵਾਦਕ ਤੇ ਕਲਾਸੀਕਲ ਗਾਇਕ ਉਸਤਾਦ ਸੁਲਤਾਨ ਖ਼ਾਨ ਦਾ ਇੱਕ ਲੰਮੀ ਬਿਮਾਰੀ ਮਗਰੋਂ ਦੇਹਾਂਤ ਹੋ ਗਿਆ। ਉਨ੍ਹਾਂ ਵੱਲੋਂ ਗਾਏ 'ਪੀਆ ਬਸੰਤੀ' ਤੇ 'ਅਲਬੇਲਾ 'ਸਜਨ ਆਇਓ ਰੇ' ਕਾਫ਼ੀ ਮਕਬੂਲ ਹੋਏ।

ਪਦਮ ਭੂਸ਼ਨ ਐਵਾਰਡੀ ੭੧ ਸਾਲਾ ਉਸਤਾਦ ਸੁਲਤਾਨ ਖ਼ਾਨ ਪਿਛਲੇ ਕੁਝ ਸਮੇਂ ਤੋਂ ਡਾਇਲਿਸਿਸ 'ਤੇ ਸਨ। ਉਨ੍ਹਾਂ ਦਾ ਪਰਿਵਾਰਕ ਪਿਛੋਕੜ ਜੋਧਪੁਰ ਦਾ ਹੋਣ ਕਾਰਨ ਸਸਕਾਰ ਵੀ ਉਥੇ ਹੀ ਕੀਤਾ ਗਿਆ। ਉਨ੍ਹਾਂ ਦਾ ਪੁੱਤਰ ਸ਼ਬੀਰ ਖ਼ਾਨ ਵੀ ਉੱਘਾ ਸਾਰੰਗੀ ਵਾਦਕ ਹੈ।

*—ਪੀ. ਟੀ. ਆਈ.*



Namdhari Elibrary NamdhariElibrary@gmail.com

BBL FOODS PVT. LTD.






*India's Larget Second Hand Food Machines Dealer Cum Rebuilder*

**750kgs Potato Chips Line**

**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded-.Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*






# BBL FOODS (P) LTD.

***SANTOSH NAGAR X ROADS, HYDERABAD- 5000059, INDIA***

***Tel : +91 40 24530680, Mobile : 91 98480-50607/ +91 98483 99702***

***e-mail:lakbir.mutchall@gmail.com***

***www.bblfoods.com www.mutchall.com***



Namdhari Elibrary NamdhariElibrary@gmail.com

# ਮੇਰੀ ਸਾਹਿਤਕ ਸ੍ਵੈ ਜੀਵਨੀ-੫

# ਨੀਂਹ ਦੀਆਂ ਇੱਟਾਂ

*—ਵਰਿਆਮ ਸਿੰਘ ਸੰਧੂ*

### ਪਿਛਲੇ ਅੰਕ ਚੋਂ ਬਿਰਤਾਂਤ

ਹੁਣ ਕਰਮ ਚੰਦ ਉਸ ਹਵੇਲੀ ਵਿਚੋਂ ਕੁੱਝ ਥਾਂ 'ਮੁੱਲ' ਲੈਣਾ ਚਾਹੁੰਦਾ ਸੀ। ਉਸਨੂੰ ਵੀ ਪਤਾ ਸੀ ਕਿ ਹਕੀਕਤ ਸਿਘ ਉਸਨੂੰ ਇਹ ਥਾਂ ਕਦੋਂ ਮੁੱਲ ਦੇਣ ਲੱਗਾ ਹੈ! ਜਦੋਂ ਉਸਨੇ ਆਪਣੀ ਇਹ ਹਸਰਤ ਮੇਰੇ ਪਿਓ ਨਾਲ ਸਾਂਝੀ ਕੀਤੀ ਤਾਂ ਮੇਰੇ ਪਿਓ ਨੇ ਮੁਸਕਰਾ ਕੇ ਕਿਹਾ, "ਪੈਸਿਆਂ ਦੀ ਗੱਲ ਤਾਂ, ਡਾਕਟਰ ਜੀ, ਤੁਸੀਂ ਛੱਡੋ ਉਂਜ ਆਪਾਂ ਐਂ ਕਰਦੇ ਆਂ ਮਾਮੇ ਨੂੰ ਕਿਤੇ ਵਾਂਢੇ ਘਲਾ ਦੇਨੇ ਆਂ। ਪਿੱਛੋਂ ਆਪਾਂ ਨੀਂਹ ਰਖਾ ਕੇ ਕੰਧ ਚੁਕ ਦਿਆਂਗੇ। ਮਾਮਾ ਜਦੋਂ ਨੂੰ ਆਊ ਉਦੋਂ ਵੇਖੀ ਜਾਊ।"

ਕਰਮ ਚੰਦ ਝਿਜਕਦਾ ਅਤੇ ਡਰਦਾ ਵੀ ਸੀ ਉਸਨੂੰ ਪਤਾ ਸੀ ਕਿ ਵਿਗੜ ਜਾਣ ਤੇ ਹਕੀਕਤ ਸਿਘ ਤਲਵਾਰ ਵੀ ਖੋਹ ਸਕਦਾ ਸੀ ਪਰ ਮੇਰੇ ਪਿਤਾ ਨੇ ਬਾਪੂ ਨੂੰ ਕਿਤੇ ਕਿਸੇ ਕੰਮ ਵਾਂਢੇ ਜਾਣਾ ਮਨਾ ਹੀ ਲਿਆ। ਉਹਨਾਂ ਨੂੰ ਆਸ ਸੀ ਕਿ ਅੱਜ ਸ਼ਾਮ ਦਾ ਗਿਆ ਉਹ ਪੰਦਰਾਂ ਵੀਹਾਂ ਕੋਹਾਂ ਤੋਂ ਕੱਲ੍ਹ ਸ਼ਾਮ ਤੱਕ ਤੋਂ ਪਹਿਲਾਂ ਤਾਂ ਮੁੜਨ ਹੀ ਨਹੀਂ ਲੱਗਾ। ਚਾਹਵੇ ਤਾਂ ਦੋ ਤਿੰਨ ਦਿਨ ਲਾ ਆਵੇ ਸਵੇਰੇ ਨੀਂਹ ਰੱਖੀ ਜਾਣੀ ਸੀ। ਰਾਜ ਮਿਸਤਰੀ ਅਜੇ ਸੰਦ-ਵਲੇਵੇਂ ਸੂਤ ਹੀ ਕਰਦੇ ਫਿਰਦੇ ਸਨ ਤੇ ਕਰਮ ਚੰਦ ਅਤੇ ਮੇਰਾ ਪਿਤਾ ਥਾਂ ਦਾ ਜਾਇਜ਼ਾ ਹੀ ਲੈਂਦੇ ਫਿਰਦੇ ਸਨ ਕਿ ਬਾਪੂ ਹਕੀਕਤ ਸਿਘ ਮੌਕੇ 'ਤੇ ਹੀ ਪੁੱਜ ਗਿਆ ਕੀਤਾ ਤਾਂ ਅਜੇ ਭਾਵੇਂ ਕੁੱਝ ਨਹੀ ਸੀ ਪਰ ਦੋਹਾਂ ਨੂੰ ਜਾਪਿਆ ਜਿਵੇਂ ਚੋਰ ਸੰਨ੍ਹ ਉੱਤੋਂ ਫੜ੍ਹਿਆ ਗਿਆ ਹੋਵੇ। ਉਹਨਾਂ ਦੀ ਬਣਾਈ ਸਕੀਮ ਉੱਤੇ ਪਾਣੀ ਫਿਰ ਗਿਆ ਸੀ।

"ਸੁਣ ਓਏ ਦੀਦਾਰ! ਤੇ ਕਰਮ ਚੰਦਾ ਤੂੰ ਵੀ ਸੁਣ! ਮੇਰੇ ਨਾਲ ਹੇਰਾ ਫ਼ੇਰੀ ਮਾਰਦੇ ਸਾਓ!"

ਸੁਣ ਕੇ ਦੋਹਾਂ ਦੇ ਚਿਹਰੇ ਉੱਤੇ ਤਰੇਲੀ ਆ ਗਈ। ਉਹਨਾਂ ਸਹਿਮੀਆਂ ਨਜ਼ਰਾਂ ਨਾਲ ਬਾਪੂ ਦੇ ਚਿਹਰੇ ਵੱਲ ਵੇਖਿਆ। ਮੈਂ ਇਸ ਮੌਕੇ ਦਾ ਚਸ਼ਮਦੀਦ ਗਵਾਹ ਹਾਂ ਪਰ ਬਾਪੂ ਤਾਂ ਮੁਸਕੜੀਏ ਹੱਸ ਰਿਹਾ ਸੀ, "ਦਾਈਆਂ ਤੋਂ ਪੇਟ ਨਹੀਂ ਲੁਕੇ ਰਹਿੰਦੇ ਜਿਹੜੀ ਤੁਹਾਡੇ ਢਿੱਡ 'ਚ ਐ, ਉਹ ਮੇਰਿਆਂ ਨਹੁੰਆਂ 'ਚ ਐ। ਐਧਰ ਆ ਓ ਮਿਸਤਰੀ" ਉਹਨੇ ਰਾਜ ਮਿਸਤਰੀ ਨੂੰ ਆਵਾਜ਼ ਮਾਰੀ, "ਆਹ ਲੈ ਐਥੇ ਕੰਧ ਕੀਤਿਆਂ ਇਹਦੀ ਦੁਕਾਨ ਠੀਕ ਬਣ ਜੂ"

ਉਹਨੇ ਜ਼ਮੀਨ 'ਤੇ ਪੈਰ ਰੱਖਿਆ ਇਹ ਕਰਮ ਚੰਦ ਤੇ ਮੇਰੇ ਪਿਓ ਵੱਲੋਂ ਪਹਿਲਾਂ ਮਿਥੇ ਹੋਏ ਥਾਂ ਤੋਂ ਵੀ ਡੇਢ ਫੁੱਟ ਅੰਦਰ ਨੂੰ ਸੀ

"ਬਾਪੂ ਜੀ! ਸਰਦਾਰ ਜੀ, ਵਾਧੂ" ਮਿਸਤਰੀ ਕਾਂਡੀ ਫੜੀ ਅਹੁਲ ਕੇ ਉਸ ਵੱਲ ਵਧਿਆ ਮੇਰਾ ਪਿਤਾ ਅਤੇ ਕਰਮ ਚੰਦ ਅਜੇ ਵੀ ਬੁੱਤ ਬਣੇ ਖੜੋਤੇ ਸਨ।

"ਲਿਆ ਫ਼ਿਰ ਮਾਰ ਬੰਦੇ ਨੂੰ ਵਾਜ ਅਤੇ ਵਾਹਗੁਰੂ ਆਖ ਕੇ ਨੀਂਹ ਪੁੱਟ"

ਕਰਮ ਚੰਦ ਦੀਆਂ ਅੱਖਾਂ ਵਿੱਚ ਪਾਣੀ ਸਿੰਮ ਆਇਆ

ਇਹ ਸਦ-ਭਾਵ ਕੇਵਲ ਇੱਕ ਪਾਸੜ ਨਹੀਂ ਸੀ ਦੋਹਾਂ ਪਾਸਿਆਂ ਤੋਂ ਅਜੇਹੀ ਮੁਹੱਬਤ ਦਾ ਪ੍ਰਗਟਾ ਅਕਸਰ ਹੀ ਹੁੰਦਾ ਰਹਿੰਦਾ ਅਜਿਹੇ ਸਦ-ਭਾਵੀ ਮਾਹੌਲ ਵਿੱਚ ਪਲਣ ਦਾ ਅਸਰ ਵੀ ਜ਼ਰੂਰ ਮੇਰੀ ਮਾਨਸਿਕ ਬਣਤਰ ਉੱਤੇ ਪਿਆ ਹੋਵੇਗਾ



ਬਾਪੂ ਹਕੀਕਤ ਸਿੰਘ ਦੇ ਵੇਲੇ ਦੀਆਂ ਹੀ ਕਈ ਗੱਲਾਂ ਮੈਨੂੰ ਯਾਦ ਹਨ ਉਹ ਬਹੁਤ ਮਜ਼ਾਕੀਆ ਇਨਸਾਨ ਸੀ ਐਵੇਂ ਹੀ ਅਗਲੇ ਨਾਲ ਛੇੜ-ਛਾੜ ਕਰਦੇ ਰਹਿਣਾ ਸਾਡੇ ਆਂਢ-ਗੁਆਂਢ ਦੀਆਂ ਬਜ਼ੁਰਗ ਔਰਤਾਂ ਨਾਲ ਉਹ ਬੁੱਢੇ-ਵਾਰੇ ਵੀ ਦਿਓਰਾਂ ਵਾਂਗ ਮਜ਼ਾਕ ਕਰਦਾ ਨਥੂ ਰਾਮ ਦੀ ਮਾਂ ਪਾਰਵਤੀ ਨੂੰ ਉਹ ਅਕਸਰ ਸ਼ਰਾਰਤ ਨਾਲ ਆਖਦਾ, "ਸ਼ਾਹਣੀ! ਰਾਤੀਂ ਮੈਨੂੰ ਸ਼ਾਹ ਮਿਲਿਆ ਸੀ ਸੁਫ਼ਨੇ 'ਚ" ਉਹਦਾ ਭਾਵ ਉਹਦੇ ਮਰ ਚੁੱਕੇ ਪਤੀ ਤੋਂ ਹੁੰਦਾ, "ਉਹ ਮੈਨੂੰ ਆਖਦਾ ਸੀ ਕਿ ਮੇਰਾ ਸ਼ਾਹਣੀ ਬਿਨਾਂ ਜੀਅ ਨਹੀਂ ਲੱਗਦਾ ਉਹਨੂੰ ਘਲਾ ਮੇਰੇ ਕੋਲ" ਉਹ ਮੁਸਕੜੀਆਂ 'ਚ ਹੱਸਦਾ

"ਵੇ ਫ਼ਿੱਟੇ ਮੂੰਹ ਤੇਰਾ! ਹੁਣ ਬੁੱਢੇ ਵਾਰੇ ਤਾਂ ਕੁੱਝ ਸ਼ਰਮ ਕਰ ਮੈਂ ਕਿਓਂ ਮਰਾਂ! ਪਹਿਲਾਂ ਤੂੰ ਮਰ; ਤੇਰੇ ਪਿੱਛੇ ਪਿੱਛੇ ਮੈਂ ਆਊਂਗੀ" ਅੱਧਾ ਗੁੱਸੇ ਅਤੇ ਅੱਧੇ ਲਾਡ ਨਾਲ ਉਹ ਉਸਨੂੰ ਝਿੜਕਦੀ ਉਹਦਾ ਪੁੱਤ ਵੀ ਇਹ ਮਸ਼ਕਰੀ ਸੁਣ ਕੇ ਹੱਸਦਾ ਰਹਿੰਦਾ, "ਚਾਚਾ! ਸਾਰੀ ਉਮਰ ਬੱਸ ਮੁੰਡੇ ਦਾ ਮੁੰਡਾ ਹੀ ਰਿਹਾ"

ਮੈਨੂੰ ਯਾਦ ਹੈ ਡਾਕਟਰ ਕਰਮ ਚੰਦ ਦੀ ਦੁਕਾਨ ਤੇ ਜਦੋਂ ਕਦੀ ਮਰੀਜ਼ ਨਾ ਹੋਣਾ ਜਾਂ ਵਿਹਲ ਹੋਣੀ ਤਾਂ ਉਹਨੇ ਸਾਡੇ ਘਰ ਆ ਵੜਨਾ ਰਸੋਈ ਕੋਲ ਜਾਂ ਚੌਤਰੇ ਕੋਲ ਆ ਕੇ ਆਵਾਜ਼ ਦੇਣੀ, "ਓ ਨਾਮ੍ਹ ਕੌਰੇ! ਜੋਗਿੰਦਰ ਕੌਰੇ! ਕੀ ਧਰਿਆ ਜੇ"

ਮੇਰੀ ਮਾਂ ਜਾਂ ਦਾਦੀ ਨੇ ਦੱਸਣਾ

"ਕੋਈ ਰੋਟੀ ਵੀ ਪਈ ਜੇ ਸਵੇਰ ਦੀ"

"ਸਵੇਰ ਦੀ ਕਿਓਂ ਜੀ ਸੁੱਖੀ ਸਾਂਦੀ ਹੁਣੇ ਸੱਜਰੀ ਲਾਹ ਦਿੰਦੀ ਆਂ" ਮੇਰੀ ਦਾਦੀ ਜਾਂ ਮਾਂ ਨੇ ਆਖਣਾ

"ਨਹੀਂ ਨਹੀਂ, ਰੋਟੀਆਂ ਕਰ ਦੋ ਉਰ੍ਹਾਂ ਮੇਰੇ ਵੱਲ ਅਤੇ ਉੱਤੇ ਹੀ ਸਲੂਣਾ ਪਾ ਦੇਹ"



Namdhari Elibrary NamdhariElibrary@gmail.com

ਉਹਨੇ ਹੱਥ ਉੱਤੇ ਰੋਟੀ ਰੱਖ ਕੇ, ਬੁਰਕੀ ਤੋੜ ਤੋੜ ਕੇ ਖਾਈ ਜਾਣੀ ਤੇ ਘਰਦਿਆਂ ਜੀਆਂ ਨਾਲ ਏਧਰ ਓਧਰ ਦੀਆਂ ਮਾਰਦੇ ਰਹਿਣਾ

"ਲਿਆ ਓਏ ਪਾਣੀ ਦਾ ਗਲਾਸ ਦੁਕਾਨ ਤੇ ਮਰੀਜ਼ ਨਾ ਆ ਗਿਆ ਹੋਵੇ ਕੋਈ" ਕਦੀ ਕਦੀ ਉਹਨੇ ਮੈਨੂੰ ਆਖਣਾ

ਸਾਡੇ ਘਰ ਉਹਦਾ ਇਜ ਅਪਣੱਤ ਨਾਲ ਆ ਜਾਣਾ ਅਤੇ ਆਪਣੇ ਘਰ ਵਾਂਗ ਹੀ ਰੋਟੀ ਮੰਗ ਕੇ ਖਾ ਲੈਣਾ ਅੱਜ ਵੀ ਜਦੋਂ ਮੈਨੂੰ ਯਾਦ ਆਉਂਦਾ ਹੈ ਤਾਂ ਸਾਂਝੇ ਭਾਈਚਾਰੇ ਦੀ ਰੇਸ਼ਮੀ ਸਾਂਝ ਵਾਲੇ ਆਪਸੀ ਮੁਹੱਬਤੀ ਅਹਿਸਾਸ ਨਾਲ ਮੇਰਾ ਆਪਾ ਸਰਸ਼ਾਰ ਹੋ ਜਾਂਦਾ ਹੈ

## ਰੰਗ ਰੰਗ ਦੀ ਵਜਾਉਂਦਾ ਬੰਸਰੀ

ਸਾਂਝ ਦਾ ਮਾਹੌਲ ਸਮੁੱਚੇ ਪਿੰਡ ਵਿੱਚ ਹੀ ਰਚਿਆ ਵੱਸਿਆ ਹੋਇਆ ਸੀ ਗੁਰੂ ਹਰਗੋਬਿੰਦ ਸਾਹਿਬ ਤੇ ਭਾਈ ਬਿਧੀ ਚੰਦ ਦੀ ਯਾਦ ਵਿੱਚ ਹਰ ਸਾਲ ਸਾਡੇ ਪਿੰਡ ਦੇ ਵੱਡੇ ਧਾਰਮਿਕ ਮੇਲੇ ਲੱਗਦੇ ਅਤੇ ਇਹਨਾਂ ਮੇਲਿਆਂ ਉੱਪਰ ਰਾਗੀ-ਢਾਡੀ ਅਤੇ ਕਵੀਸ਼ਰ ਸਿੱਖ-ਇਤਿਹਾਸ ਸੁਣਾਉਂਦੇ ਮੈਂ ਢਾਡੀਆਂ ਅਤੇ ਕਵੀਸ਼ਰਾਂ ਨੂੰ ਬੜੇ ਉਮਾਹ ਨਾਲ ਸੁਣਦਾ ਸਵੇਰੇ ਹੀ ਨਹੀਂ ਰਾਤ ਨੂੰ ਵੀ ਮੈਂ ਇਹਨਾਂ ਦੀਵਾਨਾਂ ਵਿੱਚ ਹਾਜ਼ਰੀ ਭਰਦਾ ਇਜ ਮੇਰਾ ਸਿੱਖ-ਇਤਿਹਾਸ ਅਤੇ ਗੁਰਮਤਿ-ਵਿਚਾਰਧਾਰਾ ਦੇ ਮਾਨਵਵਾਦੀ ਪੱਖਾਂ ਨਾਲ ਲਗਾਓ ਵਧਦਾ ਗਿਆ ਹਰ ਮੇਲੇ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸਮੇਤ ਕੀਰਤਨ ਕਰਦਾ ਜਲੂਸ ਸਾਰੇ ਪਿੰਡ ਵਿੱਚੋਂ ਗੁਜ਼ਰਦਾ ਬਿਧੀਚੰਦੀਏ ਬਾਬਿਆਂ ਦੇ ਸਿੱਖ-ਸੇਵਕ ਢੋਲਕੀ ਛੈਣਿਆਂ ਨਾਲ ਕੀਰਤਨ ਕਰਦੇ ਵੱਡੇ ਹੋ ਕੇ ਤਾਂ ਮੈਂ ਇਸ ਜਲੂਸ ਵਿੱਚ ਸ਼ਾਮਲ ਵੀ ਹੁੰਦਾ ਰਿਹਾ ਅਤੇ ਵੱਖ-ਵੱਖ ਪੜਾਵਾਂ ਉੱਤੇ ਜਲੂਸ ਦੇ ਠਹਿਰਨ 'ਤੇ ਕਵਿਤਾਵਾਂ ਵੀ ਪੜ੍ਹਦਾ ਰਿਹਾ, ਪਰ ਛੋਟੇ ਹੁੰਦਿਆਂ ਅਸੀਂ ਆਪਣੇ ਕੋਠਿਆਂ 'ਤੇ ਚੜ੍ਹ ਕੇ ਬਾਜ਼ਾਰ ਵਿੱਚੋਂ ਲੰਘਦੇ ਜਲੂਸ ਨੂੰ ਵੇਖਦੇ ਇਹ ਜਲੂਸ ਪਿੰਡ ਦੇ ਚੜ੍ਹਦੇ ਪਾਸੇ ਖੱਬੇ ਹੱਥ ਬਣੀ ਨਿਹੰਗ-ਸਿੰਘਾਂ ਦੀ 'ਛਾਉਣੀ' ਤੋਂ ਨਿਕਲਦਾ ਅਤੇ ਪਿੰਡ ਦੇ ਖੱਬੇ ਹੱਥ ਵਾਲੇ ਪਾਸੇ ਤੋਂ ਫਿਰਨੀਓਂ ਫਿਰਨੀ ਤੁਰਦਾ, ਵੱਖ ਵੱਖ ਪੜਾਵਾਂ ਤੇ ਰੁਕਦਾ ਜਦੋਂ ਪਿੰਡ ਦੀ ਲਹਿੰਦੀ ਬਾਹੀ ਪਹੁੰਚਦਾ ਤਾਂ ਸਾਡੇ ਘਰ ਦੇ ਕੋਲ ਦੀ ਲੰਘਦੇ ਤੇ ਪਿੰਡ ਨੂੰ ਅੱਧ ਵਿਚਕਾਰੋਂ, ਚੜ੍ਹਦੇ-ਲਹਿੰਦੇ ਦੋ ਭਾਗਾਂ ਵਿੱਚ ਚੀਰਨ ਵਾਲੇ ਬਾਜ਼ਾਰ ਦੇ ਆਖ਼ਰੀ ਹਿੱਸੇ 'ਰਾਮਗੜ੍ਹੀਆਂ ਦੇ ਬਾਜ਼ਾਰ' ਵਿਚੋਂ ਗੁਜ਼ਰਦਾ ਪਿੰਡ ਦੇ ਅੰਦਰਵਾਰ ਨੂੰ ਮੁੱਖ-ਬਜ਼ਾਰ ਵੱਲ ਮੁੜਦਾ ਰਾਮਗੜ੍ਹੀਆਂ ਦੇ ਮੁਹੱਲੇ ਵਿੱਚ ਗੁਰਦਵਾਰਾ ਬਾਬਾ ਭਾਈ ਭਾਰੂ ਵਿੱਚ ਜਲੂਸ ਦਾ ਪੜਾਅ ਹੁੰਦਾ ਤੇ ਓਥੋਂ ਤੁਰਦਾ ਜਲੂਸ ਮੇਨ-ਬਾਜ਼ਾਰ ਵਿੱਚ ਦਾਖ਼ਲ ਹੋ ਕੇ ਸਾਡੇ ਘਰ ਕੋਲੋਂ ਦੀ ਲੰਘਦਾ ਹੋਇਆ ਪਿੰਡ ਦੇ 'ਦੇਵੀ-ਦੁਆਰੇ' ਦੇ ਖੁੱਲ੍ਹੇ ਅਹਾਤੇ ਵਿੱਚ ਆਪਣਾ ਪੜਾਅ ਕਰਦਾ ਜਦੋਂ ਜਲੂਸ ਬਾਜ਼ਾਰ ਵਿਚੋਂ ਗੁਜ਼ਰ ਰਿਹਾ ਹੁੰਦਾ ਤਾਂ ਢੋਲਕੀ ਛੈਣਿਆਂ ਵਾਲੇ ਸਿੰਘ ਅਕਸਰ ਇਹ ਸ਼ਬਦ ਹੀ ਪੜ੍ਹਿਆ ਕਰਦੇ:

"ਰੰਗ ਰੰਗ ਦੀ ਵਜਾਉਂਦਾ ਬੰਸਰੀ; ਨਾਲੇ ਕਾਹਨ ਗਊਆਂ ਚਾਰਦਾ"

ਛੋਟਾ ਹੋਣ ਕਰਕੇ ਕਈ ਸਾਲ ਤਾਂ ਮੇਰੇ ਮਨ ਵਿੱਚ ਇਹੋ ਹੀ ਰਿਹਾ ਕਿ ਸ਼ਾਇਦ ਜਲੂਸ ਵਿੱਚ ਸਾਰੇ ਰਾਹ ਇਹੋ ਇੱਕੋ ਸ਼ਬਦ ਹੀ ਗਾਇਆ ਜਾਂਦਾ ਹੋਵੇ ਪਰ ਥੋੜ੍ਹੀ ਸੋਝੀ ਆਉਣ 'ਤੇ ਮੈਂ ਮਹਿਸੂਸ ਕੀਤਾ ਕਿ ਇਹ ਤਾਂ 'ਹਿੰਦੂ ਇਲਾਕੇ' ਵਿੱਚੋਂ ਲੰਘਦਿਆਂ ਹਿੰਦੂ ਭਾਈਚਾਰੇ ਪ੍ਰਤੀ ਆਪਸੀ ਸਾਂਝ ਅਤੇ ਪਿਆਰ ਪ੍ਰਗਟਾਉਣ ਦਾ ਇੱਕ ਸੂਖ਼ਮ ਇਸ਼ਾਰਾ ਸੀ ਅਤੇ ਇਹ ਦੱਸਣ ਦਾ ਯਤਨ ਸੀ ਕਿ 'ਬੰਸਰੀ ਵਾਲਾ ਵੀ ਉਹਨਾਂ ਦਾ ਆਪਣਾ ਹੀ ਹੈ' ਉਂਜ ਵੀ ਪਿੰਡ ਦੇ ਅੱਧ ਵਿਚਕਾਰੋਂ ਹੀ ਜਲੂਸ ਦਾ ਬਾਜ਼ਾਰ ਵੱਲ ਮੁੜ ਪੈਣ ਦਾ ਇਹੋ ਕਾਰਨ ਸੀ ਕਿ ਪਾਲਕੀ ਨੂੰ ਉਡੀਕ ਰਹੇ ਹਿੰਦੂ ਭਾਈਚਾਰੇ ਨੂੰ ਆਪਣਾ ਆਦਰ ਪ੍ਰਗਟਾਉਣ ਦਾ ਮੌਕਾ ਮਿਲ ਸਕੇ। ਬਾਜ਼ਾਰ ਵਿੱਚ ਆਪਣੇ ਪੜਾਅ ਤੋਂ ਬਾਅਦ ਜਲੂਸ ਫਿਰ ਪਿੰਡ ਦੇ ਵਿਚੋ-ਵਿਚ ਦੀ ਬਾਹਰਲੀ ਫਿਰਨੀ ਵੱਲ ਪਰਤ ਜਾਂਦਾ ਸੀ

ਜਿਸ ਦਿਨ ਜਲੂਸ ਲੰਘਣਾ ਹੁੰਦਾ ਉਸ ਦਿਨ ਬਾਜ਼ਾਰ ਵਾਲਿਆਂ ਵੱਲੋਂ ਸਾਰੇ ਬਾਜ਼ਾਰ ਦੀ ਉਚੇਚੀ ਸਫ਼ਾਈ ਕਰਵਾਈ ਜਾਂਦੀ ਪਾਣੀ ਤਰੌਂਕਿਆ ਜਾਂਦਾ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੰਘਦੀ ਤਾਂ ਦੁਕਾਨਾਂ ਵਿਚੋਂ ਬਾਹਰ ਨਿਕਲ ਕੇ ਹੱਥ ਜੋੜੀ ਖਲੋਤੇ ਹਿੰਦੂ ਦੁਕਾਨਦਾਰ ਅੱਗੇ ਵਧ ਕੇ, ਸਿਰ ਝੁਕਾ ਕੇ, ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਜਿੰਨਾ ਚਿਰ ਜਲੂਸ ਲੰਘ ਨਾ ਜਾਂਦਾ, ਉਹ ਹੱਥ ਜੋੜ ਕੇ ਅਦਬ ਵਿੱਚ ਖਲੋਤੇ ਰਹਿੰਦੇ ਜਦੋਂ ਜਲੂਸ 'ਦੇਵੀ-ਦੁਆਰੇ' ਵਾਲੇ ਪੜਾਅ 'ਤੇ ਪਹੁੰਚਦਾ ਤਾਂ ਅੱਗੇ ਪਿੰਡ ਦੇ ਮੁਖੀ ਹਿੰਦੂ ਸਿਰ ਉੱਤੇ ਚਿੱਟੀਆਂ ਪੱਗਾਂ ਬੰਨ੍ਹ ਕੇ ਸੁਆਗਤ ਲਈ ਹਾਜ਼ਰ ਹੁੰਦੇ ਗੁਰਦੁਆਰੇ ਲਈ ਮਾਇਆ ਅਰਦਾਸ ਕਰਾਉਂਦੇ ਕਵੀਸ਼ਰ ਅਤੇ ਢਾਡੀ ਸਿੰਘ ਹਿੰਦੂ-ਮਿਥਿਹਾਸ ਵਿੱਚੋਂ ਕਿਸੇ ਨਾ ਕਿਸੇ ਕਥਾ ਦਾ ਗਾਇਨ ਕਰਦੇ ਆਮ ਤੌਰ 'ਤੇ ਦ੍ਰੋਪਦੀ ਦੇ ਚੀਰ-ਹਰਣ ਅਤੇ ਭਗਵਾਨ ਕ੍ਰਿਸ਼ਨ ਵੱਲੋਂ ਉਸਦੀ ਰੱਖਿਆ ਕੀਤੇ ਜਾਣ ਜਾਂ ਰਾਮ ਜੀ ਵੱਲੋਂ ਭੀਲਣੀ ਦੇ ਬੇਰ ਖਾਣ ਵਾਲੀ ਕਥਾ ਸੁਣਾਈ ਜਾਂਦੀ ਉਸ ਤੋਂ ਬਾਅਦ ਜੈਕਾਰੇ ਛੱਡਦਾ ਜਲੂਸ ਅਗਲੇ ਪੜਾਅ ਲਈ ਤੁਰ ਪੈਂਦਾ


Namdhari Elibrary NamdhariElibrary@gmail.com

ਦੇਵੀ-ਦੁਆਰੇ ਵਿੱਚ ਹਰ ਸਾਲ ਜਨਮ-ਅਸ਼ਟਮੀ ਮਨਾਈ ਜਾਂਦੀ ਸ਼ਹਿਰਾਂ ਚੋਂ ਮੰਗਵਾਏ ਪ੍ਰਸਿੱਧ ਹਿੰਦੂ ਕੀਰਤਨੀਏਂ ਦੀਵਾਨ ਲਾਉਂਦੇ ਭਗਵਾਨ ਕ੍ਰਿਸ਼ਨ ਦੇ ਜੀਵਨ-ਸਮਾਚਾਰ ਅਤੇ ਭਗਤੀ-ਗਾਇਨ ਸੁਣਨ ਲਈ ਪਿੰਡ ਦੇ ਕਿਸਾਨ ਅਤੇ ਹੋਰ ਜਾਤਾਂ ਦੇ ਲੋਕ ਦੀਵਾਨ ਵਿੱਚ ਪੁੱਜਦੇ ਉਗਰਾਹੀ ਵੀ ਦਿੰਦੇ ਇਸਤਰ੍ਹਾਂ ਜਨਮ-ਅਸ਼ਟਮੀ ਵੀ ਪਿੰਡ ਦਾ ਸਾਂਝਾ ਤਿਓਹਾਰ ਹੋ ਨਿੱਬੜਦਾ ਏਨਾ ਹੀ ਨਹੀਂ ਬਾਜ਼ਾਰ ਵਿੱਚ ਚਮੜੇ ਦਾ ਕੰਮ ਕਰਨ ਵਾਲੇ ਕਾਰੀਗਰ ਹਰ ਸਾਲ ਭਗਤ ਰਵਿਦਾਸ ਜੀ ਦਾ ਜਨਮ-ਦਿਹਾੜਾ ਮਨਾਉਂਦੇ ਉਹ ਬਾਜ਼ਾਰ ਵਿੱਚ ਹੀ ਕਿਸੇ ਖੁੱਲ੍ਹੇ ਥਾਂ ‘ਤੇ ਸ਼ਾਮਿਆਨੇ ਤੇ ਕਨਾਤਾਂ ਲਾ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਅਤੇ ਉਹਨਾਂ ਵੱਲੋਂ ਸੱਦੇ ਬੁਲਾਰੇ ਅਤੇ ਕੀਰਤਨੀਏਂ ਭਗਤ ਰਵਿਦਾਸ ਜੀ ਦੀ ਬਾਣੀ ਦਾ ਗਾਇਨ ਵੀ ਕਰਦੇ ਤੇ ਸੰਗਤਾਂ ਨੂੰ ਉਹਨਾਂ ਦੇ ਜੀਵਨ-ਸਮਾਚਾਰ ਵੀ ਸੁਣਾਉਂਦੇ ਏਥੇ ਵੀ ਪਿੰਡ ਦੇ ਸਾਰੀਆਂ ਜ਼ਾਤਾਂ ਦੇ ਲੋਕ ਸਤਿਕਾਰ ਵਜੋਂ ਹਾਜ਼ਰੀ ਭਰਦੇ

ਮੈਂ ਤਾਂ ਇਹਨਾਂ ਸਭ ਥਾਵਾਂ ‘ਤੇ ਬਚਪਨ ਤੋਂ ਹੀ ਹਾਜ਼ਰੀ ਭਰਦਾ ਰਿਹਾ। ਇਜ ਹੀ ਸਾਡੇ ਪਿੰਡ ਬਾਬੇ ਸ਼ਾਹ ਮਾਲਕ ਅਤੇ ਬਾਬੇ ਸ਼ਾਹ ਜਮਾਲ ਦੀਆਂ ਕਬਰਾਂ ‘ਤੇ ਵੀ ਦੇਸ਼-ਵੰਡ ਤੋਂ ਪਹਿਲਾਂ ਮੇਲੇ ਲੱਗਦੇ ਹੁੰਦੇ ਸਨ ਹੁਣ ਭਾਵੇਂ ਮੁਸਲਮਾਨ ਚਲੇ ਗਏ ਸਨ ਪਰ ਕਦੀ ਕਦੀ ਕੋਈ ਖੁੱਲ੍ਹ-ਦਿਲੇ ਫ਼ਕੀਰੀ ਰੂਹ ਵਾਲੇ ਲੋਕ ਇਹਨਾਂ ਪੀਰਾਂ ਦੀ ਜਗ੍ਹਾ ਤੇ ਵੀ ਕਦੀ ਕਦੀ ਉਗਰਾਹੀ ਕਰਕੇ ਮੇਲਾ-ਗੇਲਾ ਕਰਾ ਦਿੰਦੇ ਉਹ ਕਵਾਲਾਂ ਨੂੰ ਸੱਦਦੇ ਅਤੇ ਕਵੀ-ਕਵੀਸ਼ਰਾਂ ਨੂੰ ਵੀ ਮਿੱਠੇ ਚੌਲਾਂ ਦੀਆਂ ਦੇਗਾਂ ਚੜ੍ਹਦੀਆਂ ਤੇ ਲੰਗਰ ਲਾਇਆ ਜਾਂਦਾ ਪਿੰਡ ਵਿੱਚ ਇੱਕੋ ਇੱਕ ਮੁਸਲਮਾਨਾਂ ਦਾ ਘਰ ਦਾਰਾਂ ਮਰਾਸਣ ਦਾ ਸੀ। ਦਾਰਾਂ ਨੇ ਸੰਤਾਲੀ ਦੇ ਰੌਲਿਆਂ ਵੇਲੇ ਆਪਣੇ ਜੱਦੀ ਪਿੰਡ ਨੂੰ ਛੱਡਣਾ ਅਪ੍ਰਵਾਨ ਕਰ ਦਿੱਤਾ ਸੀ ਤੇ ਉਹ ਆਪਣੇ ਬਾਕੀ ਪਰਿਵਾਰ ਨਾਲ ਪਾਕਿਸਤਾਨ ਜਾਣ ਤੋਂ ਇਨਕਾਰੀ ਹੋ ਗਈ ਸੀ ਉਸਦਾ ਮੁੰਡਾ ਸਦੀਕ ਸਾਡਾ ਹਾਣੀ ਸੀ ਤੇ ਉਸਦੀ ਆਵਾਜ਼ ਵਿੱਚ ਲੋਹੜੇ ਦੀ ਮਿਠਾਸ ਅਤੇ ਸੋਜ਼ ਸੀ ਦਾਰਾਂ ਪਿੰਡ ਦੇ ਹਰੇਕ ਵਿਆਹ ਤੇ ਢੋਲਕੀ ਲੈ ਕੇ ਹਾਜ਼ਰ ਹੁੰਦੀ ਅਤੇ ਆਪਣੇ ਗੀਤਾਂ ਦੀ ਛਹਿਬਰ ਨਾਲ ਖ਼ੁਸ਼ੀ ਦੇ ਮਾਹੌਲ ਨੂੰ ਹੋਰ ਰਾਂਗਲਾ ਬਣਾ ਦਿੰਦੀ ਉਹ ਹੁਣ ਸਾਰੇ ਪਿੰਡ ਦੇ ਵੱਡਿਆਂ ਦੀ ਧੀ-ਭੈਣ ਅਤੇ ਸਾਡੀ ਉਮਰ ਦਿਆਂ ਦੀ ‘ਭੂਆ’ ਵਜੋਂ ਪਿਆਰੀ-ਸਤਿਕਾਰੀ ਜਾਂਦੀ ਸੀ ਅਤੇ ਪਿੰਡ ਦੇ ਲੋਕ ਉਸਦਾ ਬਹੁਤ ਆਦਰ ਕਰਦੇ ਉਹ ਵਿੱਛੜ ਗਏ ਮੁਸਲਮਾਨ ਭਰਾਵਾਂ ਦੀ ਆਖ਼ਰੀ ਯਾਦ-ਨਿਸ਼ਾਨੀ ਵਜੋਂ ਵੀ ਸਤਿਕਾਰ-ਪਿਆਰ ਦੀ ਅਧਿਕਾਰੀ ਬਣੀ ਹੋਈ ਸੀ

ਹਰੇਕ ਸਾਲ ‘ਬ੍ਰਹਮਚਾਰੀ’ ਨਾਮ ਦਾ ਇੱਕ ਬਜ਼ੁਰਗ ਵਿਅਕਤੀ ਸਾਡੇ ਪਿੰਡ ਆਉਂਦਾ। ਉਹ ਅਕਸਰ ਲਾਲਾ ਹੁਕਮ ਚੰਦ ਦੇ ਘਰ ਠਹਿਰਦਾ। ਸਾਡੇ ਘਰ ਤੋਂ ਥੋੜ੍ਹੀ ਹੀ ਦੂਰ ਬਾਜ਼ਾਰ ਵਿੱਚ ਸ਼ਿਵ-ਦਵਾਲਾ ਸੀ। ਰਾਤ ਨੂੰ ਸ਼ਿਵ-ਦਵਾਲੇ ਦੇ ਸਾਹਮਣੇ ਬਾਜ਼ਾਰ ਵਿਚਲੇ ਥਾਂ ਅਤੇ ਹੁਕਮ ਚੰਦ ਦੇ ਘਰ ਦੇ ਸਾਹਮਣੇ ਥੋੜ੍ਹੀ ਕੁ ਬਚੀ ਖਾਲੀ ਥਾਂ ਨੂੰ ਮਿਲਾ ਕੇ ਛੋਟਾ ਜਿਹਾ ਪੰਡਾਲ ਬਣ ਜਾਂਦਾ ਇਸੇ ਥਾਂ ਨਿਰਮਲ ਸ਼ਾਹ ਦੀ ਦੁਕਾਨ ਦੀ ਵੱਖੀ ਨਾਲ ਲੱਗਾ ਛੋਟਾ ਜਿਹਾ ਤਖ਼ਤਪੋਸ਼ ਹੁੰਦਾ ਸੀ, ਜਿੱਥੇ ਸਵੇਰੇ ਸੁੱਚਾ ਨਾਈ ਲੋਕਾਂ ਦੀਆਂ ਹਜਾਮਤਾਂ ਕਰਦਾ; ਓਸੇ ਤਖ਼ਤਪੋਸ਼ ਨੂੰ ਸਟੇਜ ਬਣਾ ਕੇ, ਰਾਤ ਨੂੰ ਬ੍ਰਹਮਚਾਰੀ ਰਮਾਇਣ ਅਤੇ ਮਹਾਂਭਾਰਤ ਦੀ ਕਥਾ ਸੁਣਾਉਂਦਾ। ਹਾਰਮੋਨੀਅਮ ਉਹ ਆਪਣੇ ਨਾਲ ਲੈ ਕੇ ਆਉਂਦਾ ਪਰ ਗਾਉਂਦੇ ਸਮੇਂ ਢੋਲਕ ਤੇ ਸਾਥ ਦੇਣ ਲਈ ਬਾਬਾ ਤਾਰਾ ਸਿੰਘ ਪੈਂਚ ਉਹਦੀ ਮਦਦ ਕਰਨ ਲਈ ਹਰ ਸਾਲ ਬਹੁੜਦਾ। ਬ੍ਰਹਮਚਾਰੀ ਦੀ ਕੀਤੀ ਕਥਾ ਨੂੰ ਸੁਣਨ ਵੀ ਨੇੜਲੀਆਂ ਪੱਤੀਆਂ ਦੇ ਜੱਟ-ਜ਼ਿਮੀਂਦਾਰ ਅਤੇ ਹੋਰ ਲੋਕ ਹਾਜ਼ਰ ਹੁੰਦੇ। ਮੈਂ ਤਾਂ ਹਾਜ਼ਰ ਹੋਣਾ ਹੀ ਹੁੰਦਾ। ਬ੍ਰਹਮਚਾਰੀ ਰਮਾਇਣ ਜਾਂ ਮਹਾਂਭਾਰਤ ਦੀ ਕਿਸੇ ਵਾਰਤਾ ਨੂੰ ਛੂੰਹਦਾ ਅਤੇ ਬੜੇ ਲਟਕਾਓ ਅਤੇ ਕੀਲ ਲੈਣ ਵਾਲੇ ਅੰਦਾਜ਼ ਨਾਲ ਤੜਕੇ ਪਹਿਰ ਤੱਕ ਉਸਨੂੰ ਮੁਕਾਉਂਦਾ। ਉਸਨੂੰ ਸੁਣਦਿਆਂ ਸਰੋਤੇ ਹੱਸਦੇ ਵੀ, ਉਹਨਾਂ ਦੀਆਂ ਅੱਖਾਂ ਵਿੱਚ ਪਾਣੀ ਵੀ ਸਿੰਮਦਾ; ਉਹਨਾਂ ਅੰਦਰ ਗੁੱਸੇ, ਹਮਦਰਦੀ ਅਤੇ ਦੁਖ-ਸੁਖ ਦੇ ਭਾਵ ਵੀ ਜਾਗਦੇ। ਕਥਾ-ਰਸ ਵਿੱਚ ਮੁਗਧ ਹੋਏ ਲੋਕ ਅਗਲੀ ਰਾਤ ਫ਼ਿਰ ਛੇਤੀ ਤੋਂ ਛੇਤੀ ਪੰਡਾਲ ਵਿੱਚ ਪੁੱਜ ਕੇ ਚੰਗੀ ਥਾਂ ਮੱਲਣ ਦੀ ਕੋਸ਼ਿਸ਼ ਕਰਦੇ। ਰਮਾਇਣ ਅਤੇ ਮਹਾਂਭਾਰਤ ਤੋਂ ਇਲਾਵਾ ਹਿੰਦੂ ਮਿਥਿਹਾਸ ਨਾਲ ਜੁੜੀਆਂ ਹੋਰ ਕਥਾਵਾਂ ਅਤੇ ਲੋਕ-ਕਥਾਵਾਂ ਵੀ ਬ੍ਰਹਮਚਾਰੀ ਸੁਣਾਇਆ ਕਰਦਾ। ਮਹੀਨਾ ਭਰ ਕਥਾ ਕਰਨ ਤੋਂ ਬਾਅਦ ਜਦੋਂ ਉਸਦਾ ਆਪਣੇ ‘ਵਤਨ’ ਵਾਪਸ ਪਰਤ ਜਾਣ ਦਾ ਵੇਲਾ ਆਉਂਦਾ ਤਾਂ ਹਰੇਕ ਦੁਕਾਨ ਤੋਂ ਉਸ ਨੂੰ ਭੇਟਾ ਕਰਨ ਲਈ ਉਗਰਾਹੀ ਕੀਤੀ ਜਾਂਦੀ। ਸਿੱਖ ਦੁਕਾਨਦਾਰ ਤਾਂ ਭੇਟਾ ਦਿੰਦੇ ਹੀ ਪਰ ਦੀਵਾਨ ਵਿੱਚ ਆਉਣ ਵਾਲੇ ਹੋਰ ਜੱਟ-ਸਿੱਖ ਵੀ ਬ੍ਰਹਮਚਾਰੀ ਨੂੰ ਭੇਟਾ ਦਿੰਦੇ। ਬ੍ਰਹਮਚਾਰੀ ਦੇ ਤੁਰਨ ਵਾਲੇ ਦਿਨ ਮੇਰੇ ਦਿਲ ਨੂੰ ਖੋਹ ਪੈਣੀ ਸ਼ੁਰੂ ਹੋ ਜਾਣੀ ਅਤੇ ਮੈਂ ਉਸ ਦਿਨ ਤੋਂ ਹੀ ਬ੍ਰਹਮਚਾਰੀ ਦਾ ਅਗਲੇ ਸਾਲ ਆਉਣਾ ਉਡੀਕਣਾ ਸ਼ੁਰੂ ਕਰ ਦਿੰਦਾ।

ਹਿੰਦੂ ਇਤਿਹਾਸ ਅਤੇ ਮਿਥਿਹਾਸ ਨਾਲ ਮੇਰੀ ਮੁੱਢਲੀ ਅਤੇ ਵਿਸਤ੍ਰਿਤ ਜਾਣਕਾਰੀ ਦਾ ਮੁੱਢਲਾ ਸਰੋਤ ਬ੍ਰਹਮਚਾਰੀ ਹੈ ਜਦ ਕਿ ਸਿੱਖ ਇਤਹਾਸ ਨਾਲ ਮੇਰੀ ਪਹਿਲ-ਪਲੱਕੜੀ



Namdhari Elibrary NamdhariElibrary@gmail.com

ਮੁਹੱਬਤ ਪਿੰਡ ਦੇ ਸਾਲਾਨਾ-ਜੋੜ ਮੇਲਿਆਂ 'ਤੇ ਲੱਗਦੇ ਦੀਵਾਨਾਂ ਵਿੱਚ ਸੁਣਾਏ ਜਾਂਦੇ ਪ੍ਰਸੰਗਾਂ ਦੇ ਹਵਾਲੇ ਨਾਲ ਹੋਈ। ਇਸ ਵਿੱਚ ਰਾਮਗੜ੍ਹੀਆਂ ਦੇ ਮੁਹੱਲੇ ਗੁਰਦਵਾਰਾ ਬਾਬਾ ਭਾਈ ਝਾੜੂ ਵਿਖੇ ਭਾਈ ਰਾਮ ਸਿੰਘ ਦੁਆਰਾ ਅੰਮ੍ਰਿਤ ਵੇਲੇ ਸੁਣਾਈ ਜਨਮ-ਸਾਖੀਆਂ ਦੀ ਕਥਾ ਦਾ ਅਸਰ ਵੀ ਸ਼ਾਮਲ ਹੈ। ਏਥੇ ਮੈਂ ਆਪਣੇ ਬਾਪੂ ਚੰਦਾ ਸਿੰਘ ਨਾਲ ਨਿੱਕਾ ਹੁੰਦਾ ਸਵੇਰ ਵੇਲੇ ਕਥਾ ਸੁਣਨ ਜਾਂਦਾ ਹੁੰਦਾ ਸਾਂ ਉਸ ਉਮਰ ਵਿੱਚ ਜਦੋਂ ਅਜੇ ਬੱਚਿਆਂ ਨੂੰ ਨੀਂਦ ਪਿਆਰੀ ਹੁੰਦੀ ਹੈ ਮੈਂ ਕਥਾ ਸੁਣਨ ਦੇ ਲਾਲਚ ਵਿੱਚ ਵੇਲੇ ਸਿਰ ਜਾਗ ਪੈਂਦਾ। ਬਚਪਨ ਵਿੱਚ ਸੁਣੇ ਇਹਨਾਂ ਬੁਲਾਰਿਆਂ ਦੇ ਕਥਾ-ਰਸ ਰਾਹੀਂ ਸਰੋਤਿਆਂ ਨੂੰ ਕੀਲ ਲੈਣ ਵਾਲੇ ਅੰਦਾਜ਼ ਦੀ ਝਲਕ ਮੇਰੀਆਂ ਕਹਾਣੀਆਂ ਵਿੱਚ ਵੀ ਕਿਸੇ ਨਾ ਕਿਸੇ ਰੂਪ ਵਿੱਚ ਵੇਖੀ ਜਾ ਸਕਦੀ ਹੈ।

ਅਜਿਹੇ ਸਾਂਝਾ ਅਤੇ ਅਪਣੱਤ ਭਰੇ ਮਾਹੌਲ ਵਿੱਚ ਹਿੰਦੂ ਮਿਥਿਹਾਸ ਵੀ ਮੈਨੂੰ ਆਪਣੀ ਹੀ ਸੱਭਿਆਚਾਰਕ ਵਿਰਾਸਤ ਲੱਗਦਾ ਭਗਤ ਰਵਿਦਾਸ ਦੀ ਮਿੱਠੀ ਬਾਣੀ ਅੱਗੇ ਵੀ ਮੇਰਾ ਸਿਰ ਝੁਕਦਾ। ਸਿੱਖਾਂ ਦਾ ਜੁਝਾਰੂ ਤੇ ਅਣਖੀਲਾ ਪਰ ਆਪਸੀ ਮਾਨਵੀ ਬਰਾਬਰੀ ਦਾ ਇਤਿਹਾਸ ਮੇਰੀ ਰੂਹ ਦਾ ਹਿੱਸਾ ਬਣ ਰਿਹਾ ਸੀ ਅਤੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਅਨੁਸਾਰ ਮੈਂ ਜ਼ਾਤਾਂ-ਪਾਤਾਂ ਤੋਂ ਪਾਰ ਜਾ ਕੇ ਮਨੁੱਖ ਨੂੰ ਮਨੁੱਖ ਵਜੋਂ ਪਛਾਨਣ ਦੀ ਨਜ਼ਰ ਹਾਸਲ ਕਰ ਲਈ ਸੀ। ਮੇਰੀ ਸੋਚ ਵਸੀਹ ਹੋ ਰਹੀ ਸੀ; ਕਿਸੇ ਵੀ ਕਿਸਮ ਦੀ ਧਾਰਮਿਕ ਤੰਗ-ਦਿਲੀ ਤੋਂ ਮੁਕਤ ਇਸੇ ਕਰਕੇ ਮੈਂ ਆਪਣੇ ਬਚਪਨ ਦੇ ਦੋਸਤਾਂ; ਜੋਗਿੰਦਰ ਨਾਲ ਮਜ਼ਬੀ ਸਿੱਖਾਂ ਦੀ ਠੱਠੀ ਵਿੱਚ ਅਤੇ ਫੌਜੂ ਸਾਂਹਸੀ ਦੇ ਘਰ ਬੇਰੋਕ ਟੋਕ ਜਾ ਸਕਦਾ ਸਾਂ ਅਤੇ ਕਦੀ ਕਦੀ ਉਹਨਾਂ ਨਾਲ ਖਾ ਪੀ ਵੀ ਲੈਂਦਾ ਸਾਂ। ਇਸਦਾ ਇੱਕ ਕਾਰਨ ਸ਼ਾਇਦ ਇਹ ਵੀ ਸੀ ਕਿ ਸਾਡੇ ਘਰ ਵਿੱਚ ਕੋਈ ਵੀ ਜੀਅ ਧਾਰਮਿਕ ਕੱਟੜਤਾ ਦਾ ਸ਼ਿਕਾਰ ਨਹੀਂ ਸੀ। ਮੇਰੀ ਦਾਦੀ ਹਰਨਾਮ ਕੌਰ ਤਾਂ ਅਕਸਰ ਸਿੱਖ ਗੁਰੂਆਂ ਦੇ ਮਾਨਵੀ ਸੁਨੇਹੇ ਦੀਆਂ ਕਥਾਵਾਂ ਸੁਣਾਉਂਦੀ ਰਹਿੰਦੀ ਸੀ। ਮੈਨੂੰ ਯਾਦ ਹੈ ਜਦੋਂ ਸਾਡੇ ਘਰ ਦੇ ਸਾਹਮਣੇ ਦੀਵਾਨ ਸ਼ਾਹ ਹੁਰਾਂ ਦੇ ਚੁਬਾਰਿਆਂ ਵਿੱਚ ਜੁੱਤੀਆਂ ਸੀਊਣ ਵਾਲਾ ਕਾਰੀਗਰ ਕਰਮ ਚੰਦ ਅਤੇ ਉਸਦਾ ਪਰਿਵਾਰ ਰਹਿੰਦਾ ਸੀ ਤਾਂ ਉਸਦੀ ਘਰਵਾਲੀ ਬਾਵੀ ਸੁਥਰੇ ਕੱਪੜੇ ਪਾ ਕੇ ਮੇਰੀ ਮਾਂ ਜਾਂ ਦਾਦੀ ਨਾਲ ਉਹਨਾਂ ਦੀ ਮੰਜੀ ਉੱਤੇ ਬੈਠ ਕੇ ਗੱਪ-ਗੋਸ਼ਟ ਵੀ ਕਰਦੀ ਰਹਿੰਦੀ ਤੇ ਨਾਲ ਨਾਲ ਜੁੱਤੀਆਂ ਦੇ ਪੱਲਿਆਂ 'ਤੇ ਤਿੱਲੇ ਦੀ ਕਢਾਈ ਵੀ ਕਰੀ ਜਾਂਦੀ। ਘਰ ਦੇ ਕਿਸੇ ਜੀਅ ਨੂੰ ਉਸ ਵੱਲੋਂ ਮੰਜੇ 'ਤੇ ਕੋਲ ਬਹਿ ਕੇ ਚਮੜੇ ਦਾ ਕੰਮ ਕਰਨਾ ਅਸਹਿਜ ਨਹੀਂ ਸੀ ਲੱਗਦਾ। ਇਥੇ ਮੰਜੇ ਤੇ ਬੈਠਿਆਂ ਹੀ ਕਦੀ ਕਦੀ ਕੋਈ ਜਣਾ ਰੋਟੀ ਵੀ ਖਾਂਦਾ ਤੇ ਚਾਹ ਤਾਂ ਅਕਸਰ ਪੀਤੀ ਜਾਂਦੀ। ਕਿਸੇ ਸੁੱਚ-ਭਿੱਟ ਦਾ ਨਾ ਹੀ ਖ਼ਿਆਲ ਸੀ ਤੇ ਨਾ ਹੀ ਕੋਈ ਸਵਾਲ।

ਸਾਡੇ ਗੁਆਂਢ ਕਰਿਆਨੇ ਦੀ ਦੁਕਾਨ ਕਰਨ ਵਾਲਾ ਚਾਚਾ ਵੇਦ ਪ੍ਰਕਾਸ਼ ਅੰਗੀਠੀ ਭਖ਼ਾ ਕੇ ਦੁਕਾਨ ਦੇ ਵਿਚਕਾਰ ਰੱਖ ਲੈਂਦਾ ਰਾਤ ਨੂੰ ਕਿਸੇ ਜ਼ਨਾਨਾ ਗ੍ਰਾਹਕ ਦੇ ਆਉਣ ਦੀ ਗੁੰਜਾਇਸ਼ ਤਾਂ ਹੁੰਦੀ ਨਹੀਂ ਸੀ ਕਦੀ ਕਦੀ ਕੋਈ ਮਰਦ ਗਾਹਕ ਹੀ ਆਉਂਦਾ ਅਤੇ ਉਹ ਉੱਠ ਕੇ ਸੌਦਾ ਜੋਖ ਦਿੰਦਾ ਨਹੀਂ ਤਾਂ ਅੰਗੀਠੀ ਦੁਆਲੇ ਦੋ-ਚਾਰ ਬੰਦਿਆਂ ਨਾਲ ਬੈਠ ਕੇ ਉਹ ਦੇਰ ਰਾਤ ਤੱਕ ਗੱਲਾਂ-ਗੱਪਾਂ ਮਾਰਨ ਦਾ ਮਾਹੌਲ ਬਣਾਈ ਰੱਖਦਾ ਮੈਂ ਆਪਣੇ ਪਿਓ ਨਾਲ ਹੀ ਗੱਲਾਂ ਦੇ ਕੰਨ-ਰਸ ਦਾ ਮਾਰਿਆ, ਬਚਪਨ ਵਿੱਚ, ਦੇਰ ਰਾਤ ਤੱਕ ਦੁਕਾਨ ਵਿੱਚ ਬੈਠਿਆ ਰਹਿੰਦਾ। ਤਾਇਆ ਲਾਭ-ਚੰਦ ਵੀ ਸ਼ਾਮ ਨੂੰ ਆਪਣੀ ਬਜਾਜੀ ਦੀ ਦੁਕਾਨ ਵਧਾ ਕੇ ਇੱਥੇ ਆ ਬੈਠਦਾ ਪਾਕਿਸਤਾਨ ਬਣੇ ਨੂੰ ਅਜੇ ਥੋੜ੍ਹੇ ਸਾਲ ਹੀ ਹੋਏ ਸਨ ਅਤੇ ਉਹਨਾਂ ਦੀਆਂ ਗੱਲਾਂ ਦਾ ਵਿਸ਼ਾ ਅਕਸਰ ਹੀ ਪਿੰਡ ਛੱਡ ਕੇ ਪਾਕਿਸਤਾਨ ਤੁਰ ਗਏ ਉਹਨਾਂ ਦੇ ਮੁਸਲਮਾਨ ਗਿਰਾਈਂ ਹੁੰਦੇ। ਉਹ ਆਪਣੇ ਜਮਾਤੀਆਂ, ਯਾਰਾਂ ਅਤੇ ਹੋਰ ਚੰਗੇ ਮੁਸਲਮਾਨਾਂ ਨੂੰ ਯਾਦ ਕਰਕੇ, ਉਹਨਾਂ ਦੀਆਂ ਖ਼ੂਬੀਆਂ ਗਿਣ ਕੇ ਹੋਈ ਦੇਸ਼-ਵੰਡ ਅਤੇ ਕਤਲੋਗ਼ਾਰਤ ਉੱਤੇ ਝੁਰਦੇ ਰਹਿੰਦੇ। ਮੈਨੂੰ ਉਹਨਾਂ ਦੀਆਂ ਗੱਲਾਂ ਸੁਣ ਕੇ ਉਹਨਾਂ ਵਾਂਗ ਹੀ ਬੜਾ ਦੁੱਖ ਹੁੰਦਾ ਕਿ ਮੁਸਲਮਾਨ ਇੱਥੋਂ ਕਿਉਂ ਚਲੇ ਗਏ। ਮੈਂ ਮੁਸਲਮਾਨਾਂ ਸਮੇਤ ਵੰਡ ਤੋਂ ਪਹਿਲਾਂ ਵੱਸਦੇ ਪਿੰਡ ਦੀ ਕਲਪਨਾ ਕਰ ਕੇ ਰੋਮਾਂਚਿਤ ਹੋ ਉੱਠਦਾ। ਉਹਨਾਂ ਸਾਰਿਆਂ ਦੀਆਂ ਗੱਲਾਂ ਵਿੱਚ ਤੁਰ ਗਏ ਭਰਾਵਾਂ ਦੇ ਵਿਛੋੜੇ ਦਾ ਹੇਰਵਾ ਅਤੇ ਵਿਗੋਚਾ ਹੁੰਦਾ। ਉਹ ਉਸ ਸਮੇਂ ਪੈਦਾ ਹੋਏ ਨਫ਼ਰਤ ਦੇ ਮਾਹੌਲ ਉੱਤੇ ਵੀ ਟਿੱਪਣੀ ਕਰਦੇ।

ਭਾਵੇਂ ਪਿੰਡ ਦੇ ਮੁਸਲਮਨਾਂ ਨੂੰ ਬਚਾਉਣ ਦੇ ਯਤਨ ਕੀਤੇ ਗਏ ਪਰ ਫਿਰ ਵੀ ਮੈਨੂੰ ਇਹਨਾਂ ਬਜ਼ੁਰਗਾਂ ਦੀਆਂ ਗੱਲਾਂ ਤੋਂ ਹੀ ਪਤਾ ਲੱਗਾ ਕਿ ਸਾਡੇ ਹੀ ਪਿੰਡ ਦੇ ਦੋ ਬੰਦਿਆਂ ਨੇ ਕੁੱਝ ਮੁਸਲਮਾਨਾਂ ਨੂੰ ਲੱਭ ਲੱਭ ਅਤੇ ਚੁਣ ਚੁਣ ਕੇ ਮਾਰਿਆ। ਉਹ ਦੋਵੇਂ ਬੰਦੇ ਅਜੇ ਜਿਉਂਦੇ ਸਨ ਮੈਂ ਉਹਨਾਂ ਬੰਦਿਆਂ ਨੂੰ ਵੇਖ ਕੇ ਸਹਿਮ ਜਾਂਦਾ। ਉਹਨਾਂ ਵਿਚੋਂ ਇੱਕ ਤਾਂ ਮੇਰੇ ਜਮਾਤੀ ਦਾ ਹੀ ਪਿਓ ਸੀ ਅਤੇ ਉਸ ਜਮਾਤੀ ਨਾਲ ਮੇਰਾ ਉਹਨਾਂ ਦੇ ਘਰ ਆਉਣ-ਜਾਣ ਸੀ ਦੂਜਾ ਤਾਂ ਹੈ ਹੀ ਸਾਡੇ ਸਕਿਆਂ ਵਿਚੋਂ ਸੀ। ਪੜ੍ਹਿਆ-ਲਿਖਿਆ ਅਤੇ ਆਜ਼ਾਦ



Namdhari Elibrary NamdhariElibrary@gmail.com

ਹਿੰਦ ਫੌਜ ਦਾ ਸਾਬਕਾ ਸਿਪਾਹੀ। ਉਹਦੀ ਪਤਨੀ ਵੀ ਸਾਡੇ ਪੁਰਾਣੇ ਪਿੰਡ ਭੜਾਣੇ ਤੋਂ ਹੋਣ ਕਰਕੇ ਸਾਡੀ ਭੂਆ ਲੱਗਦੀ ਸੀ। ਬੜਾ ਹੀ ਪਿਆਰ ਕਰਨ ਵਾਲੀ ਨੇਕ-ਰੂਹ ਔਰਤ। ਉਹਨਾਂ ਦਾ ਇਕਲੌਤਾ ਮੁੰਡਾ ਵੀ ਮੇਰਾ ਯਾਰ ਸੀ ਇਸ ਲਈ ਉਹਨਾਂ ਦੇ ਘਰ ਵੀ ਅਕਸਰ ਜਾਂਦਾ ਆਉਂਦਾ ਰਹਿੰਦਾ ਸਾਂ ਭਾਵੇਂ ਇਹਨਾਂ ਬੰਦਿਆਂ ਦਾ ਵਤੀਰਾ ਆਮ ਬੰਦਿਆਂ ਵਰਗਾ ਹੀ ਹੁੰਦਾ ਪਰ ਮੈਨੂੰ ਫ਼ਿਰ ਵੀ ਉਹਨਾਂ ਅੰਦਰ ਲੁਕੇ ਦੈਂਤ ਤੋਂ ਖ਼ੌਫ਼ ਆਉਂਦਾ ਹੀ ਰਹਿੰਦਾ। ਜਿੰਨਾ ਚਿਰ ਉਹ ਜਿਊਂਦੇ ਰਹੇ, ਮੈਂ ਉਹਨਾਂ ਨੂੰ ਕਦੀ ਸਹਿਜ-ਭਾਵ ਨਾਲ ਨਹੀਂ ਵੇਖ ਸਕਿਆ ਮੇਰੀ ਕਹਾਣੀ 'ਪਰਛਾਵੇਂ' ਵਿੱਚ ਇਹਨਾਂ ਵਿੱਚੋਂ ਇੱਕ ਦਾ ਜ਼ਿਕਰ ਹੋਇਆ ਹੈ ਇਸ ਪਾਤਰ ਦਾ ਨਾਮ 'ਬਲਬੀਰ ਸਿੰਘ' ਹੈ। ਉਹਦੇ ਦੁਆਰਾ ਕੀਤੇ 'ਫ਼ਜ਼ਲ ਹੁਸੈਨ' ਨਾਂ ਦੇ ਪਾਤਰ ਦਾ ਕਤਲ ਮੇਰੇ ਪਿੰਡ ਦੀ ਹੀ ਕਹਾਣੀ ਸੀ ਇਹ 'ਬਲਬੀਰ ਸਿੰਘ' ਉਹੋ ਸੀ ਜਿਸ ਦੀ ਪਤਨੀ ਨੂੰ ਪਿਛਲੇ ਪਿੰਡ ਦੇ ਸਾਕ ਵਜੋਂ 'ਭੂਆ' ਆਖਦਾ ਸਾਂ ਅਤੇ ਜਿਸਨੂੰ ਇਸ ਪਿੰਡ ਦੇ ਭਾਈਚਾਰੇ ਵਿਚੋਂ ਸਕਿਆਂ ਵਿਚੋਂ ਹੋਣ ਤੇ 'ਤਾਇਆ' ਆਖਦਾ ਸਾਂ। ਜਦੋਂ ਮੈਂ ਵੱਡਾ ਹੋ ਕੇ ਲਿਖਣ-ਛਪਣ ਲੱਗ ਪਿਆ ਤਾਂ ਉਸਨੇ ਮੈਨੂੰ ਆਪਣੇ ਆਜ਼ਾਦ ਹਿੰਦ ਫੌਜ ਦੇ ਦਿਨਾਂ ਦੀ ਲਿਖੀ ਡਾਇਰੀ ਦੇ ਕੇ ਆਪਣੇ ਬਾਰੇ ਕੁੱਝ ਲਿਖਣ ਲਈ ਵੀ ਕਿਹਾ ਸੀ। ਅੱਜ ਵੀ ਇਹ ਸੋਚ ਕੇ ਹੈਰਾਨ ਹੁੰਦਾ ਹਾਂ ਕਿ ਆਜ਼ਾਦ ਹਿੰਦ ਫੌਜ ਵਿੱਚ ਰਹਿ ਕੇ ਵੀ, ਜਿੱਥੇ ਹਿੰਦੂ, ਸਿੱਖ ਤੇ ਮੁਸਲਮਾਨ, ਮਿਲ ਕੇ ਭਰਾਵਾਂ ਵਾਂਗ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਜੂਝੇ ਸਨ, ਉਹ ਰੌਲਿਆਂ ਵੇਲੇ ਕਿਵੇਂ 'ਦੈਂਤ' ਬਣ ਗਿਆ ਸੀ!

ਸਾਂਝ ਦੇ ਮਾਹੌਲ ਵਿਚੋਂ ਰਸ ਚੋਣ ਲਈ ਮੇਰੀ ਸੰਵੇਦਨਸ਼ੀਲਤਾ ਤੇ ਮੇਰੇ ਕੰਨ-ਰਸ ਨੇ ਬੜੀ ਸਹਾਇਤਾ ਕੀਤੀ ਵੱਡਾ ਹੋਣ 'ਤੇ ਸਕੂਲ ਅਧਿਆਪਕ ਬਣ ਜਾਣ ਤੋਂ ਬਾਅਦ ਵੀ ਮੈਂ ਵਿਹਲੇ ਸਮੇਂ ਵਿੱਚ ਤਾਏ ਲਾਭ ਚੰਦ ਦੀ ਦੁਕਾਨ 'ਤੇ ਉਸ ਕੋਲ ਜਾ ਬਹਿੰਦਾ ਅਤੇ ਉਸ ਕੋਲੋਂ 'ਉਹਦੇ ਵੇਲਿਆਂ ਦੀਆਂ' ਪੁਰਾਣੀਆਂ ਗੱਲਾਂ ਸੁਣਦਾ। ਇੰਜ ਹੀ ਧੰਨਾ ਸਿੰਘ ਮੋਚੀ ਕੋਲ ਵੀ ਲੋਕ-ਕਥਾਵਾਂ ਦਾ ਖ਼ਜ਼ਾਨਾ ਹੁੰਦਾ ਸੀ ਉਹ ਦਸਵੀਂ ਤੱਕ ਮੇਰੇ ਜਮਾਤੀ ਰਹਿ ਚੁੱਕੇ ਤਰਸੇਮ ਦਾ ਪਿਉ ਸੀ ਪਰ ਮੇਰਾ ਉਸ ਨਾਲ ਬੁਲਾਰੇ ਅਤੇ ਸਰੋਤੇ ਵਾਲਾ ਯਰਾਨਾ ਸੀ। ਉਹ ਜੁੱਤੀਆਂ ਸੀ ਰਿਹਾ ਹੁੰਦਾ ਤੇ ਮੈਂ ਉਸਦੇ ਸਾਹਮਣੇ ਚੌਂਕੀ 'ਤੇ ਬੈਠ ਕੇ ਉਸਤੋਂ ਜੱਗ-ਜਹਾਨ ਦੀਆਂ ਗੱਲਾਂ ਸੁਣਦਾ। ਭਗਤ ਰਵਿਦਾਸ ਦੀ ਸਿਲ਼ ਹੇਠਾਂ ਵਗਦੀ ਗੰਗਾ ਵਾਂਗ ਧੰਨਾ ਸਿੰਘ ਦੀ 'ਸਿਲ਼' ਹੇਠਾਂ ਕਥਾ-ਕਹਾਣੀਆਂ ਦੀ ਗੰਗਾ ਵਗਦੀ ਸੀ। ਦਿਲਚਸਪ ਗੱਲ ਇਹ ਹੈ ਕਿ ਇਹਨਾਂ ਵਿਚੋਂ ਤਾਇਆ ਲਾਭ ਚੰਦ ਤਥਾ-ਕਥਿਤ ਉਚ-ਜਾਤੀ ਬ੍ਰਾਹਮਣ ਸੀ ਅਤੇ ਧੰਨਾ ਸਿੰਘ ਕਥਿਤ ਨਿਮਨ-ਜਾਤ ਨਾਲ ਸੰਬੰਧਤ ਪਰ ਮੇਰੇ ਲਈ ਦੋਵੇਂ ਹੀ ਮੇਰੇ ਆਦਰਯੋਗ ਬਜ਼ੁਰਗ ਸਨ ਅੱਜ ਵੀ ਉਹਨਾਂ ਨੂੰ ਯਾਦ ਕਰਕੇ ਸਿਰ ਆਦਰ ਨਾਲ ਝੁਕ ਜਾਂਦਾ ਹੈ।

*(ਚਲਦਾ...)*

## ਜਗਦੀਸ਼ ਰਾਣਾ ਦੀ ਪੁਸਤਕ ਰਿਲੀਜ਼

ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਵੱਲੋਂ ਨੌਜਵਾਨ ਸ਼ਾਇਰ ਜਗਦੀਸ਼ ਰਾਣਾ ਦਾ ਗੀਤ ਸੰਗ੍ਰਹਿ 'ਯਾਦਾਂ ਦੇ ਗਲੋਟੇ' ਰਿਲੀਜ਼ ਸਮਾਗਮ ਵਿਰਸਾ ਵਿਹਾਰ ਜਲੰਧਰ ਵਿਖੇ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਉਸਤਾਦ ਸ਼ਾਇਰ ਸਰਦਾਰ ਪੰਛੀ, ਸੰਸਾਰ ਪ੍ਰਸਿੱਧ ਗਾਇਕ ਬੂਟਾ ਮੁਹੰਮਦ ਮੰਚ ਦੇ ਪ੍ਰਧਾਨ ਰਾਜਿੰਦਰ ਪਰਦੇਸੀ, ਉਸਤਾਦ ਸ਼ਾਇਰ ਅਮਰਜੀਤ ਸੰਧੂ ਅਤੇ ਗੁਰਦਿਆਲ ਰੌਸ਼ਨ ਹੋਰਾਂ ਕੀਤੀ ਪੁਸਤਕ ਤੇ ਚਰਚਾ ਕਰਦਿਆਂ ਹਰਮੀਤ ਅਟਵਾਲ ਹੋਰਾਂ ਕਿਹਾ ਕਿ ਸਾਫ਼ ਸੁਥਰੇ ਗੀਤਾਂ ਦੀ ਪੁਸਤਕ ਲੱਚਰ ਗਾਇਕੀ ਨੂੰ ਠੱਲ ਪਾਉਣ ਵਿਚ ਸਹਾਈ ਹੋਵੇਗੀ। ਮੰਚ ਵੱਲੋਂ ਝਾਰਖੰਡ ਦੇ ਉੱਘੇ ਰੰਗ ਕਰਮੀ ਜਤਿਨ ਮਰਾਂਡੀ (ਜੋ ਲੋਕ ਹਿਤਾਂ ਲਈ ਸੰਘਰਸ਼ਸ਼ੀਲ ਸੀ) ਉੱਤੇ ਝੂਠੇ ਕੇਸ ਬਣਾ ਕੇ ਫਾਂਸੀ ਦੀ ਸਜਾ ਕਰਾਉਣ ਲਈ ਝਾਰਖੰਡ ਸਰਕਾਰ ਖਿਲਾਫ ਨਿੰਦਾ ਦਾ ਮਤਾ ਪਾਸ ਕਰਦਿਆਂ ਮਾਨਯੋਗ ਅਦਾਲਤ ਨੂੰ ਅਪੀਲ ਕੀਤੀ ਗਈ ਕਿ ਉਹ ਜਤਿਨ ਮਰਾਂਡੀ ਦੇ ਕੇਸ ਦੀ ਦੁਬਾਰਾ ਨਜ਼ਰਸਾਨੀ ਕਿਸੇ ਗੈਰ ਸਰਕਾਰੀ ਏਜੰਸੀ ਤੋਂ ਕਰਾਵੇ। ਪੰਜਾਬੀ ਦੇ ਵਿਦਵਾਨ ਲੇਖਕ ਗਿਆਨ ਸਿੰਘ ਬੱਲ ਦੀ ਮੌਤ 'ਤੇ ਸ਼ੋਕ ਮਤਾ ਵੀ ਪਾਸ ਕੀਤਾ ਗਿਆ। ਉਪਰੰਤ ਹੋਏ ਕਵੀ ਦਰਬਾਰ ਵਿਚ ਸ੍ਰਵ ਸ੍ਰੀ ਸਰਦਾਰ ਪੰਛੀ, ਅਮਰਜੀਤ ਸੰਧੂ, ਡੀ.ਆਰ.ਧਵਨ, ਗੁਰਦਿਆਲ ਰੌਸ਼ਨ, ਚਰਨਜੀਤ ਜੋਗੀ, ਗੁਰਦੀਪ ਭਾਟੀਆ, ਡਾ.ਕਮਲ ਭੱਲਾ, ਗੁਰਦੀਸ਼ ਕੌਰ ਗਰੇਵਾਲ, ਭਜਨ ਸਿੰਘ ਵਿਰਕ, ਨਰਿੰਦਰ ਮਾਨਵ, ਰੇਨੂ, ਰੂਪ ਨਿਮਾਣਾ, ਜਗਦੀਸ਼ ਰਾਣਾ, ਪ੍ਰਮਦਾਸ ਹੀਰ, ਜਸਵਿੰਦਰ ਮਹਿਰਮ, ਪ੍ਰੋ. ਸੰਧੂ ਵਰਿਆਣਵੀ, ਤਾਰਾ ਸਿੰਘ ਤਾਰਾ ਯੂ.ਕੇ., ਜਿੰਗਾ ਸਿੰਘ, ਦੇਵ ਰਾਜ ਦਾਦਰ, ਦਾਦਰ ਪੰਡੋਰਵੀ, ਕਾਲਾ ਮੱਲੀਆਂ ਵਾਲਾ, ਸਰਬਜੀਤ ਦਰਦੀ, ਰੇਨੂੰ ਆਮਦਪੁਰ, ਪਰਮਵੀਰ ਕੌਰ ਜ਼ੀਰਾ, ਜਸਪਾਲ ਜ਼ੀਰਵੀ, ਰਾਜਿੰਦਰ ਪਰਦੇਸੀ, ਰਾਜ ਸੰਧੂ, ਨਕਸ਼ ਵਰਿਆਣਵੀ ਤੋਂ ਇਲਾਵਾ ਸਮਾਗਮ ਦੀ ਸ਼ੋਭਾ ਵਧਾਉਣ ਵਾਲਿਆਂ ਵਿਚ ਸ੍ਰਵ ਸ਼੍ਰੀ ਹਰਜਿੰਦਰ ਬੱਲ, ਦੇਸ ਰਾਜ ਕਾਲੀ, ਅਸ਼ੋਕ ਸਿਆਲ, ਗੋਪਾਲ ਪਾਲੀ, ਅਰਵਿੰਦ ਕੁਮਾਰ, ਲਾਲਚੰਦ, ਜਸਵਿੰਦਰ ਅਜ਼ਾਦ ਸੰਪਾਦਕ ਰਜਨੀ, ਹਰਭਜਨ ਸਿੰਘ ਸੱਦੂਵਾਲ, ਸੁਨੀਲ ਕੁਮਾਰ, ਮਦਨਜੀਤ ਮਨਹਾਸ, ਸੁਮੀਤ ਭਾਟੀਆ, ਕੁਲਦੀਪ, ਅਸ਼ਵਨੀ ਕੁਮਾਰ, ਤਸ਼ਰੀਫ ਫਰਮਾ ਸਨ।

*—ਜਸਪਾਲ ਜ਼ੀਰਵੀ*


Namdhari Elibrary NamdhariElibrary@gmail.com

## ਉਹ ਸ਼ਹਿਜ਼ਾਦਾ ਗ਼ਜ਼ਲ ਦਾ !

*—ਡਾ. ਹਰਨੇਕ ਸਿੰਘ ਕੋਮਲ*

ਸਾਜ਼ਿੰਦੇ ਗ਼ਮਗੀਨ ਨੇ, ਗ਼ਮਜ਼ਦਾ ਨੇ ਸਾਜ਼।
ਗ਼ਜ਼ਲ ਨਾ ਛੇੜੀ ਓਸਨੇ, ਚੁੱਪ ਹੈ ਗ਼ਜ਼ਲ ਨਿਵਾਜ਼॥

ਸ਼ਹਿਜ਼ਾਦਾ ਉਹ ਗ਼ਜ਼ਲ ਦਾ, ਮਹਿਫ਼ਿਲ ਦਾ ਸ਼ਿੰਗਾਰ।
ਪਤਾ-'ਨੀ ਕਿਹੜੇ ਅੰਬਰੀਂ, ਗਿਆ ਉਡਾਰੀ ਮਾਰ॥

ਭਰਿਆ ਦਿਲ-ਦਰਿਆ ਸੀ, ਦੁੱਖਾਂ-ਦਰਦਾਂ ਨਾਲ।
ਲਿਆ ਦਰਦ ਸੀ ਓਸਨੇ, ਮੌਸੀਕੀ ਵਿਚ ਢਾਲ॥

ਇਸ ਤਰ੍ਹਾਂ ਉਹ ਗ਼ਜ਼ਲ ਦਾ, ਕਰਦਾ ਸੀ ਆਲਾਪ।
ਡਾਰੋਂ ਵਿਛੜੀ ਕੂੰਜ ਜਿਉਂ, ਕਰਦੀ ਹੈ ਵਿਰਲਾਪ॥

ਗ਼ਜ਼ਲ ਸੀ ਉਹ ਗਾਉਂਦਾ, ਖ਼ੂਬ, ਠਰ੍ਹੰਮੇ ਨਾਲ।
ਸੁਰ ਦੇ ਵਿਚ ਸੀ ਰੱਖਦਾ, ਮੱਠੀ-ਮੱਠੀ ਚਾਲ॥

ਮਖ਼ਮਲ ਜਿਹੀ ਆਵਾਜ਼ ਸੀ, ਮਿਸ਼ਰੀ ਵਰਗੇ ਬੋਲ।
ਗਾਇਕੀ ਦਾ ਅੰਦਾਜ਼ ਸੀ, ਵੱਖਰਾ ਉਸ ਦੇ ਕੋਲ॥

ਆਸ਼ਿਕ ਸੀ ਉਹ ਗ਼ਜ਼ਲ ਦਾ, ਗ਼ਜ਼ਲ ਸੀ ਜਿੰਦ ਜਾਨ।
ਬਖ਼ਸ਼ਿਆ ਹੈ 'ਜਗਜੀਤ' ਨੇ, ਇਸ ਨੂੰ ਡਾਢਾ ਮਾਨ॥

ਚਹੁੰ ਕੂੰਟਾਂ ਵਿਚ ਗ਼ਜ਼ਲ ਦੀ, ਗਿਆ ਉਹ ਮਹਿਕ ਖਿਲਾਰ।
ਗ਼ਜ਼ਲ ਨੂੰ ਉਹ ਲੈ ਗਿਆ, ਸੱਤ ਸਮੁੰਦਰ ਪਾਰ॥

ਰੌਲਾ-ਰੱਪਾ ਵਧ ਗਿਆ, ਨਾ ਗ਼ਜ਼ਲ, ਨਾ ਗੀਤ।
ਗਾਇਕੀ ਕਿਸ ਨੂੰ ਆਖਦੇ, ਦੱਸ ਗਿਆ 'ਜਗਜੀਤ'॥

ਸੂਰਤ ਸੀ ਮਨਮੋਹਨੀ, ਸੀਰਤ ਟੂਣੇਹਾਰ।
ਰੂਹ ਨੂੰ ਲੈਂਦਾ ਕੀਲ ਸੀ, ਜਾਦੂਗਰ ਛਨਕਾਰ॥

ਉਹ ਯਾਰਾਂ ਦਾ ਯਾਰ ਸੀ, ਮਨ ਦਾ ਪਿਆਰਾ ਮੀਤ।
ਮੁੜ ਕੇ ਨਹੀਓਂ ਲੱਭਣਾ, ਸਾਨੂੰ ਉਹ 'ਜਗਜੀਤ'॥

ਪੌਣਾਂ ਦੇ ਵਿਚ ਰਹਿਣਗੇ, ਉਸ ਦੇ ਮਿੱਠੇ ਬੋਲ।
ਜਾ ਕੇ ਸਾਥੋਂ ਦੂਰ ਵੀ, ਸਦਾ ਰਹੇਗਾ ਕੋਲ॥

ਗ਼ਜ਼ਲ ਰਹੇਗੀ ਜਦੋਂ ਤੱਕ, ਜ਼ਿੰਦਾ, ਪੁਰ ਆਬਾਦ।
ਜ਼ਿੰਦਾ ਰਹੂ 'ਜਗਜੀਤ' ਵੀ, ਰਹੇਗੀ ਉਸ ਦੀ ਯਾਦ॥

*ਗਲੀ ਵਿਕਾਸ ਪਬਲਿਕ ਸਕੂਲ,*
*ਮਲੋਟ-੧੫੨੧੦੭*
*ਮੋ-੯੩੧੭੭-੬੧੪੧੪*

## ਦੋ ਗ਼ਜ਼ਲਾਂ / *—ਪ੍ਰੋ. ਜਸਵੰਤ ਸਿੰਘ ਕੈਲਵੀ*

(੧)

ਪੰਛੀਆਂ ਦੇ ਪਰ ਜਲਾ ਕੇ, ਆਖਦੇ ਹੋ, ਫੜਫੜਾਓ!
ਬੁਲਬੁਲਾਂ ਦੀ ਜੀਭ ਟੁੱਕਕੇ, ਆਖਦੇ ਹੋ, ਗੀਤ ਗਾਓ!

ਹੈ ਅਜ਼ਾਦੀ, ਲੋਕਤੰਤਰ ਹੈ ਨਿਆਂ ਤੇ ਅਮਨ ਸ਼ਾਂਤੀ
ਪਿੰਜਰੇ ਵਿਚ ਬੈਠ ਕੇ ਤੇ ਚਹਿਚਹਾਓ! ਚਹਿਚਹਾਓ!

ਪੂੰਝ ਦੇਵੋ ਦਾਗ਼ ਗ਼ਮ ਦੇ, ਖ਼ੂਨ ਦੇ ਕੇ ਕਰਜ਼ ਮੋੜੋ!
ਸਬਰ ਸਿਖੋ! ਉਮਰ ਭੋਗੋ! ਮੌਜ ਮਾਣੋ! ਮੁਸਕਰਾਓ!

ਹੁਣ ਚਮਨ ਵਿਚ ਚੈਨ ਰੱਖੋ! ਦੋਸਤੀ ਦਾ ਹਰਫ਼ ਸਿਖੋ!
ਖ਼ਤਮ ਕਰਕੇ ਦੁਸ਼ਮਣੀ ਨੂੰ ਨਸਲ ਆਪਣੀ ਨੂੰ ਬਚਾਓ!

ਪਿੰਜਰੇ ਵਿਚ ਹੈ ਸੁਰੱਖਿਆ ਮਿਲ ਰਿਹਾ ਹੈ ਦਾਲਦਾਣਾ
ਆਸਮਾਂ 'ਚੋਂ ਕੀ ਲਵੋਗੇ? ਉਸ ਜਗ੍ਹਾ ਹੀ ਪਰਤ ਜਾਓ!

ਵਗ ਰਹੀ ਹੈ ਲੋਭ ਦੀ ਨੈਂ ਇਸ ਨਦੀ ਤੋਂ ਦੂਰ ਰਹਿਣਾ
ਘਰ ਜ਼ਮੀਨਾਂ ਖੇਤ ਜੰਗਲ ਨਾਲ ਰਿਸ਼ਤਾ ਨਾ ਬਣਾਓ।

ਜਿਸ ਤੁਹਾਨੂੰ ਕੈਦ ਕੀਤਾ ਕੈਲਵੀ ਮਿੱਤਰ ਨਹੀਂ ਹੈ ਉਹ
ਹੈ ਸਮਾਂ ਹੁਣ ਜੀਣ ਖਾਤਰ ਸੋਚ ਸੁੱਚੀ ਨੂੰ ਬਚਾਓ!

(੨)

ਖੰਭਾਂ ਬਿਨਾ ਨਾ ਵੇਖੇ! ਪੰਛੀ ਉਡਾਣ ਭਰਦੇ
ਸ਼ਬਦਾਂ ਨੂੰ ਪਰ ਲਗਾ ਕੇ ਆਪਣੇ ਪਰਾਣ ਭਰਦੇ!

ਜੀਵਨ ਬਿਖ਼ਰ ਰਿਹਾ ਹੈ ਰੇਤੇ ਦੀ ਕੰਧ ਵਾਂਗੂੰ
ਹੋਵੇ ਫੁਲਾਦ ਜੀਕੂੰ ਏਹਦੇ 'ਚ ਤਾਣ ਭਰਦੇ!

ਮੋਇਆ ਇਹ ਇਸ਼ਕ ਮੋਇਆ ਫਿੱਕਾ ਹੈ ਰੰਗ ਹੋਇਆ
ਏਹਦੇ 'ਚ ਜਾਨ ਪਾ ਦੇ, ਤਪ ਤੇ ਤਰਾਣ ਭਰਦੇ!

ਤਕਦੀਰ ਨੂੰ ਜਗਾ ਦੇ, ਦੁਨੀਆਂ ਨਵੀਂ ਬਣਾ ਦੇ
ਬਾਜਾਂ ਤੋਂ ਮਾਣ ਖੋਹ ਦੇ, ਚਿੜੀਆਂ 'ਚ ਮਾਣ ਭਰਦੇ!

ਅੱਖਰ ਹਵਾ 'ਚ ਲਿਖਦੇ ਸ਼ਾਇਰ ਜੋ ਕੈਲਵੀ ਹੈਂ?
ਮਿਰਜ਼ਾ ਮਰੇ ਨਾ ਮੁੜਕੇ, ਤਰਕਸ਼ 'ਚ ਬਾਣ ਭਰਦੇ!

*੧੧੮/੫ ਗੁਰੂ ਅਰਜਨ ਦੇਵ ਨਗਰ*
*ਫਿਰੋਜ਼ਪੁਰ ਸ਼ਹਿਰ ੧੫੨੦੦੨, ਮੋ-੯੮੭੮੩-੮੧੪੭੪*



Namdhari Elibrary NamdhariElibrary@gmail.com

## ਦੋ ਕਵਿਤਾਵਾਂ / *—ਮਨਜੀਤ ਸੋਹਲ*

### ਨਵ-ਵਿਆਹੀ ਨੂੰ

ਤੂੰ ਇਸ ਘਰ ਨਵੀਂ-ਨਵੀਂ ਆਈ ਏਂ
ਤੈਨੂੰ ਇਹ ਨਹੀਂ ਪਤਾ
ਤੇਰੇ ਦਾਜ ਵਿਚ ਲਿਆਂਦੇ ਸ਼ਿੰਗਾਰਦਾਨ ਨੂੰ ਖਾ ਜਾਵੇਗਾ,
ਤੇਰੇ ਮਾਹੀ ਦੀ ਗ਼ਰੀਬੀ ਦਾ ਘੁਣ
ਤੂੰ ਲੁਕੋਂਦੀ ਰਹੇਂਗੀ ਆਪਣੀਆਂ ਸੱਧਰਾਂ,
ਝੂਠੀ ਜਿਹੀ ਆਸ ਦੇ ਓਹਲੇ
ਤੇਰੇ ਹੱਥਾਂ ਦੀ ਮਹਿੰਦੀ,
ਤੋਕੜ ਮੱਝਾਂ ਦੇ ਗੋਹੇ ਨੂੰ ਪੱਥਦਿਆਂ
ਲੱਥ ਜਾਵੇਗੀ ਇਕ ਦਿਨ
ਤੇਰੇ ਗੋਰੇ ਮੁਖੜੇ ਤੇ ਪੈਣੀਆਂ ਸ਼ੁਰੂ ਹੋ ਜਾਣਗੀਆਂ ਝੁਰੜੀਆਂ
ਤੇ ਤੇਰੀ ਪੇਕਿਓਂ ਲਿਆਂਦੀ ਸੁਰਮੇਦਾਣੀ
ਤਰਸੇਗੀ ਦੋ ਤੋਲੇ ਸੁਰਮੇ ਨੂੰ
ਤੇ ਤੇਰੀਆਂ ਅੱਖਾਂ ਨੂੰ ਮਟਕਣੋਂ ਹਟਾਵਣਗੇ
ਤਿਪ-ਤਿਪ ਕਿਰਦੇ ਹੋਏ ਹੰਝੂ
ਤੈਨੂੰ ਇਕ ਦਿਨ ਭੁੱਲ ਜਾਵੇਗਾ
ਸਹੁਰੇ ਕੋਲੋਂ ਘੁੰਡ ਕੱਢਣਾ
ਤੂੰ ਤੇ ਕੱਢੇਂਗੀ
ਨੰਗੇ ਪੈਰਾਂ ਲਈ,
ਮਾਹੀ ਮੋਹਰੇ ਜੁੱਤੀ ਲਈ ਤਰਲੇ
ਤੇ ਤੇਰਾ ਮਾਹੀ ਘੱਟ ਜ਼ਮੀਨ ਕਰਕੇ
ਫ਼ਿਕਰਾਂ ਦੀ ਢੇਰੀ ਥੱਲੇ ਦੱਬਿਆ
ਤੇਰੇ ਕੰਨੀਂ ਝੁਮਕਿਆਂ ਵੱਲ ਝਾਕੇਗਾ
ਪਰ ਤੇਰੀਆਂ ਰੀਝਾਂ ਨੂੰ ਫਲ਼ ਫੇਰ ਵੀ ਨਹੀਂ ਲੱਗਣਾ
ਜੋ ਲੱਗੇਗਾ, ਤਾਂ ਤੇਰੇ ਝੁਮਕਿਆਂ ਦਾ ਮੁੱਲ
ਤੇ ਲੁੱਟੀਆਂ ਜਾਣਗੀਆਂ ਤੇਰੀਆਂ ਸੱਧਰਾਂ
ਅਤੇ ਤੇਰੇ ਮਾਹੀ ਦੀ ਥੋੜ੍ਹੀ ਜ਼ਮੀਨ
ਤੇਰਿਆਂ ਚਾਵਾਂ ਨੂੰ ਪੂਰਾ ਨਹੀਂ ਕਰੇਗੀ
ਪਰ ਤੈਨੂੰ ਇਹ ਨਹੀਂ ਪਤਾ
ਕਿਉਂਕਿ, ਤੂੰ ਤੇ ਇਸ ਘਰ ਨਵੀਂ-ਨਵੀਂ ਆਈ ਏਂ।

### ਵਰ੍ਹਿਆਂ ਦਾ ਹਿਸਾਬ

ਫ਼ੈਕਟਰੀ ਦੀ ਲੁੰਬੀ 'ਚੋਂ ਨਿਕਲਦਾ ਕਾਲ਼ਾ ਧੂੰਆਂ
ਫ਼ੈਕਟਰੀ ਕਾਮੇ ਦੇ ਹੱਥਾਂ ਦੀਆਂ ਲਕੀਰਾਂ 'ਤੇ ਜੰਮ ਚੁੱਕਿਆ ਏ
ਜੋ ਉਸਦੇ ਮੁੜ੍ਹਕੇ ਦੀਆਂ ਤਤ੍ਰੀਰੀਆਂ ਨਾਲ
ਧੋਇਆ ਨਹੀਂ ਜਾਣਾ
ਅਤੇ ਉਸਦੀਆਂ ਸੱਧਰਾਂ
ਘੱਟ ਤਨਖ਼ਾਹ ਨਾਲ ਪੂਰੀਆਂ ਨਹੀਂ ਹੋਣੀਆਂ
ਤੁਹਾਡੇ ਦਫ਼ਤਰ 'ਚ ਪਿਆ ਹਾਜ਼ਰੀ ਰਜਿਸਟਰ
ਉਹਦੇ ਬਿਨਾ ਨਾਗਾ ਆਉਣ ਦਾ ਵਿਸਥਾਰ ਨਹੀਂ ਦੱਸਦਾ
ਸਗੋਂ ਹੱਸਦਾ ਏ ਉਹਦੀ ਤਕਦੀਰ ਉੱਤੇ
ਪਰ ਵਰਕਰ ਦਾ ਰੋਹ ਜਦੋਂ ਭੜਕੇਗਾ
ਤਾਂ ਉਹ ਟੇਬਲ ਤੇ ਪਏ ਪੇਪਰ ਵੇਟ ਨੂੰ
ਚੁੱਕ ਕੇ ਮਾਰੇਗਾ ਤੁਹਾਡੇ ਮੱਥੇ
ਤੇ ਫ਼ੈਕਟਰੀ ਦੀ ਲੁੰਬੀ 'ਚ ਠੋਸੇਗਾ
ਤੁਹਾਡੇ ਦਫ਼ਤਰ ਦਾ ਫ਼ਰਨੀਚਰ ਤੱਕ ਵੀ
ਤੇ ਤੁਹਾਡੀ ਢਿਲਕੀ ਗੋਗੜ ਤੇ ਪੈਰ ਰੱਖ ਕੇ ਲਵੇਗਾ
ਬੀਤ ਗਏ ਵਰ੍ਹਿਆਂ ਦਾ ਹਿਸਾਬ
ਤੇ ਫ਼ੈਕਟਰੀ ਦੀਆਂ ਉੱਚੀਆਂ ਕੰਧਾਂ,
ਤੁਹਾਨੂੰ ਖਾਣ ਨੂੰ ਆਉਣਗੀਆਂ।

*ਪਿੰਡ-ਸੰਘਲ ਸੋਹਲ*
*ਡਾਕਖਾਨਾ ਮੰਡ, ਜਲੰਧਰ*
*ਮੋਬਾਇਲ ੯੮੧੪੦-੪੨੩੪੧*



Namdhari Elibrary NamdhariElibrary@gmail.com

## ਦੋ ਰਚਨਾਵਾਂ/ *—ਡੀ. ਆਰ. ਧਵਨ*

### ਪੈਸਾ

ਗੰਢ ਅਕਲ ਨੂੰ ਮਾਰੀ ਹੈ ਪੈਸਿਆਂ ਨੇ;
ਭਾਈਆਂ ਭੈਣਾਂ ਦਾ ਪਿਆਰ ਦੋ ਫਾੜ ਹੋਇਆ।

ਕੰਧਾਂ ਪਈਆਂ ਨੇ ਖੁੱਲ੍ਹਿਆਂ ਵਿਹੜਿਆਂ ਵਿਚ;
ਹੱਸਦਾ ਵਸਦਾ ਪਰਿਵਾਰ ਦੋ ਫਾੜ ਹੋਇਆ।

ਆਪਣੇ ਆਪ ਤੋਂ ਵੀ ਡਰ ਆਉਣ ਲੱਗਾ;
ਤੇਰਾ-ਮੇਰਾ ਇਤਬਾਰ ਦੋ ਫਾੜ ਹੋਇਆ।

ਝੂਠ-ਸੱਚ ਦੀ ਰਹੀ ਪਛਾਣ ਕੁਝ ਨਾ;
ਚੰਗਾ ਮਾੜਾ ਕਿਰਦਾਰ ਦੋ ਫਾੜ ਹੋਇਆ।

ਬੀਤੇ ਯੁਗ ਖੜਾਵਾਂ ਜੋ ਪੂਜਦੇ ਸਨ;
ਭਾਈ-ਭਾਈ ਦੀਆਂ ਲੱਤਾਂ ਖਿੱਚਦਾ ਹੈ;

ਹਉਮੈ ਅਤੇ ਹੰਕਾਰ ਦੇ ਵਿਚ ਫਸਕੇ;
ਹੁਣ ਤਾਂ ਸਾਰਾ ਸੰਸਾਰ ਦੋ ਫਾੜ ਹੋਇਆ।

### ਕਿਰਦਾਰ

ਝੂਠ, ਫਰੇਬ, ਲਾਲਚ, ਧੋਖਾ, ਬੇਈਮਾਨੀ;
ਸਾਰਾ ਕੁਝ ਇਨਸਾਨ ਨੂੰ ਲੈ ਡੁੱਬਿਆ।

ਧਰਮ-ਕਰਮ ਦੇ ਕੰਮ ਵਿਚ ਬੇਈਮਾਨੀ;
ਭੈੜਾ ਪੰਡਤ ਜਜਮਾਨ ਨੂੰ ਲੈ ਡੁੱਬਿਆ।

ਹੋਣ ਚੋਰੀਆਂ ਮੰਦਿਰ ਗੁਰਦੁਆਰਿਆਂ ਵਿਚ;
ਇਹ ਪੁਜਾਰੀ ਭਗਵਾਨ ਨੂੰ ਲੈ ਡੁਬਿਆ।

ਵਧਦੀ ਜਨਤਾ ਮਹਿਂਗਾਈ ਤੇ ਇਹ ਪ੍ਰਦੂਸ਼ਨ;
ਧਰਤੀ ਅਤੇ ਅਸਮਾਨ ਨੂੰ ਲੈ ਡੁਬਿਆ।

ਤੇਰੀ-ਮੇਰੀ ਦਾ ਇਹ ਕਿਰਦਾਰ ਮੀਆਂ;
ਹਿੰਦੂ-ਸਿੱਖ-ਮੁਸਲਮਾਨ ਨੂੰ ਲੈ ਡੁਬਿਆ।

ਰੌਲਾ ਨਫ਼ਰਤਾਂ ਦਾ, ਲਾਲਚ ਕੁਰਸੀਆਂ ਦਾ;
ਮੇਰੇ ਹਿੰਦੋਸਤਾਨ ਨੂੰ ਲੈ ਡੁਬਿਆ।

*ਪਿੰਡ ਸਰਮਸਤਪੁਰ, ਡਾਕਘਰ ਬਲ,*
*ਜ਼ਿਲ੍ਹਾ-ਜਲੰਧਰ*

## ਸ਼ਮਸ਼ੀਰ

*—ਦਲਬੀਰ ਸਿੰਘ 'ਤਰਸ', ਅਸਟ੍ਰੇਲੀਆ*

ਅਨੰਦਮਤੀ ਸੁਹਾਗਣੀ, ਗੁਰਮੁੱਖਾਂ ਸੰਗ ਹੇਤ ਪਿਆਰ।
ਊਜਲ ਨਾਤੀ ਊਜਲ ਸੰਗੀ, ਊਜਲ ਮੀਤ ਬਣੇ ਸੰਸਾਰ।
ਸਾਕਤੁ[1] ਸੰਗਤ ਮੂਲ ਨਾ ਭਾਵੇ, ਇਸ ਦੀ ਹੋਂਦ ਸਤਾਰੇ ਨੂੰ;
ਜਿਸ ਦੇ ਖੁੱਲੇ ਨੈਣਾਂ ਵਿਚੋਂ, ਚਾਨਣ ਆਵੇ ਕਰਨ ਦੀਦਾਰ।

ਅਨੰਦਮਤੀ ਸੁਹਾਗਣੀ, ਪੂਰਬ ਕਰਮੀ ਸਹਿਜਿ[2] ਪਗ[3] ਧਰਿਆ।
ਸਤਿਗੁਰ ਸੰਗਤ, ਬਖ਼ਸ਼ਿਸ਼ ਮੰਤਰ,
ਪ੍ਰਭੂ ਹੋਂਦ ਆ ਮਨ ਤਨ ਭਰਿਆ।
ਸੱਤ ਸਤਗੁਰੂ ਸੇਵ ਕਮਾਈ, ਅਨਦਿਨ ਪ੍ਰਭੂ ਧਿਆਇਆ;
ਕੁੱਲ ਬਾਗਾਂ[4] ਦਾ ਪੱਤਾ ਪੱਤਾ, ਹਰਿ ਅੰਮ੍ਰਿਤ ਰਸ ਹਰਿਆ।

ਅਨੰਦਮਤੀ ਸੁਹਾਗਣੀ, ਸੰਗ ਸਹਿਜ ਤਾਣ ਸਤਾਣ ਹੋਈ।
ਗਿਆਨ ਅਤੇ ਵਗਿਯਾਨ ਦੀ ਸੱਤਾ,
ਪਾ ਡਾਢੀ ਬਲਵਾਨ ਹੋਈ।
ਏਸ ਲੋਕ ਉਸ ਪਾਰ ਲੋਕ ਦੇ, ਗਾ ਗਾ ਗੀਤ ਗੰਭੀਰੇ;
ਇਸ ਧਰਤੀ ਤੇ ਉਸ ਧਰਤੀ ਤੇ,
ਵਿਚਰੀ ਤੇ ਪਰਵਾਨ ਹੋਈ।

ਅਨੰਦਮਤੀ ਸੁਹਾਗਣੀ, ਹਰਿ ਹਰਿ ਹਿਰਦਾ ਰੰਗੀ ਜਾਏ।
ਜਾਣੇ ਜਗਤ ਪਦਾਰਥ ਝੂਠੇ,
ਸੱਦ ਪ੍ਰਭੂ ਦੀਦਾਰੇ ਮੰਗੀ ਜਾਏ।
ਸੱਤ ਦੀ ਸੂਈ ਸੱਤ ਦਾ ਧਾਗਾ,
ਸੱਤ ਬਸਤਰ ਦਾ ਕਰ ਉਰਧਾਰ;
ਸੱਤ ਦੀ ਸੱਤਾ ਪਾ ਕੇ ਸਾਰੀ, ਮਨ ਤੇ ਬਸਤਰ ਅੰਗੀ ਜਾਏ।

ਉਹਾ ਜਾਣਦੇ ਜਿਨ੍ਹਾਂ ਵਿਚਾਰੀ, ਹਿਰਦੇ ਪ੍ਰਭੂ ਜੀ[5] ਧੀਰ[6]।
ਸੱਤਿ ਮਹਿਮਾਂ[7] ਵਿਚ ਚਮਕਾਂ ਮਾਰੇ, ਰਾਮ ਹਰੀ ਸ਼ਮਸ਼ੀਰ।

---

1. ਸਾਕਤੁ-ਆਤਮਿਕ ਅਗਿਆਨੀ; 2. ਸਹਿਜਿ-ਆਤਮਿਕ ਅਨੰਦ ਵਿਚ; 3. ਪਗ-ਪੈਰ; 4. ਕੁੱਲ ਬਾਗ਼-ਪਰਵਾਰ; 5. ਪ੍ਰਭੂ ਜੀ-ਪ੍ਰਭੂ ਦੀ; 6. ਧੀਰ-ਬਲਵਾਨਤਾ; 7. ਸੱਤਿ ਮਹਿਮਾਂ-ਪ੍ਰਭ ਦੀ ਉਸਤਤ।



Namdhari Elibrary NamdhariElibrary@gmail.com

## ਨਵਾਂ ਸਾਲ ਮੁਬਾਰਕ !

*—ਚਰਨ ਸੀਚੇਵਾਲਵੀ*

ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਨਵਾਂ ਨਵਾਂ ਕੁਝ ਕਰਨਾ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਰੰਗ ਜ਼ਿੰਦਗੀ 'ਚ ਭਰਨਾ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਹਿੰਮਤ ਦਾ ਲੜ ਫੜਨਾ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਜਾ ਟੀਸੀ ਤੇ ਚੜ੍ਹਨਾ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਬਣ ਕੇ ਕੋਂਪਲਾਂ ਫੁੱਟਣਾ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਫੁੱਲ ਵਾਂਗੂੰ ਖਿੜ ਉੱਠਣਾ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਨਵੇਂ ਅੱਖਰ ਨੇ ਪੜ੍ਹਨੇ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਸੂਰਜ ਮੱਥੇ 'ਚ ਜੜਨੇ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਫੜਨੀ ਸੁਬ੍ਹਾ ਸਵਰਨੀ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਦਸਾਂ ਨਹੁੰਆਂ ਦੀ ਕਰਨੀ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਦਰਿਆ ਨਿਰਮਲ ਕਰਨੇ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਘੁੱਟ ਅੰਮ੍ਰਿਤ ਦੇ ਭਰਨੇ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਨਵੀਂ ਬਹਾਰ ਲਿਆਉਣੀ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਧਰਤੀ ਸਵਰਗ ਬਣਾਉਣੀ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਬਣਨਾ ਸ਼ੇਰ ਹੈ ਬੱਗੇ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਦੇਸ਼ ਲਿਜਾਣਾ ਅੱਗੇ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਜੰਗ ਦੇ ਮੇਘ ਖਿੰਡਾਉਣੇ।
ਨਵਾਂ ਸਾਲ ਮੁਬਾਰਕ ਜਿਨ੍ਹਾਂ ਨੇ ਗੀਤ ਅਮਨ ਦੇ ਗਾਉਣੇ।

*੪੨੮, ਗੁਰੂ ਨਾਨਕਪੁਰਾ (ਵੈਸਟ),*
*ਡਾਕਖਾਨਾ ਚੁਗਿੱਟੀ, ਜਲੰਧਰ-੧੪੪੦੦੯*
*ਫੋਨ-੦੧੮੧-੨੨੩੧੬੫੪*

## ਗ਼ਜ਼ਲ

*-ਕਰਤਾਰ ਸਿੰਘ ਕਾਲੜਾ*

- ਕਰਕੇ ਤਰ੍ਹਾਂ ਤਰ੍ਹਾਂ ਦੇ ਵਿਵਹਾਰ ਹੌਲੀ ਹੌਲੀ।
  ਉਹ ਬਣ ਗਿਆ ਸੀ ਅਪਣਾ ਦਿਲਦਾਰ ਹੌਲੀ ਹੌਲੀ।
- ਆਪਾਂ ਸਮਝ ਸਕੇ ਨਾ ਹਰ ਪੈਰ 'ਤੇ ਅਡੰਬਰ,
  ਮੂੰਹ ਦੀ ਮਿਠਾਸ ਲੁਟਿਆ ਸੰਸਾਰ ਹੌਲੀ ਹੌਲੀ।
- ਆਸ਼ਿਕ ਦੀ ਰੂਹ 'ਚ ਖੇੜਾ ਕਰਦਾ ਹੈ ਕੁਤਕੁਤਾੜੀ,
  ਇਕਰਾਰ ਵਿਚ ਜਾਂ ਢਲਿਆ ਇਨਕਾਰ ਹੌਲੀ ਹੌਲੀ।
- ਪਹਿਲਾਂ ਤਣਾਅ ਤੇ ਘਿਰਣਾ, ਫਿਰ ਮਿਹਰ ਭਾਬੀਆਂ ਦੀ,
  ਉਸਰ ਗਈ ਦਿਲਾਂ ਵਿਚ ਦੀਵਾਰ ਹੌਲੀ ਹੌਲੀ।
- ਮੋਹ ਦੀ ਸੁਗੰਧ ਉੱਠੇ ਤਕਲੇ ਦੀ ਤੰਦ ਵਿਚੋਂ,
  ਹਿਲਦੀ ਦਿਲਾਂ ਦੀ ਅੰਦਰੋਂ ਵਿਰ ਤਾਰ ਹੌਲੀ ਹੌਲੀ।
- ਬਣਦੀ ਰਹੇ ਨਿਰੰਤਰ ਜੇ ਤਾਂਘ ਮੇਲ ਦੀ ਤਾਂ,
  ਆਖ਼ਰ ਨੂੰ ਹੋ ਹੀ ਜਾਂਦੈ ਦੀਦਾਰ ਹੌਲੀ ਹੌਲੀ।
- ਜੋ ਸ਼ਬਦ ਨਾਲ ਜੁੜਦੈ ਵਿਸ਼ਵਾਸ ਦੇ ਭਰੋਸੇ,
  ਬੰਦਾ ਉਹ ਹੋ ਹੀ ਜਾਂਦੈ 'ਕਰਤਾਰ' ਹੌਲੀ ਹੌਲੀ।

## ਨਵੇਂ ਵਰ੍ਹੇ ਦੀ ਪਹਿਲੀ ਕਿਰਨੇਂ

*—ਪ੍ਰਿੰ. ਕਰਤਾਰ ਸਿੰਘ ਕਾਲੜਾ*

ਨਿੱਤ ਨਿੱਤ ਰੂਹ ਵਿਚ ਖੇੜਾ ਰੁਮਕੇ,
ਨਿੱਤ ਨਿੱਤ ਖ਼ੁਸ਼ੀਆਂ ਕਦਮਾਂ ਵਿਚ;
ਨਿੱਤ ਨਿੱਤ ਗਿਆਨ ਦਾ ਛੱਟਾ ਵੱਜੇ,
ਨਿੱਤ ਮਾਂਗੀਂ ਸੰਧੂਰ ਭਰੇ।

ਜੀਵਨ-ਰਸ, ਜੀਵਨ ਸੁਖ ਸਹਿਜੇ,
ਮਸਤਾਵੇ ਗਰਮਾਵੇ ਨਿੱਤ;
ਨਿੱਤ ਆਤਮ-ਪ੍ਰਕਾਸ਼ ਹੁਲਾਸੇ,
ਨਿੱਤ ਜੀਵਨ ਦੇ ਕਸ਼ਟ ਹਰੇ।

ਨਿੱਤ ਵਿਧ-ਮਾਤਾ ਨਵੇਂ ਦਿਸਹਦੇ
ਬਖ਼ਸ਼ੇ ਮਨੁਏ-ਮਸਤਕ ਨੂੰ,
ਨਿੱਤ ਅਗੇਰੇ ਵਧਦੇ ਜਾਵੇ
ਨਿੱਤ ਮਾਨਵ ਦੀ ਝੋਲ ਭਰੇ!

ਨਵੇਂ ਵਰ੍ਹੇ ਦੀ ਪਹਿਲੀ ਕਿਰਨੇਂ,
ਕਰ ਸੁੱਖ-ਸਾਗਰ ਦੁਨੀਆਂ ਨੂੰ,
ਹੇ ਮਾਨਵ, ਹੇ ਦਾਨਵ! ਉਸ ਚੋਂ,
ਰਲ ਮਿਲ ਰੂਹ ਦਾ ਪਿਆਰ ਵਰੋ!!

*#੨੨੪, ਪਾਂਡੂਸਰ ਨਾਭਾ-੧੪੭੨੦੧,*
*ਮੋ-੯੪੬੪੦-੮੮੯੯੮*

## ਗੁਰੂ ਜਗਜੀਤ ਪਿਆਰਾ / *ਬੀਬੀ ਸਿੰਦਰ ਕੌਰ, ਦਿੱਲੀ*

ਗੁਰੂ ਜਗਜੀਤ ਪਿਆਰਾ
ਗਰੀਬਾਂ ਦਾ ਸਹਾਰਾ
ਅੰਨ ਦੇਵੇ ਧੰਨ ਦੇਵੇ
ਭਰ ਦਵੇ ਭੰਡਾਰਾ

ਬਹੁਤਾ ਇਹ ਨਾਮ ਜਪਾਵੇ
ਮਿੱਠੇ ਇਹ ਰਾਗ ਸੁਣਾਵੇ
ਜਦ ਲੱਗਦਾ ਏ ਆਸਾ ਦਾ ਵਾਰਾ

ਬੱਚਿਆਂ ਨੂੰ ਬਹੁਤ ਪਿਆਰ ਕਰਦੇ
ਨੀਵਿਆਂ ਨੂੰ ਉਚੇ ਕਰਦੈ
ਇਸ ਦਾ ਨਾਹੀ ਜੇ ਪਾਰਾਵਾਰਾ

ਮੈਂ ਨਿੱਕੀ ਜਹੀ ਬੱਚੀ ਹਾਂ
ਅਕਲੋਂ ਅਜੇ ਮੈਂ ਕੱਚੀ ਹਾਂ
ਸਤਿਗੁਰੂ ਜੀ ਮੈਨੂੰ ਵੀ ਦਿਓ ਸਹਾਰਾ

ਗੁਰੂ ਜਗਜੀਤ ਪਿਆਰਾ
ਗਰੀਬਾਂ ਦਾ ਸਹਾਰਾ।

(੧੯੯੩ ਬੈਂਗਲੋਰ ਸੰਮੇਲਨ ਦੌਰਾਨ ਇਕ ਨਿੱਕੀ ਜਿਹੀ ਬੱਚੀ ਲਈ ਲਿਖੀ ਕਵਿਤਾ।)



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ :

ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

Namdhari Sales

10240/54, Library Road, Azad Market, Delhi-110006

Phone Office : 011-23516689, 011-23614784

Mobile Phone : S. Charanjit Singh 98105-56350
S. Satvinder Singh 9811555219





Namdhari Elibrary NamdhariElibrary@gmail.com

# ਕਹਾਣੀ ਸੁਣੋਗੇ?

—ਹਰਬਿੰਦਰ ਕੌਰ (ਡਾ.)

" ਰਾਤ ਦਾ ਵੇਲਾ ਸੀ। ਇਕ ਘਰ ਦੇ ਇਕ ਹਨੇਰੇ ਕਮਰੇ ਅੰਦਰ ਵੜਨ ਲਈ ਜਿਉਂ ਹੀ ਬੰਦੇ ਨੇ ਪਰਦਾ ਪਰ੍ਹਾਂ ਕਰਨ ਲਈ ਹੱਥ ਚੁੱਕਿਆ ਤਾਂ ਪਰਦੇ ਦੇ ਪਰਲੇ ਪਾਸਿਓਂ ਉਸਦਾ ਹੱਥ ਕਿਸੇ ਹੱਥ ਨਾਲ ਛੂਹ ਗਿਆ। ਰਤੀ ਕੁ ਪਰਦਾ ਹੋਰ ਪਰ੍ਹਾਂ ਖਿੱਚਿਆ ਤਾਂ ਲਹੂ ਨਾਲ ਲਥਪਥ ਕਟਿਆ ਹੋਇਆ ਇਕ ਹੱਥ ਦੂਜੇ ਪਾਸਿਓਂ ਇਕਦਮ ਉੱਤੇ ਆ ਕੇ ਡਿੱਗਿਆ। ......"

" ਇਕ ਨਿੱਕਾ ਜਿਹਾ ਚੂਹਾ ਸੀ। ਉਹ ਇਕ ਘਰ ਦੇ ਅੰਦਰ ਨਿੱਕੀ ਜਿਹੀ ਮੋਰੀ ਵਿਚ ਰਹਿੰਦਾ ਸੀ। ਚੂਹਾ ਨਿੱਕੀ ਜਿਹੀ ਚਿੱਟੀ ਟੋਪੀ ਤੇ ਲਾਲ ਰੰਗ ਦੀ ਨਿੱਕਰ ਪਾਉਂਦਾ ਹੁੰਦਾ ਸੀ। ਉਹ ਘਰ ਵਿਚਲਾ ਪਨੀਰ ਰੋਜ਼ ਖਾ ਲੈਂਦਾ ਸੀ। ਇਸ ਗੱਲ ਤੋਂ ਦੁਖੀ ਹੋ ਕੇ ਘਰ ਵਾਲਿਆਂ ਨੇ ਬਿੱਲੀ ਲਿਆਉਣ ਦੀ ਸੋਚੀ। ਫੇਰ ਉਸ ਘਰ ਵਿਚ ਇਕ ਦਿਨ ਵੱਡੀ ਸਾਰੀ ਬਿੱਲੀ ਆ ਗਈ। ਬਿੱਲੀ ਨੇ ਆਉਂਦੇ ਸਾਰ ............"

" ਇਕ ਬਹੁਤ ਹੀ ਪਿਆਰਾ ਜਿਹਾ ਭਾਲੂ ਸੀ। ਉਹ ਜੰਗਲ ਵਿਚ ਆਪਣੇ ਮੰਮੀ ਪਾਪਾ ਨਾਲ ਰਹਿੰਦਾ ਸੀ। ਉਸਨੇ ਇਕ ਦਿਨ ਜੰਗਲ ਵਿਚ ਇਕ ਨਿੱਕੀ ਜਿਹੀ ਲਾਲ ਰੰਗ ਦੀ ਫ਼ਰਾਕ ਪਾਈ ਇਕ ਬੱਚੀ ਵੇਖੀ। ਉਹ ਬੱਚੀ ਉੱਚੀ ਉੱਚੀ ਰੋ ਰਹੀ ਸੀ ਤੇ ਆਪਣੇ ਮੰਮੀ ਪਾਪਾ ਨੂੰ ਅਵਾਜ਼ਾਂ ਮਾਰ ਰਹੀ ਸੀ। ਭਾਲੂ ਲੁਕ ਕੇ ਉਸਨੂੰ ਵੇਖਦਾ ਰਿਹਾ ਤੇ ਹੌਲੀ ਹੌਲੀ ਦਰਖ਼ਤਾਂ ਦੇ ਪਿੱਛੋਂ ਉਸਦੇ ਨੇੜੇ ਪਹੁੰਚ ਗਿਆ। ਨਿੱਕੀ ਜਿਹੀ ਬੱਚੀ ਨੇ ਰੋਂਦੇ ਹੋਏ ਜਦੋਂ ਪਿੱਠ ਮੋੜੀ ਤਾਂ ਉਸਨੂੰ ਸਾਹਮਣੇ ਇਕ ਵੱਡਾ ਸਾਰਾ ਸ਼ੇਰ ........... ।"

" ਜਪਾਨ ਵਿਚ ਸੁਨਾਮੀ ਦਾ ਕਹਿਰ ਜ਼ੋਰਾਂ ਉੱਤੇ ਸੀ। ਤਿੰਨ ਦਿਨ ਲੰਘ ਚੁੱਕੇ ਸਨ। ਬਚਾਓ ਮੁਹਿੰਮ ਤਹਿਤ ਕਈ ਹਵਾਈ ਦਸਤੇ ਇਧਰ ਉਧਰ ਘੁੰਮ ਰਹੇ ਸਨ ਕਿ ਅਚਾਨਕ ਕਿਸੇ ਦੀ ਨਜ਼ਰ ਪਈ ਕਿ ਇਕ ਦਰਖ਼ਤ ਦੀ ਟਾਹਣੀ ਉਪਰ ਇਕ ਨਿਕੀ ਜਿਹੀ ਬੱਚੀ ਬੇਹੋਸ਼ ਪਈ ਲਟਕ ਰਹੀ ਸੀ ਤੇ ਉਸਤੋਂ ਇਕ ਫੁੱਟ ਹੇਠਾਂ ਚਾਰ ਚੁਫੇਰੇ ਠਾਠਾਂ ਮਾਰਦਾ ਪਾਣੀ ਸੀ। ਉਸ ਬੱਚੀ ਤਕ ਪਹੁੰਚਣ ਲਈ ਇਕ ਰੱਸੀ ਥੱਲੇ ਲਮਕਾਈ ਗਈ। ਜਿਵੇਂ ਹੀ ਇਕ ਬੰਦਾ ਰੱਸੀ ਉੱਤੋਂ ਥੱਲੇ ਉਤਰਨ ਲੱਗਿਆ ਤਾਂ ........... ।"

ਇਹ ਕਹਾਣੀਆਂ ਦੇ ਟੋਟਕੇ ਮੈਂ ਇਸ ਲਈ ਸੁਣਾਏ ਹਨ ਕਿਉਂਕਿ ਮੈਂ ਅੱਜ ਇਕ ਨਵਾਂ ਪੱਖ ਛੋਹਣ ਲੱਗੀ ਹਾਂ ਜਿਸ ਬਾਰੇ ਹਾਲੇ ਤਕ ਬਹੁਤਿਆਂ ਨੂੰ ਉੱਕਾ ਹੀ ਕੋਈ ਜਾਣਕਾਰੀ ਨਹੀਂ।



ਹਰ ਉਮਰ ਦਾ ਬੰਦਾ ਕਹਾਣੀ ਸੁਣਨ ਦਾ ਸ਼ੌਕੀਨ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਪਸੰਦ ਆਪੋ ਆਪਣੀ! ਕੋਈ ਹੱਸਣ ਵਾਲੀ ਕਹਾਣੀ ਸੁਣਨਾ ਚਾਹੁੰਦਾ ਹੈ, ਕੋਈ ਰੋਣ ਵਾਲੀ, ਕੋਈ ਉਤਸਾਹ ਦੇਣ ਵਾਲੀ ਤੇ ਕੋਈ ਪਰਾ ਸਰੀਰਕ। ਕੋਈ ਜਣਾ ਪ੍ਰੇਮ ਕਹਾਣੀਆਂ ਪੜ੍ਹਨ ਜਾਂ ਸੁਣਨ ਨੂੰ ਤਰਜੀਹ ਦਿੰਦਾ ਹੈ, ਕੋਈ ਜਾਨਵਰਾਂ ਨੂੰ ਇਨਸਾਨਾਂ ਵਾਂਗ ਬੋਲਦੇ ਸੁਣਨਾ ਚਾਹੁੰਦਾ ਹੈ ਤੇ ਕੋਈ ਸਿਖਿਆਦਾਇਕ ਕਹਾਣੀਆਂ ਸੁਣਨਾ ਚਾਹੁੰਦਾ ਹੈ।

ਕਹਾਣੀ ਸੁਣਾਉਣਾ ਦਰਅਸਲ ਇਕ ਕਲਾ ਹੈ ਤੇ ਕਿਸ ਅੰਦਾਜ਼ ਅਤੇ ਹਾਵ ਭਾਵ ਨਾਲ ਕਹਾਣੀ ਸੁਣਾਈ ਜਾਂਦੀ ਹੈ। ਇਹ ਕਹਾਣੀ ਸੁਣਾਉਣ ਵਾਲੇ ਉੱਤੇ ਨਿਰਭਰ ਕਰਦਾ ਹੈ ਕਿ ਉਹ ਦੂਜਿਆਂ ਨੂੰ ਕੀਲ ਸਕਦਾ ਹੈ ਜਾਂ ਨਹੀਂ! ਜੇ ਡਰ ਵਾਲੀ ਕਹਾਣੀ ਹੈ ਤਾਂ ਕੀ ਸੁਣਨ ਵਾਲਿਆਂ ਦੇ ਚਮੜੀ ਦੇ ਵਾਲ ਖੜੇ ਹੋਣ ਲੱਗ ਪਏ ਹਨ ਜਾਂ ਉਨ੍ਹਾਂ ਦੀ ਰੀੜ੍ਹ ਦੀ ਹੱਡੀ ਉੱਤੇ ਹਲਕਾ ਕਾਂਬਾ ਮਹਿਸੂਸ ਹੋ ਰਿਹਾ ਹੈ ਜਾਂ ਨਹੀਂ। ਜਦੋਂ ਪੂਰੇ ਡਰ ਵਾਲਾ ਵਕਤ ਹੋਵੇ ਤਾਂ ਕਹਾਣੀ ਵਿਚ ਉਸੇ ਤਰ੍ਹਾਂ ਦੀਆਂ ਅਵਾਜ਼ਾਂ ਤੇ ਭਾਰੀ ਅਵਾਜ਼ ਨਾਲ ਅੱਖਾਂ ਟੱਡ ਕੇ ਮੂੰਹ ਉੱਤੇ ਘਬਰਾਹਟ ਲਿਆ ਕੇ ਕਹਾਣੀ ਸੁਣਾਈ ਜਾਣੀ ਚਾਹੀਦੀ ਹੈ।

ਇਸੇ ਤਰ੍ਹਾਂ ਹੀ ਨਿੱਕੇ ਬੱਚਿਆਂ ਨੂੰ ਕਹਾਣੀ ਸੁਣਾਉਂਦਿਆਂ ਟੈਡੀ, ਨਿੱਕੇ ਦਸਤਾਨੇ, ਨਿੱਕੀਆਂ ਕੱਪ ਪਲੇਟਾਂ, ਵਖੋ ਵਖਰੀਆਂ ਅਵਾਜ਼ਾਂ ਕੱਢ ਕੇ, ਕਹਾਣੀ ਨੂੰ ਜਾਨਦਾਰ ਬਣਾਇਆ ਜਾ ਸਕਦਾ ਹੈ।

ਕੁੱਝ ਬੱਚੇ ਤਾਂ ਸਿਰਫ਼ ਆਪਣੇ ਮਾਪਿਆਂ ਦੇ ਬਚਪਨ ਦੀਆਂ ਕਹਾਣੀਆਂ ਕਿੱਸੇ ਤੇ ਉਨ੍ਹਾਂ ਨੂੰ ਪਈਆਂ ਝਿੜਕਾਂ ਬਾਰੇ ਸੁਣਨ ਦੇ ਇੱਛੁਕ ਹੁੰਦੇ ਹਨ ਕਿ ਉਨ੍ਹਾਂ ਦਾ ਪਿਓ ਕਿਸਤਰ੍ਹਾਂ ਦੀਆਂ ਸ਼ਰਾਰਤਾਂ ਬਚਪਨ ਵਿਚ ਕਰਿਆ ਕਰਦਾ ਸੀ।

ਕੋਈ ਆਪਣੇ ਮਪਿਆਂ ਦੇ ਔਖੇ ਸਮੇਂ ਨੂੰ ਜਰ ਜਾਣ ਦੀ



Namdhari Elibrary NamdhariElibrary@gmail.com

ਹਿੰਮਤ ਬਾਰੇ ਸੁਣਨਾ ਚਾਹੁੰਦਾ ਹੈ!

ਗੱਲ ਤਾਂ ਇੱਥੇ ਨਿਬੜੀ ਕਿ ਕਿੰਨੇ ਹੀ ਟੀ.ਵੀ., ਨੈੱਟ, ਸਿਨੇਮਾ ਹਾਲ ਬਣ ਜਾਣ, ਜੋ ਗੱਲ ਤੇ ਮਨੋਵਿਗਿਆਨ ਇੱਕੋ ਥਾਂ ਕਈ ਜਣਿਆਂ ਵੱਲੋਂ ਬਹਿ ਕੇ ਕਿਸੇ ਕੋਲੋਂ ਕਹਾਣੀ ਸੁਣਨ ਨਾਲ ਜੁੜਿਆ ਹੈ, ਉਸਦੀ ਕਾਟ ਨਹੀਂ ਕਰ ਸਕਦੇ।

ਇਹ ਗੱਲ ਮਨੋਵਿਗਿਆਨਿਕ ਪੱਖੋਂ ਸਿੱਧ ਹੋ ਚੁੱਕੀ ਹੈ ਕਿ ਜਿਹੜੇ ਬੱਚੇ ਸਕੂਲ ਵਿਚ ਅਧਿਆਪਿਕਾਂ ਕੋਲੋਂ ਜਾਂ ਘਰ ਵਿਚ ਮਾਪਿਆਂ ਜਾਂ ਦਾਦੀਆਂ ਨਾਨੀਆਂ ਕੋਲੋਂ ਕਹਾਣੀਆਂ ਸੁਣਦੇ ਰਹਿਣ, ਉਹ ਜ਼ਿਆਦਾ ਮਿਲਣਸਾਰ, ਘੋਖਣ ਵਾਲੇ ਸੁਭਾਓ ਦੇ ਅਤੇ ਨਵੀਆਂ ਚੀਜ਼ਾਂ ਘੜਨ ਦੇ ਚਾਹਵਾਨ ਬਣ ਜਾਂਦੇ ਹਨ।

ਇਹ ਤਾਂ ਹੋਈ ਇਕ ਪਾਸੜ ਗੱਲ, ਪਰ ਜਿਹੜੇ ਬਜ਼ੁਰਗ ਬੱਚਿਆਂ ਵਿਚ ਰਚ ਮਿਚ ਕੇ ਕਹਾਣੀਆਂ ਸੁਣਾਉਂਦੇ ਹਨ, ਉਨ੍ਹਾਂ ਦੇ ਦਿਮਾਗ਼ ਵਿਚ ਬੁਢੇਪੇ ਦੇ ਅਸਰ ਹੇਠ ਘਟ ਰਹੇ ਹਾਰਮੋਨਾਂ ਵਿਚ ਵੀ ਠੱਲ੍ਹ ਪੈ ਜਾਂਦੀ ਹੈ ਅਤੇ ਉਨ੍ਹਾਂ ਵਿਚ ਬਾਕੀ ਹਮ-ਉਮਰਾਂ ਨਾਲੋਂ ਜ਼ਿਆਦਾ ਚੁਸਤੀ ਫੁਰਤੀ ਵੇਖੀ ਗਈ ਹੈ।

ਹੁਣ ਸ਼ਾਇਦ ਕਈ ਜਣੇ ਸਮਝ ਗਏ ਹੋਣ ਕਿ ਮੈਂ ਇਸ ਵਿਸ਼ੇ ਨੂੰ ਕਿਉਂ ਛੋਹਿਆ ?

ਦੁਨੀਆ ਦੇ ਕਈ ਹਿੱਸਿਆਂ ਵਿਚ ਫਿਰ ਲੈਣ ਤੋਂ ਬਾਅਦ ਮੈਨੂੰ ਅਮਰੀਕਾ ਤੇ ਕਨੇਡਾ ਵਿਚਲੀ 'ਸਪੈੱਲਬਾਈਂਡਰ ਟੀਮ' ਬਾਰੇ ਜਾਨਣ ਦਾ ਮੌਕਾ ਮਿਲਿਆ। ਅਸ਼ਕੇ ਬਈ ਇਨ੍ਹਾਂ ਵਿਕਸਿਤ ਦੇਸ਼ਾਂ ਵਿਚਲੇ ਲੋਕਾਂ ਦੀ ਸੋਚ ਬਾਰੇ। ਏਨੀ ਉੱਚੀ ਉਡਾਰੀ ਮਾਰਦੇ ਹਨ ਕਿ ਅਸੀਂ ਉਸ ਦੇ ਨੇੜੇ ਤੇੜੇ ਹੀ ਨਹੀਂ ਪਹੁੰਚਦੇ!

ਇਸ ਟੀਮ ਵਿਚ ਰਿਟਾਇਰ ਹੋਣ ਤੋਂ ਬਾਅਦ ਵੀ ਦਸ ਸਾਲ ਚੁਸਤ ਦਰੁਸਤ ਜ਼ਿੰਦਗੀ ਬਿਤਾ ਲੈਣ ਬਾਅਦ ਕੁਰਸੀਆਂ ਜਾਂ ਮੰਜਿਆਂ ਉੱਤੇ ਬਹਿ ਕੇ ਮੌਤ ਨੂੰ ਉਡੀਕਣ ਅਤੇ ਇਕੱਲਪੁਣੇ ਤੋਂ ਨਿਜਾਤ ਪਾਉਣ ਲਈ ਸੱਤਰ ਤੋਂ ਪਚਾਸੀ ਸਾਲ ਦੇ ਬਜ਼ੁਰਗਾਂ ਨੂੰ ਇਸ ਟੀਮ ਵਿਚ ਸ਼ਾਮਲ ਕਰ ਕੇ ਉਨ੍ਹਾਂ ਲਈ ਕਮਾਈ ਦਾ ਸਾਧਨ ਜਾਂ ਜ਼ਿੰਦਗੀ ਵਿਚ ਰੌਣਕ ਕਾਇਮ ਰੱਖਣ ਦਾ ਜ਼ਰੀਆ ਬਣਾ ਦਿੱਤਾ ਗਿਆ ਹੈ।

ਇਸ ਟੀਮ ਵਿਚਲੇ ਬਜ਼ੁਰਗ ਲਾਇਬਰੇਰੀਆਂ ਵਿਚ ਬਣੇ ਸੈੱਲਾਂ ਵਿਚ, ਸਕੂਲਾਂ ਵਿਚ, ਹਸਪਤਾਲਾਂ ਵਿਚ, ਹੋਸਪਿਸ ਕੇਅਰ ਸੈਂਟਰ (ਜਿੱਥੇ ਕੈਂਸਰ ਦੀ ਆਖ਼ਰੀ ਸਟੇਜ ਦੇ ਮਰੀਜ਼ ਮੌਤ ਉਡੀਕਦੇ ਹੋਣ), ਲਾਇਲਾਜ ਬੀਮਾਰੀਆਂ ਸਹੇੜੀ ਬੈਠੇ ਮਰੀਜ਼ਾਂ ਦੇ ਸੈਂਟਰ, ਨਰਸਿੰਗ ਹੋਮਜ਼, ਪ੍ਰੀ-ਨਰਸਰੀ ਸਕੂਲਾਂ ਵਿਚ, ਡੇ ਕੇਅਰ ਸੈਂਟਰਾਂ ਵਿਚ, ਇੱਥੋਂ ਤਕ ਕਿ ਇਕੱਲੇ ਰਹਿ ਰਹੇ ਅਤੇ ਢਹਿੰਦੀ ਕਲਾ ਵਿਚ ਗਏ ਇਨਸਾਨਾਂ ਨਾਲ ਟੈਲੀਫ਼ੋਨਾਂ ਉੱਤੇ ਵੀ ਉਨ੍ਹਾਂ ਦੀ ਮਨਪਸੰਦ ਕਹਾਣੀ ਸੁਣਾਉਣ ਦਾ ਕੰਮ ਕਰ ਰਹੇ ਹਨ।

ਇਸ ਨਾਲ ਜਿੱਥੇ ਬਜ਼ੁਰਗ ਜ਼ਿਆਦਾ ਚੁਸਤ ਮਹਿਸੂਸ ਕਰਨ ਲਗ ਪਏ ਹਨ, ਉੱਥੇ ਉਨ੍ਹਾਂ ਦੀ ਘਟਦੀ ਯਾਦਾਸ਼ਤ ਵਿਚ ਵੀ ਫ਼ਰਕ ਯਾਨੀ ਲਫ਼ਜ਼ਾਂ ਦੀ ਰਵਾਨਗੀ ਅਤੇ ਯਾਦਾਸ਼ਤ ਵਿਚ ਵਾਧਾ ਹੁੰਦਾ ਵੇਖਿਆ ਗਿਆ ਹੈ।

ਜਿਹੜਾ ਅਸਰ ਇਹ ਵਿਕਸਿਤ ਦੇਸ ਆਪਣੇ ਟੁਟਦੇ ਘਰਾਂ ਉੱਤੇ ਵੇਖਣਾ ਚਾਹੁੰਦੇ ਸਨ, ਉਹ ਅਸਰ ਇਸ ਟੀਮ ਰਾਹੀਂ ਦਿਸਣਾ ਸ਼ੁਰੂ ਹੋ ਗਿਆ ਹੈ। ਉਨ੍ਹਾਂ ਦੀ ਸੱਭਿਅਤਾ ਵਿਚ ਦਾਦਕੇ ਨਾਨਕੇ ਇੱਕੋ ਘਰ ਵਿਚ ਨਹੀਂ ਰਹਿੰਦੇ ਤੇ ਨਾ ਹੀ ਬਜ਼ੁਰਗਾਂ ਦੀ ਬਹੁਤੀ ਦੇਰ ਸਾਰ ਲਈ ਜਾਂਦੀ ਹੈ।

ਇਸ ਕਹਾਣੀ ਸੁਣਾਉਣ ਦੇ ਅਸਰ ਹੇਠ ਕਈ ਬੱਚੇ ਆਪਣੇ ਦਾਦਾ ਦਾਦੀ ਜਾਂ ਨਾਨਾ ਨਾਨੀ ਨੂੰ ਆਪੋ ਆਪਣੇ ਸਕੂਲਾਂ ਵਿਚ ਅਜਿਹੇ ਕਹਾਣੀ ਦੇ ਸੈਸ਼ਨ ਵਿਚ ਸੱਦਾ ਭੇਜਣ ਲਗ ਪਏ ਹਨ ਜਾਂ ਛੁੱਟੀਆਂ ਵਿਚ ਉਨ੍ਹਾਂ ਕੋਲ ਜਾ ਕੇ, ਬਹਿ ਕੇ ਉਨ੍ਹਾਂ ਦੇ ਬਚਪਨ ਦੀਆਂ ਜਾਂ ਉਨ੍ਹਾਂ ਦੇ ਵੇਲੇ ਦੀਆਂ ਪੁਰਾਣੀਆਂ ਬਹੁਚਰਚਿਤ ਕਹਾਣੀਆਂ ਜਾਂ ਕਿੱਸੇ ਸੁਣਨ ਨੂੰ ਤਰਜੀਹ ਦੇਣ ਲਗ ਪਏ ਹਨ। ਇਸ ਤਰ੍ਹਾਂ ਉਨ੍ਹਾਂ ਦੇ ਟੱਬਰਾਂ ਵਿਚ ਰਤਾ ਕੁ ਆਪਸੀ ਖਿੱਚ ਵਧੀ ਹੋਈ ਦਿਸਣ ਲੱਗ ਪਈ ਹੈ।

ਅਸੀਂ ਵਿਕਸਿਤ ਦੇਸਾਂ ਦੀ ਦੇਖ ਰੇਖ ਵਿਚ ਘਰਾਂ ਨੂੰ ਤੋੜਨ ਵਲ ਤੁਰ ਪਏ ਹਾਂ ਤੇ ਬਜ਼ੁਰਗਾਂ ਨੂੰ ਘਰੋਂ ਬਾਹਰ ਧੱਕ ਰਹੇ ਹਾਂ ਜਦਕਿ ਉਹ ਦੇਸ ਹੁਣ ਟੱਬਰਾਂ ਵਿਚ ਨੇੜ ਗੰਢਣ ਦੇ ਚੱਕਰ ਵਿਚ ਹਨ।

ਇਹ ਵੇਖਣ ਵਿਚ ਆਇਆ ਕਿ ਜਿਹੜੇ ਬੱਚੇ ਕਹਾਣੀਆਂ ਸੁਣਨ ਵਿਚ ਰੁਚੀ ਵਿਖਾ ਰਹੇ ਸਨ, (ਉਨ੍ਹਾਂ ਉੱਤੇ ਕੀਤੀ ਮਨੋਵਿਗਿਆਨਿਕ ਖੋਜ ਨੇ ਸਿੱਧ ਕੀਤਾ) ਉਨ੍ਹਾਂ ਕੋਲ ਸ਼ਬਦਾਂ ਦਾ ਭੰਡਾਰ ਦੂਜੇ ਬੱਚਿਆਂ ਨਾਲੋਂ ਵਧ ਸੀ ਤੇ ਉਨ੍ਹਾਂ ਦੀ ਬੋਲੀ ਉੱਤੇ ਪਕੜ ਵੀ ਜ਼ਿਆਦਾ ਸੀ।

ਇਕ ਸਿੱਟਾ ਬਹੁਤ ਹੀ ਵਖਰੀ ਕਿਸਮ ਦਾ ਸੀ ਕਿ ਇਹ ਬੱਚੇ ਆਪੋ ਆਪਣੀ ਬੋਲੀ ਵਿਚ ਨਿਮਰਤਾ ਵਰਤ ਰਹੇ ਸਨ ਤੇ ਗਾਲ੍ਹਾਂ ਵੀ ਘਟ ਕੱਢ ਰਹੇ ਸਨ। ਇਨ੍ਹਾਂ ਬੱਚਿਆਂ ਵਿਚ ਆਪਣੇ ਦਾਦਾ ਦਾਦੀ ਜਾਂ ਨਾਨਾ ਨਾਨੀ ਨੂੰ ਮਿਲਣ ਦੀ ਖਿੱਚ ਵੀ ਲੱਭੀ ਗਈ ਅਤੇ ਉਨ੍ਹਾਂ ਪ੍ਰਤੀ ਮਨ ਵਿਚ ਇੱਜ਼ਤ ਵੀ।



Namdhari Elibrary NamdhariElibrary@gmail.com

ਸਪੌੱਲ ਬਾਈਂਡਰ ਟੀਮ ਦੇ ਨੈਸ਼ਨਲ ਆਫਿਸ ਵਿਚਲਾ ਰਿਕਾਰਡ ਇਹ ਦਸਦਾ ਹੈ ਕਿ ਸੰਨ ੨੦੧੦ ਤਕ ਉਨ੍ਹਾਂ ਦੀ ਟੀਮ ੩,੧੮,੭੬੨ ਬੱਚਿਆਂ ਨੂੰ ਕਹਾਣੀਆਂ ਸੁਣਾ ਚੁੱਕੀ ਅਤੇ ੨੧੦੦ ਕਲਾਸਾਂ, ਲਾਇਬਰੇਰੀਆਂ, ਰੀਕਰੀਏਸ਼ਨ ਸੈਂਟਰ ਤੇ ਹੋਰ ਸਾਰੇ ਪਾਸਿਆਂ ਵੱਲ ਵੀ ਉਹ ਪਹੁੰਚ ਕਰ ਚੁੱਕੇ।

ਹੋਸਪਿਸ ਕੇਅਰ ਵਿਚ ਮੌਤ ਨੂੰ ਉਡੀਕਦੇ ਮਰੀਜ਼ ਤਾਂ ਹਾਸੇ ਠੱਠੇ ਵਾਲੀਆਂ ਕਹਾਣੀਆਂ ਜਾਂ ਧਾਰਮਿਕ ਕਹਾਣੀਆਂ ਅਤੇ ਮੌਤ ਤੋਂ ਬਾਅਦ ਦੀ ਜ਼ਿੰਦਗੀ ਬਾਰੇ ਕਹਾਣੀ ਸੁਣਨ ਨੂੰ ਤਰਜੀਹ ਦਿੰਦੇ ਵੇਖੇ ਗਏ ਹਨ। ਕੁੱਝ ਮਰੀਜ਼ ਤਾਂ ਉਨ੍ਹਾਂ ਨੂੰ ਆਪਣੀ ਹੀ ਦਰਦ ਭਰੀ ਗਾਥਾ ਸੁਣਾ ਕੇ ਮਨ ਹਲਕਾ ਕਰ ਲੈਂਦੇ ਹਨ ਜਿਨ੍ਹਾਂ ਦੀ ਕਹਾਣੀ ਹੋਰ ਥਾਏਂ ਸੁਣਾ ਦਿੱਤੀ ਜਾਂਦੀ ਹੈ।

੨੧੪ ਪ੍ਰਾਈਮਰੀ ਸਕੂਲਾਂ ਨੇ ਤਾਂ ਹਫਤੇ ਦੀ ਇਕ ਪੂਰੀ ਕਲਾਸ ਹੀ ਕਹਾਣੀਆਂ ਸੁਣਨ ਦੇ ਲੇਖੇ ਲਾ ਦਿੱਤੀ ਹੋਈ ਹੈ। ਕੁੱਝ ਲੋਕ ਢਹਿੰਦੀ ਕਲਾ ਵਿਚ ਪਹੁੰਚਦੇ ਹੀ ਇਨ੍ਹਾਂ ਨੂੰ ਫੋਨ ਉੱਤੇ ਸੰਪਰਕ ਕਰਕੇ ਕੁੱਝ ਹਲਕੀ ਫੁਲਕੀ ਕਹਾਣੀ ਸੁਣਨ ਦੀ ਮੰਗ ਰਖ ਦਿੰਦੇ ਹਨ ਕਿ ਉਹ ਮਾੜਾ ਸਮਾਂ ਕੁੱਝ ਚਿਰ ਲਈ ਟਲ ਜਾਏ।

ਇਹ ਟੀਮ ਆਪੋ ਆਪਣੇ ਥੈਲਿਆਂ ਵਿਚ ਕਹਾਣੀ ਦੀ ਲੋੜ ਅਨੁਸਾਰ ਫਰ ਦੀਆਂ ਟੋਪੀਆਂ, ਹਨੇਰਾ ਕਰਨ ਲਈ ਕਾਲੀਆਂ ਚਾਦਰਾਂ, ਨਿੱਕੇ ਨਿੱਕੇ ਕਾਰਟੂਨਾਂ ਦੇ ਖਿਡੌਣੇ, ਨਕਲੀ ਦਾੜ੍ਹੀ ਮੁੱਛ ਆਦਿ ਕਾਫੀ ਕੁੱਝ ਨਾਲ ਰਖਦੇ ਹਨ ਅਤੇ ਕਹਾਣੀ ਸੁਣਾਉਣ ਵੇਲੇ ਇਨ੍ਹਾਂ ਦੀ ਨਾਲ ਨਾਲ ਵਰਤੋਂ ਕਰਦੇ ਰਹਿੰਦੇ ਹਨ ਤਾਂ ਜੋ ਕਹਾਣੀ ਵਿਚ ਜਾਨ ਪੈ ਜਾਏ।

ਕਈ ਸਕੂਲ ਤਾਂ ਪੁਰਾਣੀਆਂ ਅਮਰੀਕਨ, ਅਫਰੀਕਨ, ਰੂਸੀ ਜਾਂ ਮੈਕਸੀਕਨ ਬਹੁਚਰਚਿਤ ਕਹਾਣੀਆਂ ਸੁਣਨ ਨੂੰ ਤਰਜੀਹ ਦਿੰਦੇ ਹਨ ਕਿ ਬੱਚਿਆਂ ਨੂੰ ਪੁਰਾਣੇ ਸਮਿਆਂ ਨਾਲ ਜਾਣੂੰ ਕਰਵਾਉਂਦੇ ਰਹਿਣ। ਇਸ ਤਰ੍ਹਾਂ ਸਿਰਫ ਗਿਆਨ ਦਾ ਵਾਧਾ ਹੀ ਨਹੀਂ ਬਲਕਿ ਵੱਖੋ ਵਖਰੇ ਦੇਸਾਂ ਦੇ ਲੋਕਾਂ ਨਾਲ ਸਾਂਝ ਅਤੇ ਬੱਚਿਆਂ ਦੀ ਨਵੀਂ ਚੀਜ਼ ਗ੍ਰਹਿਣ ਕਰਨ ਦੀ ਸ਼ਕਤੀ ਵਿਚ ਵੀ ਵਾਧਾ ਹੋ ਜਾਂਦਾ ਹੈ।

ਸਿਰਫ ਕਹਾਣੀ ਸੁਣਾਈ ਹੀ ਨਹੀਂ ਜਾਂਦੀ ਬਲਕਿ ਇਸ ਟੀਮ ਵੱਲੋਂ ਬੱਚਿਆਂ ਤੋਂ ਵਾਪਸ ਕਹਾਣੀ ਸੁਣੀ ਵੀ ਜਾਂਦੀ ਹੈ ਤੇ ਕਈ ਵਾਰ ਕਵਿਤਾ ਦੇ ਰੂਪ ਵਿਚ ਬੱਚੇ ਕਹਾਣੀ ਨੂੰ ਵਾਪਸ ਸੁਣਾਉਂਦੇ ਹਨ ਤੇ ਕਦੇ ਕਦੇ ਤਸਵੀਰਾਂ ਵਾਹ ਕੇ ਵੀ ਕਹਾਣੀ ਨੂੰ ਲਿਖਦੇ ਹਨ ਜਿਸ ਨਾਲ ਬੱਚਿਆਂ ਦੀਆਂ ਸਾਰੀਆਂ ਇੰਦ੍ਰੀਆਂ ਰਵਾਂ ਹੁੰਦੀਆਂ ਰਹਿੰਦੀਆਂ ਹਨ ਤੇ ਬੱਚੇ ਦੇ ਲਾਇਕ ਬਣਨ ਦੇ ਆਸਾਰ ਵਧ ਜਾਂਦੇ ਹਨ।

ਬੱਚੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਅਤੇ ਕਹਾਣੀ ਰਾਹੀਂ ਉਸਦੇ ਦਿਲ ਤਕ ਪਹੁੰਚ ਕੇ ਬੱਚੇ ਨੂੰ ਕਹਾਣੀ ਵਿਚ ਇਉਂ ਪਰੋ ਲਿਆ ਜਾਂਦਾ ਹੈ ਕਿ ਬੱਚਾ ਕਹਾਣੀ ਦੇ ਪਾਤਰ ਨਾਲ ਹੀ ਰੋਂਦਾ ਅਤੇ ਹਸਦਾ ਹੈ।

ਇਕ ਕਿੱਸਾ ਤਾਂ ਇਹ ਵੀ ਦੱਸਿਆ ਗਿਆ ਜਿੱਥੇ ਕਹਾਣੀ ਸੁਣਦੇ ਹੋਏ ਏਨੀ ਜ਼ੋਰ ਜ਼ੋਰ ਦੀ ਪੂਰੀ ਕਲਾਸ ਹੱਸਦੀ ਰਹੀ ਕਿ ਭਰ ਸਰਦੀ ਵਿਚ ਵੀ ਸਭ ਨੂੰ ਪਸੀਨਾ ਆ ਗਿਆ ਤੇ ਉਨ੍ਹਾਂ ਨੂੰ ਕੋਟ ਲਾਹੁਣੇ ਪਏ। ਵੈਸੇ ਜ਼ਿਆਦਾਤਰ ਬੱਚਿਆਂ ਨੂੰ ਜਾਨਵਰਾਂ ਦੀਆਂ ਕਹਾਣੀਆਂ ਪਸੰਦ ਆਉਂਦੀਆਂ ਹਨ ਤੇ ਉਹ ਵੀ ਸਿੱਖਿਆਦਾਇਕ ਜਿੱਥੇ ਚੰਗਿਆਈ ਦੀ ਬੁਰਾਈ ਉੱਤੇ ਜਿੱਤ ਹੁੰਦੀ ਦਿੱਸੇ।

ਇਸਦੇ ਨਾਲ ਨਾਲ ਅਸਲੀ ਬਹਾਦਰੀ ਦੀਆਂ ਕਹਾਣੀਆਂ ਅਤੇ ਇਕ ਦੂਜੇ ਦੀ ਮਦਦ ਕਰਨ ਵਾਲੇ ਹਕੀਕਤ ਵਿਚ ਵਾਪਰੇ ਕਿੱਸੇ ਵੀ ਸੁਣਾਏ ਜਾਂਦੇ ਹਨ।

ਜੋ ਫ਼ਰਕ ਵੇਖਣ ਵਿਚ ਨਜ਼ਰ ਆਉਣ ਲਗ ਪਿਆ ਹੈ ਉਹ ਇਹ ਹੈ ਕਿ ਸੜਕ ਉੱਤੇ ਤੁਰਦੇ ਹੋਏ ਵੀ ਇਨ੍ਹਾਂ ਬਜ਼ੁਰਗਾਂ ਨੂੰ ਬੱਚੇ ਵੇਖ ਕੇ ਪਛਾਣ ਲੈਂਦੇ ਹਨ ਤੇ ਜੱਫੀ ਪਾ ਕੇ ਆਪਣੇ ਪਿਆਰ ਦਾ ਇਜ਼ਹਾਰ ਕਰਦੇ ਹਨ। ਇਹੀ ਬਦਲਾਓ ਹੀ ਵਿਕਸਿਤ ਦੇਸ ਭਾਲਦੇ ਸਨ ਕਿ ਕਿਵੇਂ ਬੱਚਿਆਂ ਦਾ ਬਜ਼ੁਰਗਾਂ ਪ੍ਰਤੀ ਮੋਹ ਉਜਾਗਰ ਕੀਤਾ ਜਾਏ ਤੇ ਟੱਬਰ ਟੁੱਟਣੋਂ ਬਚ ਜਾਣ।

ਸਾਡੀਆਂ ਬਹੁਤੀਆਂ ਦਾਦੀਆਂ ਨਾਨੀਆਂ ਤਾਂ ਹੁਣ ਘਰਾਂ ਵਿਚ ਨੌਕਰਾਣੀਆਂ ਤੋਂ ਬਦਤਰ ਜ਼ਿੰਦਗੀ ਬਤੀਤ ਕਰ ਰਹੀਆਂ ਹਨ ਤੇ ਬਥੇਰਿਆਂ ਪੁੱਤਰਾਂ ਨੂੰਹਾਂ ਨੇ ਜਾਇਦਾਦ ਆਪਣੇ ਨਾਂ ਲੁਆ ਕੇ ਬਜ਼ੁਰਗਾਂ ਨੂੰ ਧੱਕੇ ਖਾਣ ਲਈ ਘਰੋਂ ਬਾਹਰ ਕੱਢ ਦਿੱਤਾ ਹੋਇਆ ਹੈ। ਕੁੱਝ ਕੁ ਘਰਾਂ ਵਿਚ ਪੌੜੀਆਂ ਹੇਠਲੇ ਕਮਰੇ ਵਿਚ ਖਹੁੰ ਖਹੁੰ ਕਰਦਾ ਬਜ਼ੁਰਗ ਸੁੱਟਿਆ ਪਿਆ ਹੈ ਤੇ ਕਈ ਪਿੰਗਲਵਾੜੇ ਵਿਚ ਪਲ ਰਹੇ ਹਨ। ਕੁੱਝ ਨੇ ਆਪਣੇ ਬਜ਼ੁਰਗਾਂ ਨੂੰ ਮੈਂਟਲ ਹਸਪਤਾਲ ਵਿਚ ਦਾਖਲ ਕਰਵਾ ਕੇ ਨਿਜਾਤ ਪਾ ਲਈ ਹੈ। ਜੇ ਖਬਰਾਂ ਅਨੁਸਾਰ ਤਲਾਕ ਦਾ ਰੇਟ ਅੱਜਕਲ ੪੪ ਪ੍ਰਤੀਸ਼ਤ ਤਕ ਪਹੁੰਚ ਚੱਲਿਆ ਹੈ ਤਾਂ ਜ਼ਾਹਿਰ ਹੈ ਕਿ ਰਿਸ਼ਤਿਆਂ ਦਾ ਨਿੱਘ ਦਿਨੋ ਦਿਨ ਘਟ ਰਿਹਾ ਹੈ।

ਅਜਿਹੇ ਮਾਹੌਲ ਵਿਚ ਕੀ ਅਸੀਂ ਇਸ ਪਾਸੇ ਵਲ ਗ਼ੌਰ ਨਹੀਂ ਕਰ ਸਕਦੇ ਕਿ ਬਜ਼ੁਰਗਾਂ ਨੂੰ ਮਿਲਦਾ ਸਤਿਕਾਰ ਵੀ ਬਰਕਰਾਰ ਰਹੇ, ਟੁਟਦੇ ਘਰ ਵੀ ਬਚ ਜਾਣ, ਬੱਚੇ ਵੀ ਸਹੀ ਰਸਤੇ ਤੁਰਦੇ ਰਹਿਣ, ਜ਼ਬਾਨ ਵੀ ਬਚੀ ਰਹੇ ਅਤੇ ਉਸ ਨਾਲ ਜੁੜੀ ਸੱਭਿਅਤਾ ਦੇ ਅੰਸ਼ ਵੀ?



Namdhari Elibrary NamdhariElibrary@gmail.com

ਸਾਡੇ ਬਜ਼ੁਰਗ ਭਾਵੇਂ ਅਨਪੜ੍ਹ ਵੀ ਹੋਣ ਪਰ ਉਨ੍ਹਾਂ ਦਾ ਤਜਰਬਾ ਬੇਸ਼ਕੀਮਤੀ ਹੁੰਦਾ ਹੈ ਤੇ ਉਨ੍ਹਾਂ ਦੇ ਜ਼ਿੰਦਗੀ ਦੇ ਤਜਰਬੇ ਦੇ ਕਿੱਸੇ ਤਾਂ ਸੋਨੇ ਵਿਚ ਮੜ੍ਹਾ ਕੇ ਰੱਖਣ ਵਾਲੇ ਹੁੰਦੇ ਹਨ। ਜੇ ਉਹ ਕਿੱਸੇ ਕਹਾਣੀਆਂ ਅਸੀਂ ਵੀ ਬੱਚਿਆਂ ਤਕ ਪਹੁੰਚਾਉਣ ਲਈ ਦਾਦੀਆਂ ਨਾਨੀਆਂ ਨਾਲ ਆਪਣੇ ਬੱਚੇ ਜੋੜ ਦੇਈਏ ਤਾਂ ਕਮਾਲ ਹੀ ਹੋ ਜਾਏ ਤੇ ਘਰਾਂ ਵਿਚਲੀ ਰੌਣਕ ਇਕ ਵਾਰ ਫਿਰ ਬਹਾਲ ਹੋ ਜਾਏ!

ਹੁਣ ਭੁੱਲਿਓ ਨਾ, ਤੇ ਅਗਲੀ ਵਾਰ ਕਿਸੇ ਬਜ਼ੁਰਗ ਨੂੰ ਵੇਖੋ ਤਾਂ ਆਪਣੀ ਜ਼ਿੰਦਗੀ ਦੇ ਕੁੱਝ ਕੀਮਤੀ ਪਲ ਉਨ੍ਹਾਂ ਦਾ ਤਜਰਬਾ ਸੁਣਨ ਉੱਤੇ ਲਾ ਦਿਓ ਤੇ ਇਕ ਖ਼ੂਬਸੂਰਤ ਕਹਾਣੀ ਘੜ ਲਇਓ ਜੋ ਤੁਸੀਂ ਆਪਣੇ ਬੱਚਿਆਂ ਨੂੰ ਸੁਣਾ ਸਕਦੇ ਹੋ।

ਜਾਂਦੇ ਜਾਂਦੇ ਸਪੈੱਲਬਾਈਂਡਰ ਟੀਮ ਵੱਲੋਂ ਦੱਸਿਆ ਇਕ ਦਰਦਨਾਕ ਕਿੱਸਾ ਜ਼ਰੂਰ ਮੈਂ ਸੁਣਾਉਣਾ ਚਾਹੁੰਦੀ ਹਾਂ:

ਹੌਸਪਿਸ ਕੇਅਰ ਵਿਚ ਆਪਣੀ ਜ਼ਿੰਦਗੀ ਦੇ ਆਖ਼ਰੀ ਪਲ ਬਿਤਾ ਰਹੀ ਇਕ ਬੱਚੀ ਨੂੰ ਪਰੀਆਂ ਦੀ ਕਹਾਣੀ ਸੁਣਾਈ ਗਈ ਤੇ ਅਗਲੇ ਦਿਨ ਉਸਨੂੰ ਉਸੇ ਕਹਾਣੀ ਉੱਤੇ ਤਸਵੀਰਾਂ ਬਣਾਉਣ ਲਈ ਕਿਹਾ ਗਿਆ ਤੇ ਨਾਲੇ ਕਹਾਣੀ ਵਾਪਸ ਸੁਣਾਉਣ ਲਈ ਵੀ।

ਉਸ ਬੱਚੀ ਨੇ ਆਪਣੀ ਮਰੀ ਹੋਈ ਮਾਂ ਦੀ ਪਰੀ ਦੀ ਸ਼ਕਲ ਵਾਂਗ ਤਸਵੀਰ ਵਾਹੀ ਤੇ ਫੇਰ ਆਪਣੀ ਵੀ ਪਰੀ ਦੀ ਸ਼ਕਲ ਵਿਚ ਵਾਹੀ ਤੇ ਹੇਠਾਂ ਲਿਖਿਆ, " ਪੰਜ ਸਾਲਾਂ ਤੋਂ ਤੁਹਾਡੇ ਤੁਰ ਜਾਣ ਬਾਅਦ ਮੈਂ ਤੁਹਾਡੀ ਗੋਦ ਵਿਚ ਆਉਣ ਲਈ ਤਰਸ ਰਹੀ ਸੀ। ਰੱਬ ਨੇ ਮੈਨੂੰ ਏਸੇ ਲਈ ਇਹ ਬੀਮਾਰੀ ਦੇ ਦਿੱਤੀ ਕਿ ਤੁਹਾਡੇ ਕੋਲ ਉੱਡ ਕੇ ਚੰਨ ਉੱਤੇ ਪਹੁੰਚ ਜਾਵਾਂ ਤੇ ਫੇਰ ਤੁਹਾਡੇ ਕੋਲੋਂ ਲੋਰੀ ਸੁਣਾਂ। ਮੈਨੂੰ ਪਤਾ ਨਹੀਂ ਮੇਰੇ ਖੰਭ ਕਿੰਨ ਕੁ ਤਗੜੇ ਹੋਣਗੇ। ਜੇ ਚੰਨ ਤਕ ਪਹੁੰਚਣ ਤੋਂ ਪਹਿਲਾਂ ਮੈਂ ਥੱਕ ਗਈ ਤਾਂ ਕਿਤੇ ਹੇਠਾਂ ਨਾ ਡਿੱਗ ਪਵਾਂ। ਕੀ ਮੰਮੀ ਤੁਸੀਂ ਮੈਨੂੰ ਹੇਠਾਂ ਉਤਰ ਕੇ ਫੜ ਲਵੋਗੇ ਤੇ ਆਪਣੀ ਗੋਦੀ ਵਿਚ ਚੁੱਕ ਕੇ ਚੰਨ ਤਕ ਲੈ ਜਾਓਗੇ? ਉੱਥੇ ਅਸੀਂ ਰਲ ਕੇ ਆਈਸਕ੍ਰੀਮ ਖਾਇਆ ਕਰਾਂਗੇ। ਡਾਕਟਰ ਨੇ ਮੈਨੂੰ ਕਿੰਨੇ ਦਿਨਾਂ ਤੋਂ ਗਲੇ ਵਿਚ ਪਾਈਪ ਪਾ ਕੇ ਰੱਖਿਆ ਹੋਇਆ ਹੈ ਤੇ ਮੈਨੂੰ ਇਹ ਬਹੁਤ ਜ਼ਿਆਦਾ ਦਰਦ ਕਰਦੀ ਹੈ। ਮੈਨੂੰ ਕੋਈ ਆਈਸਕ੍ਰੀਮ ਨਹੀਂ ਖਾਣ ਲਈ ਦਿੰਦਾ। ਸਿਰਫ਼ ਦੁਆਈਆਂ ਹੀ ਦੇਈ ਜਾਂਦੇ ਨੇ। ਹੁਣ ਮੈਂ ਨਹੀਂ ਹੋਰ ਏਥੇ ਰਹਿਣਾ। ਮੈਂ ਤੁਹਾਡੇ ਕੋਲ ਆ ਰਹੀ ਹਾਂ। "

ਇਹ ਲਿਖਣ ਤੋਂ ਇਕ ਘੰਟੇ ਬਾਅਦ ਹੀ ਬੱਚੀ ਨੇ ਸੁਆਸ ਤਿਆਗ ਦਿੱਤੇ।

ਉਹ ਚੰਨ ਤਕ ਪਹੁੰਚੀ ਕਿ ਨਹੀਂ ਤੇ ਉਸਨੂੰ ਉਸਦੀ ਮਾਂ ਨੇ ਰਾਹ ਵਿਚ ਬੋਚ ਲਿਆ ਕਿ ਨਹੀਂ, ਮੈਨੂੰ ਨਹੀਂ ਪਤਾ, ਪਰ ਇਸ ਅਸਲੀ ਕਹਾਣੀ ਵਿਚ ਲੁਕਿਆ ਦਰਦ ਮੇਰੇ ਦਿਲ ਦੀਆਂ ਡੂੰਘਿਆਈਆਂ ਵਿਚ ਉਤਰ ਗਿਆ।

ਇਹ ਦਰਦ ਜੇ ਖ਼ੂਬਸੂਰਤ ਤਰੀਕੇ ਨਾਲ ਵੰਡਾ ਲਈਏ ਤਾਂ ਵਾਕਈ ਮਨੁੱਖਤਾ ਪ੍ਰਤੀ ਬਹੁਤ ਕਾਰਗਰ ਕਦਮ ਸਿੱਧ ਹੋ ਸਕਦਾ ਹੈ।

" ਜੇ ਰਖ ਸਕੋ ਤਾਂ ਇਕ ਨਿਸ਼ਾਨੀ ਹਾਂ ਮੈਂ,
ਜੇ ਭੁਲਾ ਦਿਓ ਤਾਂ ਇਕ ਕਹਾਣੀ ਹਾਂ ਮੈਂ
ਰੋਕ ਨਾ ਸਕੇ ਜਿਸਨੂੰ ਪੂਰੀ ਦੁਨੀਆ,
ਉਹੀ ਇਕ ਬੂੰਦ ਅਖ ਵਿਚਲਾ ਪਾਣੀ ਹਾਂ ਮੈਂ। "

*ਬੱਚਿਆਂ ਦੀ ਮਾਹਿਰ,*
*28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ*
*ਫੋਨ ਨੰ: 0175-2216783*

## ਕਹਾਣੀਕਾਰੀ ਗੁਰਮੇਲ ਮਡਾਹੜ ਦਾ ਦੇਹਾਂਤ

ਸੰਗਰੂਰ-ਪਿਛਲੇ ਦਿਨੀਂ ਪੰਜਾਬੀ ਸਾਹਿਤ ਦੇ ਪ੍ਰਸਿੱਧ ਕਹਾਣੀਕਾਰ ਗੁਰਮੇਲ ਮਡਾਹੜ ਦਾ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਇਤਿਹਾਸਕ ਪਿੰਡ ਬਡਰੁੱਖਾਂ ਦੇ ਜੱਦੀ ਵਸਨੀਕ ਗੁਰਮੇਲ ਮਡਾਹੜ ਦਾ ਜਨਮ ੧ ਜੁਲਾਈ ੧੯੪੫ ਨੂੰ ਉਭਾਵਾਲ ਵਿਖੇ ਹੋਇਆ। ਉਨ੍ਹਾਂ ਪੰਜਾਬੀ ਸਾਹਿਤ ਦੀ ਝੋਲੀ ੧੦੦ ਤੋਂ ਵੱਧ ਪੁਸਤਕਾਂ ਪਾਈਆਂ ਤੇ ਉਨ੍ਹਾਂ ਨੂੰ ਅਨੇਕਾਂ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ੧੯੭੪ ਵਿਚ ਉਨ੍ਹਾਂ ਦਾ ਪਹਿਲਾ ਕਹਾਣੀ ਸੰਗ੍ਰਹਿ 'ਅਣਗੌਲੇ ਆਦਮੀ' ਆਇਆ। ਮਡਾਹੜ ਦੇ ਚਰਚਿਤ ਕਹਾਣੀ ਸੰਗ੍ਰਿਹਾਂ ਵਿਚ 'ਕੱਚੇ ਕੋਠਿਆਂ ਦੇ ਵਾਸੀ' "ਜੱਗ ਜਾਗੀ ਹੈ", "ਅਸੀਂ ਹਾਰੇ ਨਹੀਂ" ਤੋਂ ਇਲਾਵਾ ਪਾਕਿਸਤਾਨੀ ਸਫ਼ਰਨਾਮਾ 'ਆਪਣੇ ਘਰ ਮਹਿਮਾਨ' ਸ਼ਾਮਲ ਹੈ।

ਮਡਾਹੜ ਪਿਛਲੇ ਲੰਮੇ ਸਮੇਂ ਤੋਂ ਸ਼ਹਿਰ ਸੰਗਰੂਰ ਵਿਖੇ ਰਹਿ ਰਹੇ ਸਨ। ਕਰੀਬ ੬੬ ਵਰ੍ਹਿਆਂ ਦੇ ਮਡਾਹੜ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਦੋ ਬੇਟੀਆਂ ਅਤੇ ਇਕ ਬੇਟਾ ਛੱਡ ਗਏ ਹਨ। ਮਡਾਹੜ ਦਾ ਸਸਕਾਰ ੨੯ ਨਵੰਬਰ ਨੂੰ ਸਵੇਰੇ ਕਰੀਬ ਦਸ ਵਜੇ ਸੰਗਰੂਰ ਵਿਖੇ ਕੀਤਾ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਪ੍ਰਧਾਨ ਡਾ. ਤੇਜਵੰਤ ਮਾਨ, ਸਾਬਕਾ ਮੰਤਰੀ ਜਸਬੀਰ ਸਿੰਘ, ਸਾਹਿਤਕਾਰ ਡਾ. ਚਰਨਜੀਤ ਸਿੰਘ ਉਡਾਰੀ, ਕਹਾਣੀਕਾਰ ਮੋਹਨ ਸ਼ਰਮਾ, ਬਚਨ ਬੇਦਿਲ, ਪ੍ਰੋ. ਮਲਕੀਤ ਖਟੜਾ ਨੇ ਕਹਾਣੀਕਾਰ ਗੁਰਮੇਲ ਮਡਾਹੜ ਦੇ ਅਚਾਨਕ ਸਦੀਵੀ ਵਿਛੋੜੇ 'ਤੇ ਅਫਸੋਸ ਪ੍ਰਗਟ ਕੀਤਾ।



Namdhari Elibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਜੀ ਵਲੋਂ ਇਸਤਰੀ ਕਲਿਆਣ ਲਈ ਪੁੱਟੇ ਗਏ ਕਦਮ

*—ਪ੍ਰੋ. ਹਮਦਰਦਵੀਰ ਨੌਸ਼ਹਿਰਵੀ*

੧੨ ਅਪ੍ਰੈਲ, ੨੦੦੭ ਨੂੰ ਭਾਰਤ ਦੀ ਪਹਿਲੀ ਜੰਗੇ ਅਜ਼ਾਦੀ (੧੮੫੭ ਈ. ਦਾ ਗ਼ਦਰ) ਨੂੰ ਪੂਰੇ ੧੫੦ ਸਾਲ ਬੀਤ ਗਏ ਸਨ। ਸਤਿਗੁਰੂ ਰਾਮ ਸਿੰਘ ਦੀ ਅਗਵਾਈ ਵਿਚ ਦੇਸ਼ ਦੀ ਅਜ਼ਾਦੀ ਦੀ ਕੌਮੀ ਲੜਾਈ ਵਿਚ ਕੂਕਾ ਲਹਿਰ ਨੂੰ ਚਲਦਿਆਂ ਵੀ ੧੫੦ ਸਾਲ ਬੀਤ ਗਏ ਹਨ। ਭਾਰਤ ਦੀ ਅਜ਼ਾਦੀ ਦੀ ਜੰਗ ਵਿਚ ਮਹਾਤਮਾ ਗਾਂਧੀ ਦੇ ਆਗਮਨ ਤੋਂ ਕਾਫ਼ੀ ਪਹਿਲਾਂ, ਪੰਜਾਬ ਦੇ ਨਾਮਧਾਰੀਆਂ ਦਾ ਬਹੁਤ ਮਹੱਤਵਪੂਰਨ ਯੋਗਦਾਨ ਹੈ।

੨੭ ਜੂਨ, ੧੮੩੯ ਨੂੰ ਮਹਾਰਾਜਾ ਰਣਜੀਤ ਸਿੰਘ, ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਮਹਾਰਾਜਾ ਦੇ ਚਲਾਣੇ ਦੇ ਦਸ ਸਾਲਾਂ ਦੇ ਅੰਦਰ ਅੰਦਰ ਹੀ, ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਹੇਠ ਆ ਗਿਆ। ੨੯ ਮਾਰਚ, ੧੮੪੯ ਨੂੰ ਲਾਰਡ ਡਲਹੌਜ਼ੀ ਨੇ ਪੰਜਾਬ ਉਤੇ ਅੰਗਰੇਜ਼ਾਂ ਦੇ ਕਬਜ਼ੇ ਦਾ ਐਲਾਨ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਤੋਂ ਬਾਅਦ, ਪੰਜਾਬ ਵਿਚ ਘੋਰ ਨਿਰਾਸ਼ਾ ਦਾ ਯੁੱਗ ਸੀ। ਵਾਰਸਾਂ ਵਿਚ ਖਾਨਾਜੰਗੀ ਸੀ, ਨੈਤਿਕ ਨਿਘਾਰ ਜਾਰੀ ਸੀ। ਸੱਤਾ ਦੀ ਭੁੱਖ ਭਾਰੂ ਸੀ। ਮੌਕਾਪ੍ਰਸਤੀ ਸੀ। ਬੁਰਛਾ ਗਰਦੀ ਸੀ। ਸਾਜ਼ਸ਼ਾਂ ਸਨ। ਗਦਾਰੀਆਂ ਸਨ। ਜਾਅਲਸਾਜ਼ੀਆਂ ਸਨ. ਬੇਵਿਸ਼ਵਾਸੀ ਸੀ। ਸਮਾਂ ਆਤਮਘਾਤੀ ਸੀ। ਅੰਗਰੇਜ਼ ਆਪਣੇ ਪੈਰ ਜਮਾ ਰਹੇ ਸਨ। ਸਿੱਖ ਸਰਦਾਰ ਚਾਪਲੂਸਾਂ ਨੂੰ ਪਦਵੀਆਂ ਦੀ ਖ਼ੈਰਾਇਤ ਵੰਡ ਰਹੇ ਸਨ। ਅੰਗਰੇਜ਼ਾਂ ਦਾ ਦਾਬਾ ਸੀ। ਦਹਿਸ਼ਤ ਸੀ। ਗੱਦਾਰ ਲਾਲ ਸਿੰਘ, ਤੇਜਾ ਸਿੰਘ ਦੀ ਸਰਦਾਰੀ ਸੀ। ਮੁਦਕੀ, ਫਿਰੋਜ਼ਸ਼ਾਹ, ਸਭਰਾਵਾਂ ਵਿਖੇ ਸਿੱਖ ਫੌਜਾਂ, ਗੱਦਾਰਾਂ ਦੀ ਗੱਦਾਰੀ ਕਰਕੇ, ਜਿੱਤ ਕੇ ਵੀ ਹਾਰ ਗਈਆਂ ਸਨ–

"ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਸੀ ਅੰਤ ਨੂੰ ਹਾਰੀਆਂ ਨੇ।"

੨੨ ਸਾਲਾਂ ਦੀ ਉਮਰ ਵਿਚ ਸਤਿਗੁਰੂ ਰਾਮ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋ ਗਏ ਸਨ ਸੰਨ ੧੮੩੭। ੧੮੪੫ ਈ. ਵਿਚ ਆਪ ਖ਼ਾਲਸਾ ਫੌਜ ਦੀ ਨੌਕਰੀ ਛਡ ਕੇ ਘਰ ਆ ਗਏ ਸਨ। ਸੰਨ ੧੮੩੯–੧੮੪੯ ਤੱਕ ਪੰਜਾਬ ਦਾ ਪਤਨ ਸਤਿਗੁਰੂ ਰਾਮ ਸਿੰਘ ਨੇ ਅੱਖੀਂ ਵੇਖਿਆ ਸੀ–ਹੱਡੀਂ ਹੰਢਾਇਆ ਸੀ।

ਸਤਿਗੁਰੂ ਰਾਮ ਸਿੰਘ ਨੇ ਸੁੱਤੇ ਹੋਏ ਪੰਜਾਬ ਨੂੰ, ਖਾਸ ਕਰਕੇ ਸਿੱਖ ਕੌਮ ਨੂੰ, ਜਾਗਰਿਤ ਕਰਨ ਬਾਰੇ ਸੋਚਿਆ। ਕੌਮ ਨੂੰ ਘੋਰ ਨੈਤਿਕ ਗਿਰਾਵਟ ਵਿਚੋਂ ਕੱਢਣਾ ਜ਼ਰੂਰੀ ਸੀ। ਮੈਦਾਨਾਂ ਤੋਂ ਪਹਿਲਾਂ ਘਰਾਂ ਅੰਦਰ ਚੇਤਨਤਾ ਦੇ ਦੀਵੇ ਜਗਣੇ ਜ਼ਰੂਰ ਚਾਹੀਦੇ ਸਨ। ਇਸਤਰੀਆਂ ਦਾ ਯੋਗਦਾਨ ਬਹੁਤ ਹੀ ਜ਼ਰੂਰੀ ਸੀ। ਸਤਿਗੁਰੂ ਰਾਮ ਸਿੰਘ ਵੈਸਾਖੀ ਵਾਲੇ ਦਿਨ, ੧੮੫੭ ਈ. ਨੂੰ ਸੰਤ ਖ਼ਾਲਸੇ ਦੀ ਸਿਰਜਣਾ ਆਰੰਭੀ। ਸਿੱਖਾਂ ਨੂੰ ਗੁਰਬਾਣੀ ਤੇ ਗੁਰਮਤ ਦੇ ਲੜ ਲਾਉਣ ਲਈ ਸੂਬਿਆਂ ਦਾ ਪ੍ਰਬੰਧ ਕਰਨਾ ਸ਼ੁਰੂ ਕੀਤਾ। ਦਸ ਸਾਲਾਂ ਵਿਚ ਸਤ ਲੱਖ ਸਿੰਘ ਸਜਾਏ। ਅੰਮ੍ਰਿਤ ਪਾਨ ਕਰਵਾਏ। ੧੨ ਅਪ੍ਰੈਲ, ੧੮੫੭ ਨੂੰ ਪੰਜ ਸਿੰਘਾਂ ਨੂੰ ਅੰਮ੍ਰਿਤ ਪਾਨ ਕਰਵਾਇਆ ਗਿਆ–ਭਾਈ ਕਾਹਨ ਸਿੰਘ, ਭਾਈ ਲਾਭ ਸਿੰਘ, ਭਾਈ ਸੁਧ ਸਿੰਘ, ਭਾਈ ਆਤਮਾ ਸਿੰਘ ਅਤੇ ਭਾਈ ਨੈਣਾ ਸਿੰਘ। ਭਗਤੀ ਤੇ ਸ਼ਕਤੀ ਦਾ ਸੁਮੇਲ ਹੋਇਆ। ਖ਼ਾਲਸੇ ਦੀ ਪੁਨਰ-ਸੁਰਜੀਤੀ ਕੀਤੀ ਗਈ। ਜੰਗ ਅਜ਼ਾਦੀ ਵਿਚ ਔਰਤਾਂ ਵੀ ਮਰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ, ਅੱਗੇ ਤੁਰ ਸਕਣ, ਪਹਿਲੀ ਵਾਰ, ਪਹਿਲੀ ਜੂਨ, ੧੮੬੩ ਨੂੰ ਪਿੰਡ ਸਿਆੜ ਜ਼ਿਲ੍ਹਾ ਲੁਧਿਆਣਾ ਵਿਖੇ ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ ਗਈ। ਸਿੰਘ ਸਿੰਘਣੀਆਂ ਨੂੰ ਦੇਸ਼ ਕੌਮ ਦੇ ਲੇਖੇ ਲਾਇਆ ਗਿਆ–ਗੁਰਵਾਕ ਹੈ–

"ਪਹਿਲਾਂ ਮਰਣੁ ਕਬੂਲ ਕਰ ਜੀਵਣ ਕੀ ਛਡਿ ਆਸਿ
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸ।"

ਕਰੀਬ ਡੇਢ ਸੌ ਸਾਲ ਪਹਿਲਾਂ ਸਤਿਗੁਰੂ ਰਾਮ ਸਿੰਘ ਨੇ ਇਸਤਰੀਆਂ ਦੇ ਹੱਕ ਵਿਚ ਜਿਹੜੀ ਆਵਾਜ਼ ਉਠਾਈ ਸੀ, ਅੱਜ ਵੀ ਉਸ ਦੀ ਸਾਰਥਿਕਤਾ ਕਾਇਮ ਹੈ। ਡੇਢ ਸੌ ਸਾਲ ਬੀਤੇ, ਅੱਜ ਵੀ ਭਾਰਤ, ਖ਼ਾਸ ਕਰਕੇ ਪੰਜਾਬ ਵਿਚ, ਮਹਿਲਾਵਾਂ ਦੀ ਸਥਿਤੀ ਵਿਚ ਬਹੁਤੀ ਹਾਂ-ਮੁਖੀ ਤਬਦੀਲੀ ਨਹੀਂ ਹੋਈ। ੨੨ ਜੁਲਾਈ, ੨੦੦੭ ਦੀ ਭਾਰਤ ਸਰਕਾਰ ਦੀ ਇਕ ਰਿਪੋਰਟ ਅਨੁਸਾਰ, ਭਾਰਤ ਵਿਚ ਹਰ ਸਾਲ ੫੦ ਹਜ਼ਾਰ ਭਰੂਣ ਹੱਤਿਆਵਾਂ ਬਾਰੇ ਸੂਚਨਾ ਮਿਲਦੀ ਸੀ। ਵਾਸਤਵ ਵਿਚ ਇਸ ਤੋਂ ਕਿਤੇ ਵਧ ਭਰੂਣ ਹੱਤਿਆ ਹੁੰਦੀਆਂ ਹਨ। ਪੰਜਾਬ ਵਿਚ ਢਾਈ ਹਜ਼ਾਰ ਬੱਚੀਆਂ ਰੋਜ਼ ਮਾਰੀਆਂ ਜਾਂਦੀਆਂ ਹਨ।

ਪੰਜਾਬ ਵਿਚ ਸਤਿਗੁਰੂ ਰਾਮ ਸਿੰਘ ਨੇ ਆਪਣੇ ਹੁਕਮਨਾਮਿਆਂ ਵਿਚ ਬੱਚੀਆਂ ਨੂੰ ਮਾਰ ਦੇਣ ਵਿਰੁੱਧ ਸਖ਼ਤੀ


Namdhari Elibrary NamdhariElibrary@gmail.com

ਨਾਲ ਹਦਾਇਤ ਕੀਤੀ ਸੀ। ਆਪਣੇ ਸੂਬਿਆਂ ਨੂੰ ਕਿਹਾ ਸੀ ਕਿ ਕੁੜੀ ਮਾਰ ਵਿਰੁੱਧ ਪੂਰਨ ਸਮਾਜ ਬਾਈਕਾਟ ਕਰਨ। ਉਸ ਨਾਲ ਕੋਈ ਬੋਲਚਾਲ ਲੈਣ ਦੇਣ ਨਾ ਰੱਖਣ। ਕੁੜੀ ਮਾਰ ਨੂੰ ਸੰਗਤ ਵਿਚੋਂ ਵੀ ਛੇਕ ਦੇਣ।

ਬੜੇ ਦੁੱਖ ਦੀ ਗੱਲ ਹੈ ਕਿ ਅੱਜ ਵੀ, ਪੰਜਾਬ ਵਿਚ, ਸੰਸਾਰ ਭਰ ਵਿਚੋਂ ਸਭ ਤੋਂ ਵੱਧ ਭਰੂਣ ਹੱਤਿਆਵਾਂ ਹੋ ਰਹੀਆਂ ਹਨ-ਸੰਨ ੨੦੦੧ ਦੀ ਭਾਰਤੀ ਜਨਗਣਨਾ ਅਨੁਸਾਰ ਵੀ ਅਤੇ ਹੁਣੇ ਹੁਣੇ ਆਈ ਯੂਨੀਸੈਫ (ਸੰਯੁਕਤ ਰਾਸ਼ਟਰੀ ਦੀ ਬੱਚਿਆਂ ਬਾਰੇ ਸੰਸਥਾ) ਦੀ ਰਿਪੋਰਟ ਅਨੁਸਾਰ ਪੰਜਾਬ ਵਿਚ, ਭਾਰਤ ਵਿਚ ਸਭ ਤੋਂ ਵੱਧ ਭਰੂਣ ਹੱਤਿਆ ਹੋ ਰਹੀ ਹੈ-੧੦੦੦ ਨਰ ਬੱਚਿਆਂ ਪਿੱਛੇ ਸਿਰਫ ੭੯੮ ਮਾਦਾ ਬੱਚੀਆਂ ਹਨ।

ਸਤਿਗੁਰੂ ਰਾਮ ਸਿੰਘ ਨੇ ਗੁਰਬਾਣੀ ਦੇ ਅਸੂਲਾਂ ਉਤੇ ਪਹਿਰਾ ਦਿੰਦਿਆਂ, ਕੰਨਿਆਂ ਹੱਤਿਆਵਾਂ ਵਿਰੁੱਧ ਹੁਕਮਨਾਮਾ ਜਾਰੀ ਕੀਤਾ ਸੀ। ਗੁਰਵਾਕ ਹੈ-

ਭੰਡਹੁ ਹੀ ਭੰਡੁ ਉਪਜੈ। ਭੰਡੈ ਬਾਝੁ ਨਾ ਕੋਇ।
ਨਾਨਕ ਭੰਡੈ ਬਾਹਰਾ, ਏਕੋ ਸਚਾ ਸੋਇ।

ਜੇ ਬੱਚੀ ਨਹੀਂ ਪੈਦਾ ਹੋਣ ਦਿੱਤੀ ਜਾਵੇਗੀ-ਤਾਂ ਭੈਣ, ਨੌਂਹ, ਮਾਂ, ਸੱਸ ਕਿਥੋਂ ਆਉਣਗੀਆਂ। ਜ਼ਿੰਦਗੀ ਥਮ੍ਹ ਜਾਵੇਗੀ। ਮੁੱਕ ਜਾਵੇਗੀ।

ਬੰਗਾਲ ਵਿਚ ਰਾਜਾ ਰਾਮ ਮੋਹਨ ਰਾਏ ਨੇ (੧੭੭੨-੧੮੩੩), ਇਸਤਰੀਆਂ ਦੇ ਅਧਿਕਾਰਾਂ ਦੇ ਹੱਕ ਵਿਚ ਆਵਾਜ਼ ਉਠਾਈ ਸੀ। ਸਤੀ ਵਿਰੁੱਧ, ਵਿਧਵਾਵਾਂ ਨੂੰ ਦੂਜੀ ਸ਼ਾਦੀ ਦੇ ਹੱਕ ਵਿਚ, ਕੁੜੀਆਂ ਨੂੰ ਕਤਲ ਵਿਰੁੱਧ, ਅੰਗਰੇਜ਼ਾਂ ਪਾਸ ਫਰਿਆਦ ਕੀਤੀ ਸੀ ਪਰ ਰਾਜਾ ਰਾਮ ਮੋਹਨ ਰਾਏ ਅੰਗਰੇਜ਼ਾਂ ਦੇ ਵਿਰੁੱਧ ਨਹੀਂ ਸੀ-ਉਹ ਬ੍ਰਾਹਮੋ ਸਮਾਜ (੧੮੨੮ ਈ. ਨੂੰ ਕਾਇਮ) ਦੀਆਂ ਛੋਟੀਆਂ ਛੋਟੀਆਂ ਸਮਾਜਿਕ ਰਿਆਇਤਾਂ ਚਾਹੁੰਦਾ ਸੀ। ਨਰਮਦਲੀਆ ਸੁਧਾਰਵਾਦੀ ਸੀ।

ਸਤਿਗੁਰੂ ਰਾਮ ਸਿੰਘ ਪਾਸ ਆਪਣੇ ਸਮਿਆਂ ਤੋਂ ਕਾਫੀ ਅੱਗੇ ਦੀ ਸੋਚ ਸੀ। ਸੱਚੇ ਅਰਥਾਂ ਵਿਚ ਉਹ ਇਨਕਲਾਬੀ ਸ਼ਖਸੀਅਤ ਸਨ। ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਵਾਉਣ ਲਈ, ਇਸਤਰੀਆਂ ਵਿਚ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਹੀ ਪੈਦਾ ਕਰਨ ਵਿਚ, ਸਮਾਜ ਵਿਚ ਆਪਣਾ ਬਰਾਬਰ ਸਮਾਜਿਕ, ਆਰਥਿਕ ਸਥਾਨ ਗ੍ਰਹਿਣ ਕਰਾਉਣ ਵਿਚ ਸਤਿਗੁਰੂ ਰਾਮ ਸਿੰਘ ਦਾ ਯੋਗਦਾਨ ਸਦਾ ਚੇਤੇ ਕੀਤਾ ਜਾਂਦਾ ਸੀ।

ਸਤਿਗੁਰੂ ਰਾਮ ਸਿੰਘ ਨੇ ਬਾਲ ਵਿਆਹ ਵਿਰੁੱਧ ਐਲਾਨ ਕੀਤਾ। ਹੁਕਮਨਾਮਾ ਜਾਰੀ ਕੀਤਾ ਕਿ ਸ਼ਾਦੀ ਸਮੇਂ ਮੁੰਡੇ ਦੀ ਉਮਰ ੨੦ ਸਾਲਾਂ ਤੋਂ ਘਟ ਨਾ ਹੋਵੇ ਅਤੇ ਕੁੜੀ ਦੀ ਉਮਰ ੧੮ ਸਾਲਾਂ ਤੋਂ ਹੇਠਾਂ ਨਹੀਂ ਹੋਣੀ ਚਾਹੀਦੀ।

ਕੋਈ ਵੀ ਬਾਪ ਜੋ ਆਪਣੀ ਬੇਟੀ ਦਾ ਵੱਟੇ ਦਾ ਸਾਕ ਕਰਦਾ ਹੈ, ਪੈਸੇ ਲੈ ਕੇ ਬੇਟੀ ਵਿਆਹੁੰਦਾ ਹੈ ਤਾਂ ਉਹ ਕੁਰਹਿਤ ਕਰਦਾ ਹੈ-ਪਾਪੀ ਹੈ-ਲੋਕ ਗੀਤ ਹਾਮੀ ਭਰਦਾ ਹੈ-

ਤੇਰੀ ਗਈ ਮੱਤ ਮਾਰੀ ਵੇ, ਬਾਬਲਾ ਲਾਲਚੀਆ
ਨਾ ਬਣੀਂ ਬਪਾਰੀ ਵੇ, ਬਾਬਲਾ ਲਾਲਚੀਆ।

ਬੇਟੀ ਦੀ ਸ਼ਾਦੀ ਸਮੇਂ ਕੋਈ ਦਾਜ ਨਹੀਂ ਲੈਣਾ। ਵਿਖਾਵਾ ਨਹੀਂ ਕਰਨਾ। ਸਾਦਾ ਸ਼ਾਦੀ ਕਰਨੀ ਹੈ। ਅੱਜਕੱਲ੍ਹ ਦੇ ਮੈਰੇਜ ਪੈਲੇਸਾਂ ਦੇ ਸ਼ੋਰ ਸ਼ਰਾਬੇ ਤੇ ਫਜ਼ੂਲ ਖ਼ਰਚੀ ਤੋਂ ਐਨੇ ਵਿਰੋਧੀ ਵਿਚਾਰ ਸਨ ਸਤਿਗੁਰੂ ਰਾਮ ਸਿੰਘ ਦੇ-ਖਰਚ ਘਟ, ਸ਼ੋਰ ਪ੍ਰਦੂਸ਼ਣ ਦੀ ਮਨਾਹੀ।

ਸਤਿਗੁਰੂ ਰਾਮ ਸਿੰਘ ਨੇ ਔਰਤਾਂ ਲਈ ਫਜ਼ੂਲ ਦੀ ਸੱਜ ਧੱਜ ਦਾ ਵਿਰੋਧ ਕੀਤਾ ਸੀ। ਗਹਿਣੇ ਨਹੀਂ ਪਹਿਨਣੇ। ਭੜਕਾਊ ਸ਼ਿੰਗਾਰ ਨਹੀਂ ਕਰਨਾ। ਦੁੱਧ ਚਿੱਟੇ ਖੱਦਰ ਦੇ ਬਸਤਰ ਪਹਿਨਣੇ ਹਨ। ਲੋਕ ਗੀਤ ਵਿਚ ਕੂਕਿਆਂ ਦਾ ਸੱਚ ਕੂਕਦਾ ਹੈ-

"ਲਾਹ ਦੇ ਸਿਰੋਂ ਪਰਾਂਦਾ-ਨਾਲੇ ਲਾਹ ਦੇ ਨੱਥ ਮਛਲੀ।"

ਸਿਰ ਢੱਕ ਕੇ ਰੱਖਣਾ ਹੈ ਪਰ ਪਰਦਾ ਨਹੀਂ ਕਰਨਾ। ਘੁੰਡ ਨਹੀਂ ਕਢਣਾ। ਸਤਿਗੁਰੂ ਰਾਮ ਸਿੰਘ ਨੇ ਕੁੜੀਆਂ ਦੀ ਪੜ੍ਹਾਈ ਉਤੇ ਖਾਸ ਜ਼ੋਰ ਦਿੱਤਾ। ਔਰਤ ਮਰਦ ਦੇ ਹਰ ਖ਼ੇਤਰ ਵਿਚ ਬਰਾਬਰ ਦੇ ਅਧਿਕਾਰ ਹਨ। ਕੋਈ ਹੀਣ ਭਾਵ ਨਹੀਂ। ਊਚ ਨੀਚ ਨਹੀਂ। ਛੂਤ ਛਾਤ ਨਹੀਂ। ਲਿੰਗ ਭੇਦ ਨਹੀਂ-ਵਿਤਕਰਾ ਨਹੀਂ। ਰਲ ਮਿਲ ਕੇ ਰਹਿਣਾ ਹੈ ਗੁਰਬਾਣੀ ਦਾ ਵਾਕ ਹੈ-

ਖਾਵਹਿ ਖਰਚੇ ਰਲਿ ਮਿਲਿ ਭਾਈ
ਤੋਟ ਨਾ ਆਵੈ ਵਧਦੋ ਜਾਈ।

ਸ਼ਾਦੀ ਸਮੇਂ ਵਾਧੂ ਦੀਆਂ ਰਸਮਾਂ ਨਹੀਂ ਕਰਨੀਆਂ-ਸ਼ਗਨ, ਠਾਕਾ, ਰੋਕ, ਰਿੰਗ-ਰਸਮ, ਮਿਲਣੀਆਂ, ਅਸ਼ਲੀਲ, ਗੌਣ ਵਜਾਉਣ ਨਹੀਂ-ਲੋਕ ਗੀਤ ਸ਼ਾਹਦੀ ਭਰਦਾ ਹੈ-

ਕੂਕੇ ਗੌਣ ਨਾ ਦਿੰਦੇ, ਮੇਲਾ ਮੁਕਸਰ ਦਾ।

ਸਤਿਗੁਰੂ ਰਾਮ ਸਿੰਘ ਨੇ ਪਹਿਲੀ ਵਾਰ ਅੰਮ੍ਰਿਤ ਬਖ਼ਸ਼ਿਸ਼ ਤੋਂ ਇਲਾਵਾ, ਪਹਿਲੀ ਵਾਰ ਗੁਰਮਤਿ ਆਨੰਦ ਮਰਿਆਦਾ ਅਨੁਸਾਰ ਆਨੰਦ ਕਾਰਜ ਸ਼ਾਦੀ ਦੀ ਰੀਤ ਤੋਰੀ। ੩ ਜੂਨ, ੧੮੬੩ ਨੂੰ ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ ਵਿਖੇ, ਸਤਿਗੁਰੂ ਰਾਮ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਚਾਰ ਲਾਵਾਂ ਪੜ੍ਹ ਕੇ, ਛੇ ਅਨੰਦ ਕਾਰਜ ਕੀਤੇ।



Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਨੇ ਸਮੂਹਕ ਸ਼ਾਦੀਆਂ ਦੀ ਵਿਵਸਥਾ ਆਰੰਭ ਕੀਤੀ। ਇਕੋ ਸਮੇਂ ਕਈ ਕਈ ਜੋੜਿਆਂ ਦੇ ਇਕੱਠੇ ਅਨੰਦ ਕਾਰਜ ਕੀਤੇ ਜਾਂਦੇ ਸਨ। ਹੁਣ ਵੀ ਸਮੂਹਕ ਸ਼ਾਦੀਆਂ ਹੁੰਦੀਆਂ ਹਨ। ਪਹਿਲਾਂ ਜੋ ਸ਼ਾਦੀਆਂ ਹੁੰਦੀਆਂ ਸਨ ਉਹ ਹਿੰਦੂ ਰਹੁ ਰੀਤੀ ਅਨੁਸਾਰ ਪੰਡਤ ਸਨਾਤਨੀ ਮਰਿਯਾਦਾ ਅਨੁਸਾਰ ਹੁੰਦੀਆਂ ਸਨ। ਗਿਆਨੀ ਗਿਆਨ ਸਿੰਘ ਅਨੁਸਾਰ-

"ਸ੍ਰੀ ਰਾਮ ਸਿੰਘ ਕੂਕੇ ਪਹਿਲੇ,<br>
ਆਨੰਦ ਸੁਛੰਦ ਪੜ੍ਹਾਏ ਸਹਿਲੇ<br>
ਤਿਨਕੋ ਦੇਖ ਔਰ ਸਿਖ ਘਨੇ<br>
ਲਗੇ ਆਨੰਦ ਪੜ੍ਹਾਵਨ ਤਨੇ।"

ਸਤਿਗੁਰੂ ਰਾਮ ਸਿੰਘ ਨੇ ਇਕ ਹੋਰ ਕਰਾਂਤੀਕਾਰੀ ਕਦਮ ਕੂਕਿਆਂ-ਅੰਤਰ ਜਾਤੀ ਸ਼ਾਦੀਆਂ ਨੂੰ ਉਤਸ਼ਾਹ ਦਿੱਤਾ। ਪਹਿਲੀ ਵਾਰ ਪਿੰਡ ਖੋਟੇ ਜ਼ਿਲ੍ਹਾ ਫੀਰੋਜ਼ਪੁਰ ਵਿਖੇ, ੩ ਜੂਨ ੧੮੬੩ ਨੂੰ ਛੇ ਅੰਤਰ ਜਾਤੀ ਆਨੰਦ ਕਾਰਜ ਸੰਪੰਨ ਕੀਤੇ।

ਸਤਿਗੁਰੂ ਨੇ ਔਰਤ ਨੂੰ ਦੂਜੀ ਸ਼ਾਦੀ ਕਰਨ ਦੀ ਖੁਲ੍ਹ ਦਿੱਤੀ। ਪਤੀ ਦੀ ਮੌਤ ਤੋਂ ਬਾਅਦ ਵਿਧਵਾ ਦੂਜੀ ਸ਼ਾਦੀ ਕਰ ਸਕਦੀ ਸੀ।

ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦੇਣ ਲਈ ਔਰਤਾਂ ਨੂੰ ਸੂਬਾ (ਪ੍ਰਚਾਰਕ) ਬਣਨ ਦੀ ਖੁੱਲ੍ਹ ਦਿੱਤੀ। ਨਾਮਧਾਰੀ ਬੀਬੀ ਹੁਕਮੀ ਪਹਿਲੀ ਸੂਬਾ ਬਣੀ।

ਸਤਿਗੁਰੂ ਜੀ ਨੇ ਆਪਣੇ ਪੈਰੋਕਾਰਾਂ ਨੂੰ ਪੱਕੀ ਕੀਤੀ ਕਿ ਮੌਤ ਸਮੇਂ ਕਿਸੀ ਬਿਰਧ ਬੁੱਢੀ ਬੁੱਢੇ ਨੂੰ ਵੱਡਾ ਨਹੀਂ ਕਰਨਾ। ਦੇਹ ਉਤੋਂ ਦੀ ਮਖਾਣੇ, ਪਤਾਸੇ, ਪੈਸੇ ਨਹੀਂ ਸੁਟਣੇ। ਝੰਡੀਆਂ ਨਹੀਂ ਲਾਉਣੀਆਂ। ਪਿੰਡ, ਮੁਹੱਲੇ ਨੂੰ ਰੋਟੀ ਨਹੀਂ ਖਵਾਉਣੀ। ਵਿਛੜੇ ਸੱਜਣਾਂ ਲਈ ਆਦਿ ਸ੍ਰੀ ਗੁਰੂ ਸਾਹਿਬ ਦੀ ਬਾਣੀ ਦੇ ਪਾਠਾਂ ਦੇ ਭੋਗ ਪਾ ਕੇ, ਅਰਦਾਸ ਕਰਨੀ ਹੈ।

ਪਰਾਈ ਔਰਤ ਦਾ ਸੰਗ ਬਿਲਕੁਲ ਨਹੀਂ ਕਰਨਾ। ਗੁਰਵਾਕ ਅਨੁਸਾਰ ਚਲਣਾ ਹੈ-

ਘਰ ਕੀ ਨਾਰ ਤਿਆਗੇ ਅੰਧਾ।<br>
ਪਰ ਨਾਰੀ ਸਿਉ ਘਾਲੈ ਧੰਦਾ।

ਦਸਾਂ ਨਹੁੰਆਂ ਦੀ ਸੱਚੀ ਸੁੱਚੀ ਕਿਰਤ ਕਰਨੀ ਹੈ-ਵੰਡ ਛਕਣਾ ਹੈ-

ਘਾਲਿ ਖਾਇ ਕਿਛੁ ਹਥਹੁ ਦੇ।<br>
ਨਾਨਕ ਰਾਹੁ ਪਛਾਣੇ ਸੇ।

*ਕਵਿਤਾ ਭਵਨ, ਮਾਛੀਵਾੜਾ ਰੋਡ,*<br>
*ਸਮਰਾਲਾ-੧੪੧੧੧੪,*<br>
*ਮੋ-੯੪੬੩੮-੦੪੬੯੭*

## ਨਾਮਧਾਰੀ ਸ਼ਹੀਦਾਂ ਦੀ ਯਾਦ 'ਚ ਸਮਾਗਮ ਹੋਇਆ

ਸ੍ਰੀ ਭੈਣੀ ਸਾਹਿਬ (ਲੁਧਿਆਣਾ)-ਦੇਸ਼ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਉਣ ਲਈ ਲੁਧਿਆਣਾ ਦੀ ਪੁਰਾਣੀ ਜੇਲ੍ਹ ਵਿਚ ੨੬ ਨਵੰਬਰ ੧੮੭੧ ਈ. ਨੂੰ ਹੱਸ-ਹੱਸ ਕੇ ਫਾਂਸੀਆਂ ਦੇ ਰੱਸੇ ਚੁੰਮ ਕੇ ਸ਼ਹਾਦਤਾਂ ਪ੍ਰਾਪਤ ਕਰਨ, ਦੋ ਨਾਮਧਾਰੀ ਸ਼ਹੀਦ ਸੂਬਾ ਰਤਨ ਸਿੰਘ ਤੇ ਰਤਨ ਸਿੰਘ ਨਾਈਵਾਲਾ ਦੀ ਯਾਦ ਵਿਚ ਅੱਜ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ-ਛਾਇਆ ਹੇਠ ਸ਼ਰਧਾਂਜਲੀ ਸਮਾਗਮ ਹੋਇਆ।

ਇਸ ਮੌਕੇ 'ਤੇ ਮਾਸਟਰ ਦਰਸ਼ਨ ਸਿੰਘ ਜੀ ਨੇ ਕਥਾ ਕੀਤੀ, ਉਪਰੰਤ ਦੁਪਹਿਰ ਦੇ ਨਿਤਨੇਮ ਦੌਰਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਵਿੱਤਰ ਦਰਸ਼ਨ ਦਿੱਤੇ। ਸਤਿਗੁਰੂ ਜੀ ਦੇ ਨਾਲ ਮਾਤਾ ਚੰਦ ਕੌਰ ਜੀ, ਸੰਤ ਜਗਤਾਰ ਸਿੰਘ ਜੀ ਤੇ ਠਾਕੁਰ ਉਦੇ ਸਿੰਘ ਜੀ ਵੀ ਦੀਵਾਨ ਹਾਲ ਵਿਚ ਪੁੱਜੇ।

ਇਸ ਮੌਕੇ 'ਤੇ ਬੋਲਦਿਆਂ ਸੁਆਮੀ ਸੁਖਜੀਤ ਸਿੰਘ ਨੇ ਆਖਿਆ ਸ਼ਹੀਦ ਦੇਸ਼-ਕੌਮ ਦਾ ਸਰਮਾਇਆ ਹੁੰਦੇ ਹਨ, ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਯਾਦ ਰੱਖਦੀਆਂ ਹਨ, ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦੀਆਂ ਹਨ। ਮੰਚ ਦਾ ਸੰਚਾਲਨ ਸੂਬਾ ਬਲਵਿੰਦਰ ਝੱਲ ਨੇ ਕੀਤਾ।

ਇਸ ਮੌਕੇ 'ਤੇ ਠਾਕੁਰ ਉਦੇ ਸਿੰਘ ਜੀ ਨੇ ਪ੍ਰਸਿੱਧ ਸਾਹਿਤਕਾਰ ਸਵਰਗੀ ਤੇਜਾ ਸਿੰਘ ਜੀ ਦੇ ਸਪੁੱਤਰ ਸੁਆਮੀ ਸੁਖਜੀਤ ਨੂੰ ਦਸਤਾਰ ਭੇਟ ਕੀਤੀ। ਇਸ ਮੌਕੇ 'ਤੇ ਨਾਮਧਾਰੀ ਦਰਬਾਰ ਦੇ ਸੀ. ਮੀਤ ਪ੍ਰਧਾਨ ਸੁਰਿੰਦਰ ਸਿੰਘ ਨਾਮਧਾਰੀ ਨੇ ਵੀ ਸੰਬੋਧਨ ਕੀਤਾ। ਦੁਪਹਿਰ ਦਾ ਕੀਰਤਨ ਰਾਗੀ ਬਲਵੰਤ ਸਿੰਘ ਦੇ ਜਥੇ ਨੇ ਤੰਤੀ ਸਾਜ਼ਾਂ ਰਾਹੀਂ ਕੀਤਾ।

ਇਸ ਮੌਕੇ ਸੂਬਾ ਜਾਗੀਰ ਸਿੰਘ, ਸੂਬਾ ਹਰਭਜਨ ਸਿੰਘ, ਪ੍ਰਧਾਨ ਅਮਰ ਸਿੰਘ ਅੰਬਾ, ਬਾਬਾ ਗੁਰਬਖਸ਼ ਸਿੰਘ ਬਧਨੀ ਵਾਲੇ, ਮਹੰਤ ਰੰਗਾ ਦਾਸ, ਮੈਨੇਜਰ ਗੁਰਚਰਨ ਗੋਹਲੀ, ਪ੍ਰਧਾਨ ਸੁਖਜੀਤ ਕੌਰ, ਸੁਰਿੰਦਰ ਸਿੰਘ ਭਾਈ ਜੀ, ਅੰਮ੍ਰਿਤਪਾਲ, ਗੁਰਦੇਵ ਮੈਪਕੋ, ਰੀਡਰ ਰਜਿੰਦਰ ਚੀਮਾ, ਕਾਕਾ ਕੰਗ, ਕਵੀਸ਼ਰ ਗੁਰਸੇਵਕ ਢਿੱਲੋਂ, ਇੰਜ. ਹਰਜਿੰਦਰ ਰਾਏ, ਕਸ਼ਮੀਰ ਭਿੰਡਰ, ਸੇਵਕ ਮਿੰਦਰ ਪੂਰਬਾ ਤੇ ਪ੍ਰੈੱਸ ਸਕੱਤਰ ਨਾਮਧਾਰੀ ਦਰਬਾਰ ਲਖਵੀਰ ਸਿੰਘ ਬੱਦੋਵਾਲ ਵੀ ਮੌਜੂਦ ਸਨ।

*ਜਗਬਾਣੀ*<br>
*੨੮ ਨਵੰਬਰ ੨੦੧੧*



Namdhari Elibrary NamdhariElibrary@gmail.com

# ਉਹ ਬੰਦ ਦਰਵਾਜ਼ਾ

*—ਭੁਪਿੰਦਰ ਉਸਤਾਦ*

ਜੋ ਭੀੜ ਇਕੱਠੀ ਹੋਈ ਸੀ। ਉਸ ਤੋਂ ਅੱਗੇ ਇਕ ਬਹੁਤ ਉੱਚੀ ਦੀਵਾਰ ਵਿਚ ਇਕ ਬਹੁਤ ਵੱਡਾ ਦਰਵਾਜ਼ਾ ਦਿਸ ਰਿਹਾ ਸੀ। ਭੀੜ ਦੇ ਅਗਲੇ ਲੋਕ ਉਸ ਦਰਵਾਜ਼ੇ ਨੂੰ ਜ਼ੋਰ ਨਾਲ ਧੱਕ ਕੇ ਖੋਲ੍ਹਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਉਹ ਮਜ਼ਬੂਤ ਦਰਵਾਜ਼ਾ ਖੁੱਲ ਨਹੀਂ ਸੀ ਰਿਹਾ। ਲੋਕ ਪਰੇਸ਼ਾਨ ਤੇ ਬੇਹਾਲ ਦਿਸ ਰਹੇ ਸਨ। ਕਈਆਂ ਵਿਚ ਤਾਂ ਸਾਹ ਸਤ ਵੀ ਨਜ਼ਰ ਨਹੀਂ ਸੀ ਆ ਰਿਹਾ।

ਮੈਂ ਵੀ ਉਸ ਭੀੜ ਦਾ ਹਿੱਸਾ ਸਾਂ, ਤੇ ਉਸ ਦਰਵਾਜ਼ੇ ਅੰਦਰ ਲੰਘ ਕੇ, ਅੰਦਰ ਦਾ ਨਜ਼ਾਰਾ ਦੇਖਣ ਲਈ ਉਤਾਵਲਾ ਸਾਂ।

'ਅੰਕਲ, ਕੋਈ ਘਬਰਾਹਟ ਤਾਂ ਨਹੀਂ ਹੋ ਰਹੀ ? ਅੱਖਾਂ ਖੋਲ੍ਹੋ।'

ਨਰਸ ਦੀ ਆਵਾਜ਼ ਸੁਣਕੇ ਮੈਂ ਅੱਖਾਂ ਖੋਲ੍ਹੀਆਂ।

'ਤੁਸੀਂ ਠੀਕ ਹੋ ਅੰਕਲ ? ਨਰਸ ਨੇ ਮੇਰੇ ਵੱਲ ਝੁਕਦਿਆਂ ਫਿਰ ਪੁੱਛਿਆ।

'ਹਾਂ, ਮੈਂ ਠੀਕ ਹਾਂ।' ਮੈਂ ਉਸ ਵੱਲ ਦੇਖਦਿਆਂ ਜੁਆਬ ਦਿੱਤਾ। ਉਹ ਮੇਰੇ ਸਿਰ ਵੱਲ ਮੋਢੇ ਕੋਲ ਖੜ੍ਹੀ ਸੀ।

'ਪਲੀਜ਼, ਅੰਕਲ ਅੱਖਾਂ ਖੁੱਲ੍ਹੀਆਂ ਰੱਖੋ।' ਨਰਸ ਨੇ ਲਿਲਕੜੀ ਕੱਢੀ। ਫਿਰ ਉਸ ਨੇ ਡਾਕਟਰ ਦੇ ਇਸ਼ਾਰੇ ਤੇ ਮੇਰੇ ਨੱਕ ਸਣੇ ਮੂੰਹ ਉਤੇ ਆਕਸੀਜਨ ਮਾਸਕ ਲਾ ਦਿੱਤਾ। ਮੈਨੂੰ ਸੁਰਤ ਸੀ, ਫਿਰ ਵੀ ਮੈਨੂੰ ਪਤਾ ਨਹੀਂ ਲੱਗਾ ਕਿ ਡਾਕਟਰ ਕੀ ਕਰ ਰਹੇ ਹਨ ਜਾਂ ਉਨ੍ਹਾਂ ਕੀ ਕੀਤਾ ਹੈ। ਮੈਂ ਕਿੰਨਾ ਚਿਰ ਉਨ੍ਹਾਂ 'ਚ ਘਿਰਿਆ ਰਿਹਾ।

ਤਿੰਨ ਜੁਲਾਈ ਦੀ ਗੱਲ ਹੈ। ਉਸ ਦਿਨ ਐਤਵਾਰ ਸੀ। ਮੈਂ ਤੇ ਮੇਰਾ ਜਵਾਈ ਸੁਰਜੀਤ ਸਿੰਘ ਹੀ ਘਰ ਵਿਚ ਸਾਂ। ਬੇਟੀ ਬਲਜੀਤ ਤੇ ਉਸਦੇ ਬੱਚੇ ਛੁੱਟੀਆਂ ਵਿਚ ਪਿੰਡ ਗਏ ਹੋਏ ਸਨ। ਬਲਜੀਤ ਦੀ ਮੰਮੀ, ਆਪਣੀ ਮਾਤਾ ਨੂੰ ਮਿਲਣ ਇੰਗਲੈਂਡ ਗਈ ਹੋਈ ਸੀ। ਸਵੇਰੇ ਨੌਂ ਕੁ ਵਜੇ ਸੁਰਜੀਤ ਆਪਣੇ ਕੰਮ ਉਤੇ ਚਲੇ ਗਿਆ ਤੇ ਮੈਂ ਘਰ ਇਕੱਲਾ ਰਹਿ ਗਿਆ।

ਭਾ ਜੀ ਵਿਰਦੀ ਬਹੁਤ ਦਿਨਾਂ ਤੋਂ ਬਿਮਾਰ ਸਨ। ਤੀਹ ਜੂਨ ਸਵੇਰੇ ਉਹ ਗੁਜ਼ਰ ਗਏ। ਉਨ੍ਹਾਂ ਦਾ ਪੋਤਾ ਮਨੀ ਕਨੇਡਾ ਵਿਚ ਪੜ੍ਹ ਰਿਹਾ ਹੈ, ਉਸ ਦੇ ਇੰਤਜ਼ਾਰ 'ਚ ਭਾ ਜੀ ਨੂੰ ਦੋ ਦਿਨ ਰੱਖਿਆ ਗਿਆ ਤੇ ੨ ਜੁਲਾਈ ਨੂੰ ਉਨ੍ਹਾਂ ਦਾ ਸਸਕਾਰ ਕੀਤਾ ਗਿਆ। ਮੈਂ ਤਿੰਨ ਚਾਰ ਦਿਨ ਤੋਂ ਸਵੇਰੇ ਹੀ ਓਧਰ ਚਲਾ ਜਾਂਦਾ ਸਾਂ। ਘਰ ਤਾਲਾ ਲੱਗਾ ਰਹਿੰਦਾ ਸੀ। ਇਸ ਕਰਕੇ ਘਰ ਦੀ ਸਫ਼ਾਈ ਨਹੀਂ ਸੀ ਹੋ ਸਕੀ। ਇਸ ਕਰਕੇ ੩ ਜੁਲਾਈ ਨੂੰ ਮੈਂ ਆਪਣੇ ਦੋਹਾਂ ਕਮਰਿਆਂ ਦੀਆਂ ਛੱਤਾਂ ਦੀ ਸਫਾਈ ਕੀਤੀ, ਪੱਖੇ ਸਾਫ਼ ਕੀਤੇ, ਜਿਸ ਨਾਲ ਸਾਰੇ ਫ਼ਰਸ਼ ਉਤੇ ਹੋਰ ਵੀ ਗੰਦ ਪੈ ਗਿਆ ਸੀ। ਮੈਂ ਸਫ਼ਾਈ ਵਾਲੀ ਨੂੰ, ਜਦੋਂ ਉਹ ਦੋ ਜੁਲਾਈ ਸ਼ਾਮੀ ਭਾਂਡੇ ਸਾਫ਼ ਕਰਨ ਆਈ ਸੀ ਉਦੋਂ ਹੀ ਸਵੇਰੇ ਜਲਦੀ ਆਉਣ ਦੀ ਹਦਾਇਤ ਕੀਤੀ ਸੀ, ਤਾਂ ਕਿ ਮੇਰੇ ਜੋ ਕੰਮ ਰਹਿ ਗਏ ਸਨ ਉਹ ਜਲਦੀ ਨਿਬੜ ਜਾਣ, ਮੈਨੂੰ ਸਫ਼ਾਈ ਵਾਲੀ ਦਾ ਇੰਤਜ਼ਾਰ ਕਰਦਿਆਂ ਦੇਰ ਨਾ ਹੋਵੇ। ਕਿਉਂਕਿ ਉਹ ਅਕਸਰ ਲੇਟ ਹੀ ਆਉਂਦੀ ਸੀ।

ਜਦੋਂ ਘੜੀ ਤੇ ਨਜ਼ਰ ਗਈ ਤਾਂ ਸਾਢੇ ਗਿਆਰਾਂ ਵੱਜ ਗਏ ਸਨ। ਕੰਮ ਵਾਲੀ ਤੇ ਬਹੁਤ ਗੁੱਸਾ ਆਇਆ, ਕਿ ਕਹਿਣ ਦੇ ਬਾਵਜੂਦ ਵੀ ਉਹ ਜਲਦੀ ਕਿਉਂ ਨਹੀਂ ਆਈ। ਗੁੱਸੇ ਵਿਚ ਮੈਂ ਉਸ ਨੂੰ ਗਾਲ੍ਹਾਂ ਕੱਢੀਆਂ ਤੇ ਬਾਹਰਲਾ ਦਰਵਾਜ਼ਾ ਬੰਦ ਕਰਨ ਚਲੇ ਗਿਆ ਤਾਂ ਕਿ ਮੈਂ ਨਹਾ ਕੇ ਤਿਆਰ ਹੋ ਕੇ ਆਪਣੇ ਕੰਮ ਜਾ ਸਕਾਂ। ਦਰਵਾਜ਼ਾ ਬੰਦ ਕਰਕੇ ਅੰਦਰ ਆਇਆ ਤਾਂ ਬੈਡਰੂਮ ਦੇ ਟੀ.ਵੀ. ਦੀ ਆਵਾਜ਼ ਆਈ, ਜਿੱਥੇ ਮੈਂ ਡਿਸਕਵਰੀ ਪ੍ਰੋਗਰਾਮ ਦੇਖ ਰਿਹਾ ਸੀ। ਮੈਨੂੰ ਆਪਣੇ ਆਪ ਤੇ ਹੋਰ ਵੀ ਗੁੱਸਾ ਆ ਗਿਆ। ਮੈਂ ਅੰਦਰ ਜਾ ਕੇ ਰੀਮੋਟ ਨਾਲ ਟੀ.ਵੀ ਬੰਦ ਕੀਤਾ ਤੇ ਗੁੱਸੇ ਵਿਚ ਹੀ ਰੀਮੋਟ ਬੈਡ ਉਤੇ ਸੁੱਟ ਦਿੱਤਾ।

ਜਿਉਂ ਹੀ ਮੈਂ ਰੀਮੋਟ ਸੁੱਟਿਆ ਮੇਰਾ ਸੱਜਾ ਮੋਢਾ ਫੜਿਆ ਗਿਆ ਜਿਵੇਂ ਨਾੜ ਚੜ੍ਹ ਗਈ ਹੋਵੇ। ਮੈਂ ਬਾਂਹ ਨੂੰ ਹਿਲਾ ਕੇ ਮੋਢੇ ਨੂੰ ਥਪ ਥਪਾ ਕੇ ਠੀਕ ਕਰਨਾ ਚਾਹਿਆ, ਪਰ ਰਾਹਤ ਮਿਲਣ ਦੀ ਬਜਾਏ ਮੋਢਾ ਹੋਰ ਜਕੜ ਹੋ ਗਿਆ ਤੇ ਬਾਂਹ ਵਿਚ ਵੀ ਦਰਦ ਹੋਣ ਲੱਗ ਪਈ। ਮੈਂ ਦਰਦ ਦੀ ਗੋਲੀ ਲੱਭਣ ਲੱਗਾ, ਦੋ ਚਾਰ ਮਿੰਟ ਲੱਗੇ। ਦਰਦ ਖੱਬੇ ਮੋਢੇ ਵੱਲ ਨੂੰ ਵਧ ਗਈ। ਦਿਮਾਗ 'ਚ ਆਇਆ ਕਿ ਇਹ ਨਾੜ ਚੜ੍ਹੀ ਵਾਲੀ ਦਰਦ ਨਹੀਂ ਹੈ, ਕੁਝ ਹੋਰ ਹੈ। ਇਸ ਕਰਕੇ ਨਹਾਉਣ ਤੋਂ ਪਹਿਲਾਂ ਡਾਕਟਰ ਤੋਂ ਦਵਾਈ ਲੈ ਕੇ ਆਵਾਂ। ਇਹ ਸੋਚਦਿਆਂ ਕਮੀਜ਼ ਪਜਾਮਾ ਪਾਇਆ, ਪਜਾਮੇ ਦਾ ਨਾਲਾ ਬਹੁਤ ਮੁਸ਼ਕਲ ਨਾਲ ਬੱਝਾ। ਸਿਰ ਤੇ ਪਟਕਾ ਮੜਾਸੇ ਵਾਂਗ ਹੀ ਰੱਖ ਲਿਆ। ਜਦੋਂ ਤੱਕ ਘਰ ਦੇ ਬਾਹਰਲੇ ਦਰਵਾਜ਼ੇ ਨੂੰ ਤਾਲਾ ਲਾਇਆ, ਦਰਦ ਨੇ ਮੋਢੇ ਕਮਰ ਤੇ ਡੌਲੇ ਸਭ ਕੁਝ ਆਪਣੇ ਲਪੇਟੇ 'ਚ ਲੈ ਲਿਆ। ਕਸੀਸ ਵੱਟ ਕੇ ਮੈਂ ਡਾਕਟਰ ਵੱਲ ਨੂੰ ਹੋ ਤੁਰਿਆ।

ਨਰਸ ਨੇ ਮੈਨੂੰ ਰਾਤ ਦੇ ਖਾਣੇ ਲਈ ਆਵਾਜ਼ ਦਿੱਤੀ। ਤੇ ਨਾਲ ਹੀ ਬੈੱਡ ਨੂੰ ਸਰ੍ਹਾਣੇ ਵਲੋਂ ਉੱਚਾ ਕਰ ਦਿੱਤਾ ਤਾਂ ਕਿ ਮੈਂ ਰੋਟੀ ਖਾਣ ਜੋਗਾ ਬੈਠ ਸਕਾਂ। ਨਰਸ ਨੇ ਖਾਣੇ ਦੀ ਟ੍ਰਾਲੀ ਮੇਰੇ ਅੱਗੇ ਕਰ ਦਿੱਤੀ ਤੇ ਮੈਂ ਰੋਟੀ ਖਾਣ 'ਚ ਰੁੱਝ ਗਿਆ। ਏਸੇ ਦੌਰਾਨ ਨਰਸਾਂ ਦੀ ਸ਼ਿਫਟ ਬਦਲ ਗਈ। ਨਰਸ ਨੇ ਮੈਨੂੰ ਦੁਆਈ ਦਿੱਤੀ ਤੇ ਸੱਜੀ ਲੱਤ ਨੂੰ ਸਿੱਧੀ ਰੱਖਣ ਅਤੇ ਜ਼ਿਆਦਾ ਨਾ ਹਿਲਾਉਣ ਦੀ ਹਿਦਾਇਤ ਕੀਤੀ। ਲੱਤ ਨੇ ਹਿੱਲਣਾ ਕੀ ਸੀ ਉਸ ਨੂੰ ਤਾਂ ਟੇਪ ਲਾ ਕੇ ਜਕੜਿਆ



Namdhari Elibrary NamdhariElibrary@gmail.com

ਹੋਇਆ ਸੀ ਤੇ ਉਤੇ ਭਾਰ ਵੀ ਦਿੱਤਾ ਸੀ। ਉਹ ਟੇਪ ਵਾਧੂ ਤਕਲੀਫ ਦੇ ਰਹੀ ਸੀ। ਮੈਂ ਚਾਦਰ ਦੀ ਤਹਿ ਖੋਲ੍ਹੀ ਤੇ ਉਪਰ ਲੈ ਕੇ ਅੱਖਾਂ ਮੀਟ ਲਈਆਂ।

ਮੈਂ ਤਾਲਾ ਲਾ ਕੇ ਸੌ ਕੁ ਗਜ਼ ਹੀ ਗਿਆ ਹੋਵਾਂਗਾ ਕਿ ਮੈਨੂੰ ਬਹੁਤ ਜ਼ੋਰਦਾਰ ਝਟਕਾ ਜਿਹਾ ਲੱਗਾ। ਮੇਰੀਆਂ ਅੱਖਾਂ ਅੱਗੇ ਹਨੇਰਾ ਜਿਹਾ ਆ ਗਿਆ ਤੇ ਨਾਲ ਹੀ ਚੱਕਰ। ਮੈਂ ਡਿੱਗਦਾ ਡਿਗਦਾ ਬਚਿਆ। ਪਸੀਨਾ ਇਕ ਦਮ ਐਨਾ ਆਇਆ ਜਿਵੇਂ ਕਿਸੇ ਨੇ ਦੋ ਤਿੰਨ ਬਾਲਟੀਆਂ ਪਾਣੀ ਮੇਰੇ ਉਤੇ ਪਾ ਦਿੱਤਾ ਹੋਵੇ। ਮੇਰੇ ਹੱਥ ਪੈਰ ਜੁਆਬ ਦੇਣ ਲੱਗੇ। ਦਰਦ ਅਸਹਿ ਹੋ ਗਈ। ਮੇਰੇ ਦਿਮਾਗ ਵਿਚ ਪਤਾ ਨਹੀਂ ਕਿਵੇਂ ਇਹ ਪਾਇਆ ਕਿ ਇਹ ਤਾਂ ਹਾਰਟ ਅਟੈਕ ਦੀ ਨਿਸ਼ਾਨੀ ਹੈ। ਇਹ ਗੱਲ ਦਿਮਾਗ ਵਿਚ ਆਉਂਦਿਆਂ ਹੀ ਮੈਂ ਡਾਕਟਰ ਵੱਲ ਨੂੰ ਹੋਰ ਹਿੰਮਤ ਨਾਲ ਤੁਰਨ ਦੀ ਕੋਸ਼ਿਸ਼ ਕਰਨ ਲੱਗਾ। ਇਕ ਸਕੂਟਰ ਵਾਲੇ ਨੂੰ ਇਸ਼ਾਰਾ ਕੀਤਾ ਪਰ ਉਸਨੇ ਰੋਕਿਆ ਨਹੀਂ। ਸ਼ਾਇਦ ਉਸ ਵੇਲੇ ਦੀ ਮੇਰੇ ਕੱਪੜਿਆਂ ਦੀ ਹਾਲਤ ਦੇਖ ਉਸ ਅੰਦਾਜ਼ਾ ਲਾਇਆ ਹੋਵੇ ਕਿ ਸਰਦਾਰ ਸਵੇਰੇ ਹੀ ਗੁੱਟ ਹੋ ਕੇ ਟੱਕਰਾਂ ਮਾਰਦਾ ਫਿਰਦਾ, ਕਾਹਦੇ ਲਈ ਇਸ ਨੂੰ ਗਲ਼ ਪਾਉਣਾ। ਪਸੀਨਾ ਨੁੱਚੜ ਕੇ ਪੈਰਾਂ ਤੱਕ ਪਹੁੰਚ ਗਿਆ। ਤੇਲ ਲੱਗੇ ਪੈਰ ਚੱਪਲ ਚੋਂ ਖਿਸਕਣ ਲੱਗੇ। ਡਿਗਦਾ, ਢਹਿੰਦਾ ਸਾਹੋ ਸਾਹ ਹੋਇਆ ਮੈਂ ਡਾਕਟਰ ਦੇ ਮੇਜ਼ ਤੱਕ ਜਾ ਹੀ ਪਹੁੰਚਾ।

'ਡਾਕਟਰ ਸਾਬ੍ਹ, ਮੇਰੇ ਇਨ੍ਹਾਂ ਥਾਵਾਂ ਤੇ ਬਹੁਤ ਤੇਜ਼ ਦਰਦ ਹੋ ਰਹੀ ਹੈ।' ਮੈਂ ਡਾਕਟਰ ਨੂੰ ਇਸ਼ਾਰੇ ਨਾਲ ਦੱਸਿਆ ਤੇ ਬਾਕੀ ਉਸ ਮੇਰੀ ਹਾਲਤ ਤੋਂ ਅੰਦਾਜ਼ਾ ਲਾ ਲਿਆ। ਉਸਨੇ ਫਟਾਫਟ ਇਕ ਗੋਲੀ ਮੈਨੂੰ ਚੂਸਣ ਨੂੰ ਦਿੱਤੀ। ਤੇ ਬੈਂਚ ਉੱਤੇ ਲੰਮੇ ਪੈ ਜਾਣ ਲਈ ਕਿਹਾ। ਬੈਠੇ ਮਰੀਜ਼ਾਂ ਵਿਚ ਬੇਚੈਨੀ ਪੈਦਾ ਹੋ ਗਈ। ਤੇ ਘਬਰਾਹਟ ਵੀ।

'ਤੁਹਾਡੇ ਨਾਲ ਕੌਣ ਹੈ?' ਡਾਕਟਰ ਨੇ ਮੈਨੂੰ ਪੁੱਛਿਆ।

'ਮੇਰੇ ਨਾਲ ਵੀ ਕੋਈ ਨਹੀਂ ਤੇ ਘਰ ਵੀ ਕੋਈ ਨਹੀਂ। ਮੈਂ ਘਰ ਇਕੱਲਾ ਹੀ ਸੀ।

'ਤੁਹਾਨੂੰ ਹੁਣੇ ਹਸਪਤਾਲ ਲੈ ਜਾਣਾ ਪਏਗਾ, ਨਹੀਂ ਤਾਂ ਕੁਝ ਵੀ ਹੋ ਸਕਦਾ ਹੈ। ਤੁਹਾਡੀ ਹਾਲਤ ਠੀਕ ਨਹੀਂ ਹੈ। ਤੁਹਾਡੇ ਨਾਲ ਵੀ ਕੋਈ ਜ਼ਰੂਰ ਚਾਹੀਦਾ ਹੈ।' ਡਾਕਟਰ ਦੇ ਚਿਹਰੇ ਤੇ ਘਬਰਾਹਟ ਦਿਸ ਰਹੀ ਸੀ।

ਮੈਂ ਜੇਬ੍ਹ ਵਿਚੋਂ ਮੋਬਾਇਲ ਕੱਢ ਕੇ ਡਾਕਟਰ ਨੂੰ ਦੋ ਨਾਮ ਦੱਸੇ। ਉਸ ਨੇ ਨੰਬਰ ਮਿਲਾਇਆ ਤੇ ਮੇਰੀ ਹਾਲਤ ਬਾਰੇ ਦੱਸਿਆ।

ਜਦੋਂ ਸੁਰਜੀਤ ਡਾਕਟਰ ਕੋਲ ਪਹੁੰਚਾ, ਕੁਝ ਮਰੀਜ਼ ਮੇਰੇ ਹੱਥਾਂ ਪੈਰਾਂ ਦੀਆਂ ਤਲੀਆਂ ਝੱਸ ਰਹੇ ਸਨ ਤੇ ਕੁਝ ਮੇਰੀ ਛਾਤੀ ਨੂੰ ਸਹਿਲਾ ਰਹੇ ਸਨ। ਮੈਨੂੰ ਸੁਰਜੀਤ ਦੀ ਆਵਾਜ਼ ਸੁਣਾਈ ਦਿੱਤੀ। ਮੈਂ ਬੇਹੋਸ਼ ਨਹੀਂ ਸੀ, ਪਰ ਆਪਣੇ ਆਪ ਨੂੰ ਬਹੁਤ ਕਮਜ਼ੋਰ ਮਹਿਸੂਸ ਕਰ ਰਿਹਾ ਸਾਂ। ਇਸ ਗੱਲ ਦੀ ਮੈਨੂੰ ਹੈਰਾਨੀ ਸੀ।

ਮੈਨੂੰ ਸੁਰਜੀਤ ਦੀ ਆਵਾਜ਼ ਸੁਣੀ, ਮੈਂ ਅੱਖਾਂ ਖੋਲ੍ਹ ਕੇ ਉਸ ਵੱਲ ਦੇਖਿਆ, ਉਸਦੀ ਘਬਰਾਹਟ ਮੈਥੋਂ ਦੇਖੀ ਨਾ ਗਈ। ਮੈਂ ਫਿਰ ਅੱਖਾਂ ਮੀਟ ਲਈਆਂ। 'ਡੈਡੀ ਘਬਰਾਓ ਨਾ ਮੈਂ ਗੱਡੀ ਲੈ ਕੇ ਆਇਆ।' ਕਹਿਕੇ ਸੁਰਜੀਤ ਗੱਡੀ ਲੈਣ ਚਲੇ ਗਿਆ।

ਦਰਦ ਹਟਣ ਜਾਂ ਘਟਣ ਦਾ ਨਾਂ ਨਹੀਂ ਸੀ ਲੈ ਰਹੀ। ਮੈਂ ਬੇਹਾਲ ਹੋਇਆ ਪਿਆ ਸਾਂ। ਸੁਰਜੀਤ ਗੱਡੀ ਲੈ ਕੇ ਆ ਗਿਆ। ਉਸ ਨਾਲ ਉਸ ਦਾ ਇਕ ਦੋਸਤ ਵੀ ਸੀ। ਦੋਹਾਂ ਮੈਨੂੰ ਸਹਾਰੇ ਨਾਲ ਗੱਡੀ ਦੀ ਪਿਛਲੀ ਸੀਟ ਉਤੇ ਲੰਮਾ ਪਾ ਦਿੱਤਾ।

ਇਕ ਥਾਂ ਜਾ ਕੇ ਗੱਡੀ ਰੁਕੀ। ਮੈਨੂੰ ਵੀਲ ਚੇਅਰ ਤੇ ਬਿਠਾ ਕੇ ਅੰਦਰ ਲੈ ਜਾਇਆ ਗਿਆ। ਸਭ ਤੋਂ ਪਹਿਲਾਂ ਉਨ੍ਹਾਂ ਵੀ ਚੂਸਣ ਵਾਲੀ ਗੋਲੀ ਦਿੱਤੀ। ਫਿਰ ਈ. ਜੀ. ਸੀ. ਕੀਤੀ। ਫਿਰ ਪਤਾ ਨਹੀਂ ਕੀ ਗੱਲ ਹੋਈ ਮੈਨੂੰ ਫਿਰ ਗੱਡੀ 'ਚ ਪਾ ਦਿੱਤਾ ਗਿਆ। ਮੈਨੂੰ ਬਾਅਦ ਵਿਚ ਪਤਾ ਲੱਗਾ ਕਿ ਉਹ ਪਟੇਲ ਹਸਪਤਾਲ ਸੀ ਤੇ ਉਸ ਦਿਨ ਉਨ੍ਹਾਂ ਕੋਲ ਹਾਰਟ ਸਪੈਸ਼ਲਿਸਟ ਨਹੀਂ ਸੀ।

ਓਵਰ ਸਪੀਡ ਗੱਡੀ ਦੀਆਂ ਜ਼ੋਰਦਾਰ ਬ੍ਰੇਕਾਂ ਲੱਗਣ ਅਤੇ ਟਰਨਿੰਗ ਤੋਂ ਗੱਡੀ ਦੇ ਟਾਇਰਾਂ ਦੀ ਘੜੀਸ ਅਤੇ ਹਾਰਨ ਵੱਜਣ ਦੀਆਂ ਆਵਾਜ਼ਾਂ ਮੈਨੂੰ ਸੁਣਾਈ ਦੇ ਰਹੀਆਂ ਸਨ। ਗੱਡੀ ਇਕ ਥਾਂ ਜਾ ਕੇ ਫਿਰ ਰੁਕੀ। ਮੈਨੂੰ ਵੀਲ੍ਹ ਸਟਰੇਚਰ ਤੇ ਪਾ ਕੇ ਅੰਦਰ ਲੈ ਜਾਇਆ ਗਿਆ ਤੇ ਪਹਿਲੇ ਵਾਲਾ ਦੁਹਰਾਵ ਕੀਤਾ ਗਿਆ। ਫਿਰ ਮੈਨੂੰ ਐਮਰਜੈਂਸੀ ਵਾਰਡ ਦੇ ਬੈੱਡ ਉੱਤੇ ਜਾ ਕੇ ਲਿਟਾ ਦਿੱਤਾ। ਇਹ ਟੈਗੋਰ ਹਸਪਤਾਲ ਦਾ ਆਈ. ਸੀ. ਯੂ. ਸੀ। ਉਸੇ ਸ਼ਾਮ ਮੇਰੀ ਸੱਜੇ ਪਾਸੇ ਦੀ ਐਂਜੀਓਗ੍ਰਾਫੀ ਕੀਤੀ ਗਈ। ਇਹ ਗੱਲ ਮੇਰੇ ਪਰਿਵਾਰ ਵਾਲੇ ਮੈਨੂੰ ਦੱਸਦੇ ਹਨ। ਪਰ ਮੈਨੂੰ ਕੁਝ ਵੀ ਪਤਾ ਨਹੀਂ ਲੱਗਾ। ਸਿਰਫ ਐਨਾ ਯਾਦ ਹੈ ਕਿ ਉਹ ਮੈਨੂੰ ਓਪਰੇਸ਼ਨ ਥੀਏਟਰ 'ਚ ਲੈ ਕੇ ਜ਼ਰੂਰ ਗਏ। ਮਜ਼ੇ ਦੀ ਗੱਲ ਇਹ ਵੀ ਹੈ ਕਿ ਮੈਂ ਇਕ ਮਿੰਟ ਵਾਸਤੇ ਵੀ ਬੇਹੋਸ਼ ਨਹੀਂ ਹੋਇਆ। ਮੇਰੀ ਸੱਜੀ ਲੱਤ ਜੋੜ ਕੋਲੋਂ ਬਹੁਤ ਕੱਸੀ ਹੋਈ ਸੀ ਟੇਪ ਲਾ ਕੇ। ਅਗਲਾ ਦਿਨ ਖਾਲੀ ਨਿਕਲ ਗਿਆ। ਉਸ ਤੋਂ ਅਗਲੇ ਦਿਨ ਮੰਗਲਵਾਰ ਪੰਜ ਜੁਲਾਈ ਨੂੰ ਫਿਰ ਮੈਨੂੰ ਓਪਰੇਸ਼ਨ ਥੀਏਟਰ ਵਿਚ ਲੈ ਜਾਣ ਦੀ ਤਿਆਰੀ ਹੋਈ। ਚਾਰ ਵਜੇ ਦੀ ਚਾਹ ਆਈ ਪਈ ਸੀ, ਪਈ ਰਹਿ ਗਈ। ਸਵੇਰੇ ਹੀ ਮੇਰੇ ਨਾਲ ਦੇ ਬੈੱਡ ਉਤੇ ਇਕ ਸੱਜਣ ਆਇਆ ਸੀ। ਮੈਨੂੰ ਜਦੋਂ ਵੀਲ੍ਹ ਸਟਰੇਚਰ ਤੇ ਪਾ ਕੇ ਲੈ ਜਾਣ ਲੱਗੇ ਤਾਂ ਮੈਂ ਆਲੇ ਦੁਆਲੇ ਦੇ ਸਾਰੇ ਮੰਜਿਆਂ ਤੇ ਪਏ ਮਰੀਜ਼ਾਂ ਵੱਲ ਦੇਖਿਆ ਤੇ ਹੱਥ ਨਾਲ ਬਾਏ ਕੀਤੀ। ਸਿਰਫ ਮੇਰੇ ਨਵੇਂ ਆਏ ਗਵਾਂਢੀ ਨੇ ਮੇਰੇ ਵੱਲ ਦੇਖਿਆ, ਤੇ ਥੋੜ੍ਹਾ ਜਿਹਾ ਮੁਸਕੁਰਾਇਆ।

ਕਿੰਨਾ ਚਿਰ ਤਿੰਨ ਚਾਰ ਡਾਕਟਰ ਦੂਸਰੇ ਕਮਰੇ ਵਿਚ ਆਪਸ ਵਿਚ ਵਿਚਾਰ ਵਟਾਂਦਰਾ ਕਰਦੇ ਰਹੇ। ਸੁਰਜੀਤ ਵੀ ਉਨ੍ਹਾਂ ਕੋਲ ਹੀ ਸੀ। ਫਿਰ ਇਕ ਅਸਿਸਟੈਂਟ ਨੇ ਆ ਕੇ ਮੇਰੇ ਹੇਠਲੇ ਕੱਪੜੇ ਪਜਾਮਾ ਵਗੈਰਾ ਖੋਲ੍ਹ ਕੇ ਹੇਠਾਂ ਕਰ ਦਿੱਤੇ, ਤੇ ਇਕ ਤਰਲ ਪਦਾਰਥ ਮੇਰੀ



Namdhari Elibrary NamdhariElibrary@gmail.com

ਧੁੰਨੀ ਤੋਂ ਹੇਠਾਂ ਲੱਤਾਂ ਵਿਚਾਲੇ ਪਾ ਦਿੱਤਾ, ਜਿਸਨੇ ਮੇਰਾ ਸਾਰਾ ਆਲਾ ਦੁਆਲਾ ਤੇ ਬਿਸਤਰਾ ਗਿੱਜਾ ਗਿੱਜਾ ਕਰ ਦਿੱਤਾ। ਫਿਰ ਦਸ ਪੰਦਰਾਂ ਮਿੰਟ ਬਾਅਦ ਉਸੇ ਸੱਜਣ ਨੇ ਦੋ ਕੱਪੜੇ ਦੇ ਟੋਟੇ ਲਿਆਕੇ, ਇਕ ਮੇਰੀ ਛਾਤੀ ਤੋਂ ਢਿੱਡ ਤੱਕ ਤੇ ਦੂਜਾ ਪੱਟਾਂ ਤੋਂ ਪੈਰਾਂ ਤੱਕ ਪਾ ਕੇ, ਉਸ ਉੱਤੇ ਇਕ ਹੋਰ ਵੱਡਾ ਕੱਪੜਾ ਜਿਸ ਦੇ ਵਿਚਾਲੇ ਪੰਜ ਛੇ ਇੰਚ ਸ਼ੇਕ ਕੱਢਿਆ ਹੋਇਆ ਸੀ, ਉਹ ਪਾ ਦਿੱਤਾ। ਮੇਰੇ ਖੱਬੇ ਹੱਥ ਬੈੱਡ ਦੇ ਬਰਾਬਰ ਲੱਗੀ ਕੰਪਿਊਟਰ ਦੀ ਵੱਡੀ ਸਾਰੀ ਸਕਰੀਨ ਉੱਤੇ ਕੁਝ ਦਿਸਣ ਲੱਗਾ।

ਮੇਰੇ ਸੱਜੇ ਹੱਥ ਦੋ ਡਾਕਟਰ ਆ ਕੇ ਖੜ੍ਹੇ ਹੋ ਗਏ। ਨਰਸ ਨੇ ਬਰੀਕ ਜਿਹੇ ਦੋ ਰੋਲ ਕੀਤੇ ਪਾਇਪ ਲਿਆ ਕੇ ਡਾਕਟਰ ਨੂੰ ਦਿਖਾਏ। ਡਾਕਟਰ ਨੇ ਇਕ ਪਾਇਪ ਉਸ ਕੋਲੋਂ ਫੜ ਕੇ, ਕੋਲ ਪਏ ਮੇਜ਼ ਉੱਤੇ ਰੱਖ ਲਿਆ।

ਕੰਪਿਊਟਰ ਦੀ ਸਕਰੀਨ ਉੱਤੇ ਦੋ ਤਿੰਨ ਜੜ੍ਹਾਂ ਜਿਹੀਆਂ ਥਰ-ਥਰਾਨ ਲੱਗੀਆਂ। ਇਕ ਡਾਕਟਰ ਨੇ ਮੇਰੇ ਖੱਬੇ ਪੱਟ ਦੇ ਜੋੜ ਵਿਚ ਕੁਝ ਕੀਤਾ। ਸ਼ਾਇਦ ਉਹ ਥਾਂ ਸੁੰਨ ਕੀਤੀ ਹੋਈ ਸੀ, ਇਸ ਕਰਕੇ ਮੈਨੂੰ ਕੁਝ ਪਤਾ ਨਹੀਂ ਲੱਗਾ। ਫਿਰ ਡਾਕਟਰ ਨੇ ਉਹ ਰੋਲ ਹੋਇਆ ਪਾਇਪ ਚੁੱਕਿਆ ਤੇ ਉਸ ਨੂੰ ਸਿੱਧਾ ਕਰਕੇ ਇਕ ਸਿਰਾ ਮੇਰੇ ਖੱਬੇ ਪੱਟ ਵਲੋਂ ਸਰੀਰ ਅੰਦਰ ਧੱਕਣਾ ਸ਼ੁਰੂ ਕੀਤਾ। ਮੈਂ ਸਕਰੀਨ ਵਲ ਦੇਖਿਆ। ਉਹ ਪਾਈਪ ਸਕਰੀਨ ਉੱਤੇ ਜੋ ਜੜ੍ਹਾਂ ਜਿਹੀਆਂ ਦਿਸ ਰਹੀਆਂ ਸਨ, ਉਨ੍ਹਾਂ ਦੋਹਾਂ ਦੇ ਵਿਚਾਲੇ ਦੀ ਲੰਘਦਾ ਹੋਇਆ ਉਨ੍ਹਾਂ ਦੇ ਜੰਕਸ਼ਨ ਵੱਲ ਨੂੰ ਜਾਣ ਲੱਗਾ। ਦੋ ਕੁ ਮਿੰਟ ਹੀ ਲਗੇ, ਉਹ ਪਾਈਪ ਜੰਕਸ਼ਨ ਨਾਲ ਜਾ ਲੱਗਾ। ਦੋਹਾਂ ਡਾਕਟਰਾਂ ਇਕ ਦੂਜੇ ਵੱਲ ਦੇਖਿਆ।

'ਅੰਕਲ ਠੀਕ ਹੋ? ਕੋਈ ਘਬਰਾਹਟ ਤਾਂ ਨਹੀਂ?' ਨਰਸ ਨੇ ਮੈਨੂੰ ਪੁੱਛਿਆ। 'ਨਹੀਂ, ਕੋਈ ਘਬਰਾਹਟ ਨਹੀਂ, ਮੈਂ ਬਿਲਕੁੱਲ ਠੀਕ ਹਾਂ।'

ਡਾਕਟਰ ਨੇ ਉੱਪਰ ਵਧਿਆ ਫਾਲਤੂ ਪਾਈਪ ਕੱਟ ਦਿੱਤਾ। ਫਿਰ ਉਹ ਦੋਵੇਂ ਚਲੇ ਗਏ। ਪੰਜ ਕੁ ਮਿੰਟ ਬਾਅਦ ਉਹ ਪਹਿਲੇ ਵਾਲਾ ਅਸਿਸਟੈਂਟ ਆਇਆ। ਉਸ ਨੇ ਉਤਲੇ ਤਿੰਨੇ ਕੱਪੜੇ ਚੁੱਕ ਦਿੱਤੇ। ਲੱਤਾਂ ਵਿਚਾਲਿਓਂ ਸਾਰਾ ਥਾਂ ਸਾਫ਼ ਕਰਕੇ ਕਾਫੀ ਸਾਰਾ ਰੂੰ ਦਾ ਰੋਲ ਰੱਖ ਕੇ ਟੇਪ ਲਪੇਟ ਦਿੱਤੀ, ਜਿਸ ਤਰ੍ਹਾਂ ਦੋ ਦਿਨ ਪਹਿਲਾਂ ਸੱਜੇ ਪੱਟ ਨੂੰ ਲਪੇਟੀ ਸੀ। ਉਸ ਟੇਪ ਨੂੰ ਲਾਹੁਣ ਲੱਗਿਆਂ ਬਹੁਤ ਤਕਲੀਫ ਹੋਈ ਸੀ ਤੇ ਕਈ ਥਾਵਾਂ ਤੇ ਜ਼ਖ਼ਮ ਵੀ ਹੋ ਗਏ ਸਨ। ਮੈਨੂੰ ਵਾਪਸ ਐਮਰਜੈਂਸੀ ਵਾਰਡ 'ਚ ਲੈ ਜਾ ਕੇ, ਬੈੱਡ ਤੇ ਪਾ ਦਿੱਤਾ ਗਿਆ। ਉਸੇ ਵੇਲ੍ਹ ਸਟਰੇਚਰ ਉੱਤੇ ਮੇਰੇ ਗਵਾਂਢੀ ਪ੍ਰੇਮ ਨੂੰ ਲਿਟਾ ਕੇ ਓਪਰੇਸ਼ਨ ਥੀਏਟਰ ਨੂੰ ਲੈ ਆਏ।

ਪਤਾ ਨਹੀਂ ਮੈਂ ਕਿਹੜੀਆਂ ਸੋਚਾਂ 'ਚ ਪਿਆ ਸੀ ਕਿ ਨਰਸ ਨੇ ਰਾਤ ਦੇ ਖਾਣੇ ਦੀ ਟ੍ਰੇ ਰੱਖ ਕੇ ਟਰਾਲੀ ਮੇਰੇ ਅੱਗੇ ਕਰ ਦਿੱਤੀ। ਮੈਂ ਰੋਟੀ ਖਾਧੀ ਤੇ ਲੰਮਾ ਪੈ ਗਿਆ। ਨੀਂਦ ਨਹੀਂ ਸੀ ਆਈ, ਪਰ ਉਹੀ ਭੀੜ ਤੇ ਬੰਦ ਦਰਵਾਜ਼ਾ ਮੇਰੀਆਂ ਅੱਖਾਂ ਅੱਗੇ ਆ ਗਿਆ। ਭੀੜ ਅਜੇ ਵੀ ਬੇ-ਸਬਰੀ ਨਾਲ ਬੰਦ ਦਰਵਾਜ਼ਾ ਖੁੱਲਣ ਦੀ ਇੰਤਜ਼ਾਰ ਕਰ ਰਹੀ ਸੀ ਮੈਨੂੰ ਹੈਰਾਨੀ ਹੋਈ ਜਦੋਂ ਮੈਂ ਆਪਣੇ ਗਵਾਂਢੀ ਪ੍ਰੇਮ ਨੂੰ ਵੀ ਦੇਖਿਆ, ਜੋ ਦੂਜਿਆਂ ਨੂੰ ਪਿਛਾਂ ਧੱਕ ਕੇ ਅੱਗੇ ਨੂੰ ਜਾ ਰਿਹਾ ਸੀ।

ਪ੍ਰੇਮ ਕੀ ਗੱਲ ਬੜਾ ਭੱਜਾ ਜਾ ਰਿਹੈਂ। ਕੀ ਹੈ ਉਸਦੇ ਅੰਦਰ? ਮੈਂ ਪ੍ਰੇਮ ਨੂੰ ਪੁੱਛਿਆ। 'ਅੰਕਲ ਪਤਾ ਨਹੀਂ, ਲੋਕ ਭੱਜੇ ਜਾ ਰਹੇ ਹਨ, ਮੈਂ ਸੋਚਿਆ, ਮੈਂ ਵੀ ਦੇਖ ਲਵਾਂ ਕੀ ਹੈ ਇਸ ਦੇ ਅੰਦਰ।' ਉਸਨੇ ਕਿਹਾ ਤੇ ਫਿਰ ਤੇਜ਼ੀ ਨਾਲ ਅਗਾਂਹ ਹੋ ਗਿਆ।

'ਪ੍ਰੇਮ ਇਕ ਮਿੰਟ ਖਲੋ ਤਾਂ ਸਹੀ, ਮੈਂ ਵੀ ਚਲਦਾਂ ਤੇਰੇ ਨਾਲ, ਮੈਂ ਵੀ ਦੇਖਣਾ ਉਸ ਦਰਵਾਜ਼ੇ ਦੇ ਪਾਰ ਹੈ ਕੀ? ਲੋਕ ਅੰਨੇ ਵਾਹ ਭੱਜੇ ਜਾਂਦੇ ਹਨ ਪਰ ਦੱਸਦਾ ਕੋਈ ਨਹੀਂ।'

'ਅੰਕਲ ਤੁਸੀਂ ਏਥੇ ਕਿਤੇ ਬੈਠ ਜਾਓ, ਤੁਹਾਡੀ ਤਾਂ ਲੱਤ ਹਿਲਦੀ ਨਹੀਂ', ਕਿਸ ਤਰਾਂ ਤੁਰੋਗੇ। ਮੈਂ ਆ ਕੇ ਤੁਹਾਨੂੰ ਦੱਸ ਦਿਆਂਗਾ, ਉਸ ਦਰਵਾਜ਼ੇ ਦੇ ਅੰਦਰ ਕੀ ਹੈ।' ਤੇ ਉਹ ਫਿਰ ਤੇਜ਼ੀ ਨਾਲ ਭੀੜ ਨੂੰ ਚੀਰਦਾ ਅੱਗੇ ਲੰਘ ਗਿਆ, ਜੁਆਨ ਜੁ ਸੀ।

ਜਿਉਂ ਹੀ ਉਹ ਦਰਵਾਜ਼ੇ ਅੱਗੇ ਹੋਇਆ, ਅਚਾਨਕ ਦਰਵਾਜ਼ਾ ਖੁੱਲ ਗਿਆ ਤੇ ਪ੍ਰੇਮ ਹੋਰ ਕਈ ਲੋਕਾਂ ਨਾਲ ਅੰਦਰ ਲੰਘ ਗਿਆ। ਜਿਵੇਂ ਦਰਵਾਜ਼ਾ ਉਨ੍ਹਾਂ ਦੇ ਪਹੁੰਚਣ ਦੀ ਹੀ ਉਡੀਕ ਕਰ ਰਿਹਾ ਹੋਵੇ। ਕਈ ਲੋਕ ਦਰਵਾਜ਼ੇ ਦੇ ਮੁੱਢ ਖੜ੍ਹੇ ਰਹਿ ਗਏ, ਅੰਦਰ ਨਹੀਂ ਲੰਘ ਸਕੇ। ਮੈਂ ਹਸਰਤ ਭਰੀਆਂ ਨਜ਼ਰਾਂ ਨਾਲ ਦੇਖਦਾ ਰਹਿ ਗਿਆ।

'ਕੀ ਗੱਲ ਹੋਈ ਅੰਕਲ ਕਿਸ ਨੂੰ ਆਵਾਜ਼ਾਂ ਦੇ ਰਹੇ ਹੋ?' ਨਰਸ ਨੇ ਮੈਨੂੰ ਹਿਲਾਉਂਦਿਆਂ ਪੁੱਛਿਆ। 'ਨਹੀਂ, ਕੋਈ ਨਹੀਂ, ਮੈਂ ਪ੍ਰੇਮ ਨੂੰ ਇਕ ਭੀੜ ਵਿਚ ਦੇਖਿਆ।

'ਅੰਕਲ ਸੌਂ ਜਾਓ, ਨੀਂਦ ਨਹੀਂ ਆਉਂਦੀ ਤਾਂ ਗੋਲੀ ਦਿਆਂ।'

'ਨਹੀਂ, ਆ ਜਾਏਗੀ।' ਕਹਿੰਦਿਆਂ ਮੈਂ ਚਾਦਰ ਮੂੰਹ ਉੱਤੇ ਲੈ ਲਈ।

ਸਵੇਰੇ ਜਦੋਂ ਮੈਨੂੰ ਜਾਗ ਆਈ, ਮੈਂ ਪ੍ਰੇਮ ਦੇ ਬੈੱਡ ਵੱਲ ਦੇਖਿਆ। ਉਹ ਖਾਲੀ ਸੀ। ਮੈਂ ਨਰਸ ਨੂੰ ਪੁੱਛਿਆ, 'ਪ੍ਰੇਮ ਦਾ ਓਪਰੇਸ਼ਨ ਹੋਇਆ ਨਹੀਂ ਅਜੇ, ਉਹ ਆਇਆ ਨਹੀਂ ਜਾਂ ਉਸਨੂੰ ਹੋਰ ਵਾਰਡ 'ਚ ਭੇਜ ਦਿੱਤਾ।

ਨਰਸ ਦੇ ਚਿਹਰੇ ਦੇ ਭਾਵ ਇਕਦਮ ਸੋਗਮਈ ਹੋ ਗਏ। 'ਅੰਕਲ, ਉਹ ਹੁਣ ਨਹੀਂ ਆਏਗਾ।'

ਨਰਸ ਦੇ ਜੁਆਬ ਅਤੇ ਸੋਗਮਈ ਚਿਹਰੇ ਨੇ ਮੈਨੂੰ ਦੱਸ ਦਿੱਤਾ ਕਿ ਪ੍ਰੇਮ ਹੁਣ ਇਸ ਦੁਨੀਆ ਵਿਚ ਨਹੀਂ ਹੈ। ਜਿਸ ਦਰਵਾਜ਼ੇ ਵਿਚ ਦੀ ਉਹ ਲੰਘ ਗਿਆ ਉਹ ਦਰਵਾਜ਼ਾ ਦੂਸਰੀ ਦੁਨੀਆਂ ਵੱਲ ਜਾਣ ਲਈ ਹੀ ਖੁੱਲਦਾ ਸੀ, ਜਿਥੋਂ ਗਿਆ ਉਥੋਂ ਕੋਈ ਵਾਪਸ ਨਹੀਂ ਆਉਂਦਾ।

*ਈ.ਜੀ. ੯੧੯ ਗੋਬਿੰਦਗੜ੍ਹ, ਜਲੰਧਰ*



Namdhari Elibrary NamdhariElibrary@gmail.com

# ਕੂਕਾ ਲਹਿਰ ਇਕ ਵਿਆਪਕ ਅਧਾਰ ਵਾਲੀ ਲੋਕ ਲਹਿਰ

## *ਡਾ. ਜੋਗਿੰਦਰ ਸਿੰਘ ਰਚਿਤ "ਪੰਜਾਬ ਦੇ ਨਾਮਧਾਰੀ ਸਿੱਖਾਂ ਦਾ ਸੰਖੇਪ ਇਤਿਹਾਸ"*

*—ਸੁਵਰਨ ਸਿੰਘ ਵਿਰਕ*

ਡਾ. ਜੋਗਿੰਦਰ ਸਿੰਘ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪ੍ਰੋਫੈਸਰ ਅਤੇ ਮੁਖੀ ਹਨ। ਉਹਨਾਂ ਨੇ ਵੀਹਵੀਂ ਸਦੀ ਦੇ ਸਿੱਖਾਂ ਦੇ ਸਮਾਜਿਕ-ਧਾਰਮਿਕ ਅਤੇ ਸਿਆਸੀ ਹਾਲਾਤ ਬਾਰੇ ਅਨੇਕ ਪੁਸਤਕਾਂ ਅਤੇ ਆਲੇਖ ਲਿਖੇ ਹਨ। ਅਧਿਆਪਨ ਅਤੇ ਖੋਜ ਕਾਰਜਾਂ ਦੇ ਨਿਗਰਾਨ ਵਜੋਂ ਵੀ ਉਹ ਇਕ ਸਥਾਪਿਤ ਇਤਿਹਾਸਕਾਰ ਦਾ ਰੁਤਬਾ ਰੱਖਦੇ ਹਨ। ਕੂਕਿਆਂ ਨਾਲ ਸਬੰਧਿਤ ਚੇਅਰ ਦੇ ਮੁਖੀ ਹੋਣ ਕਾਰਨ, ਉਹਨਾਂ ਦੇ ਉਨ੍ਹੀਵੀ ਸਦੀ ਦੇ ਦੂਜੇ ਅੱਧ ਵਿਚ ਪੂਰੀ ਅੱਧੀ ਸਦੀ ਤਕ, ਪੰਜਾਬ ਵਿਚ ਬਸਤੀਵਾਦੀ ਹਾਕਮਾਂ ਵਿਰੁੱਧ, ਇਕੋ ਇਕ ਵਿਸ਼ਾਲ ਤੇ ਸ਼ਕਤੀਸ਼ਾਲੀ, ਲੋਕ ਲਹਿਰ ਵਜੋਂ ਸਰਗਰਮ ਰਹਿਣ ਵਾਲੀ 'ਕੂਕਾ ਲਹਿਰ' ਅਤੇ ਇਸ ਦੇ ਮੁਖੀਆਂ ਬਾਰੇ "ਏ ਸ਼ਾਰਟ ਹਿਸਟਰੀ ਆਫ ਨਾਮਧਾਰੀ ਸਿਖਜ਼ ਆਫ ਪੰਜਾਬ" (ਪੰਜਾਬ ਦੇ ਨਾਮਧਾਰੀ ਸਿੱਖਾਂ ਦਾ ਸੰਖੇਪ ਇਤਿਹਾਸ) ਪੁਸਤਕ ਲਿਖੀ ਹੈ ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਛਾਪੀ ਹੈ। ਇਸ ਤੋਂ ਪਹਿਲਾਂ ਕੌਮੀ ਜੀਵਨੀਆਂ ਦੀ ਲੜੀ ਵਿਚ "ਨਾਮਧਾਰੀ ਗੁਰੂ ਰਾਮ ਸਿੰਘ" ਦੀ ਜੀਵਨ ਕਥਾ ਲਿਖਣ ਦਾ ਕਾਰਜ ਵੀ ਡਾਕਟਰ ਸਾਹਿਬ ਨੇ ਕੀਤਾ ਹੈ ਜਿਹਨੂੰ 'ਨੈਸ਼ਨਲ ਬੁੱਕ ਟਰਸਟ, ਇੰਡੀਆ ਨੇ ਛਾਪਿਆ ਸੀ। ਆਪਣੀ ਪਹਿਲੀ ਪੁਸਤਕ ਜਿਉਂ, ਇਹ ਦੂਸਰੀ ਪੁਸਤਕ ਵੀ ਨਾਮਧਾਰੀ ਜਾਂ ਕੂਕਾ ਮੱਤ ਦੇ ਉਦਗਮ ਸਰੋਤਾਂ, ਨਿਸ਼ਾਨਿਆਂ, ਜਥੇਬੰਦੀ ਅਤੇ ਰਹਿਤ ਮਰਿਆਦਾ ਬਾਰੇ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਵਿਗਿਆਨਿਕ ਇਤਿਹਾਸਕ ਨਜ਼ਰੀਏ ਤੋਂ ਤੱਥਾਂ ਦੀ ਘੋਖ ਪੜਤਾਲ ਦੁਆਰਾ ਪ੍ਰਾਪਤ ਨਤੀਜਿਆਂ ਨੂੰ, ਸਮਕਾਲੀ ਲੇਖਕਾਂ, ਦਸਤਾਵੇਜ਼ਾਂ ਅਤੇ ਨਾਮਧਾਰੀਆਂ ਦੇ ਪਰੰਪਰਾਗਤ ਸਰੋਤਾਂ ਦੇ ਪਰਸੰਗ ਵਿਚ ਬਿਆਨ ਕਰਦਿਆਂ, ਲੇਖਕ ਨਾ ਕਿਸੇ ਜ਼ਾਤੀ ਜਾਂ ਮਜ਼ਬੀ ਤੁਅੱਸਬ ਜਾਂ ਸੰਪ੍ਰਦਾਇਕ ਉਪਭਾਵਕਤਾ ਦਾ ਸ਼ਿਕਾਰ ਹੋਇਆ ਹੈ। ਡਾ. ਜੋਗਿੰਦਰ ਸਿੰਘ ਹੋਰਾਂ ਦੀ, ਇਸ ਪੁਸਤਕ ਦੇ ਸਬੰਧ ਵਿਚ ਜੋ ਪਹੁੰਚ ਬਣਦੀ ਹੈ, ਉਹ ਇਕ ਗੁੜ੍ਹੇ ਹੋਏ ਇਤਿਹਾਸਕਾਰ ਦੀ, ਸੰਤੁਲਿਤ ਪਹੁੰਚ ਅਖਵਾਉਣ ਦੀ ਹੱਕਦਾਰ ਹੈ।

ਨਾਮਧਾਰੀ ਸਿਖਾਂ ਬਾਰੇ ਸਭ ਤੋਂ ਪਹਿਲਾਂ ਪੁਸਤਕ "ਕੂਕਿਆਂ ਦੀ ਵਿੱਥਿਆ" (੧੯੪੪ ਈ.) ਛਪਵਾਉਣ ਵਾਲੇ ਓਦੋਂ ਪ੍ਰੋ. (ਬਾਅਦ ਵਿਚ ਡਾ.) ਗੰਡਾ ਸਿੰਘ ਹੋਰਾਂ ਨੇ, ਇਸ ਲਹਿਰ ਨੂੰ ਸਮਾਜਿਕ-ਧਾਰਮਿਕ ਚੌਖਟੇ ਵਿਚ, ਸੁਧਾਰਵਾਦੀ ਲਹਿਰ ਤੱਕ ਹੀ ਸੀਮਤ ਕੀਤਾ। ਇਸਦੇ ਜੁਆਬ ਵਿਚ ਨਾਮਧਾਰੀ ਲੇਖਕਾਂ, ਸੰਤ ਨਿਧਾਨ ਸਿੰਘ ਆਲਿਮ (ਜੁੱਗ-ਪਲਟਾਊ ਸਤਿਗੁਰੂ-ਜਨਵਰੀ ੧੯੪੭) ਅਤੇ ਸੰਤ



ਇੰਦਰ ਸਿੰਘ ਚੱਕਰਵਰਤੀ ਅਤੇ ਸ. ਨਾਹਰ ਸਿੰਘ ਐਮ. ਏ. ਨੇ ਨਾਮਧਾਰੀ ਇਤਿਹਾਸ ਬਾਰੇ ਆਪਣੀਆਂ ਰਚਨਾਵਾਂ ਵਿਚ, ਇਸ ਨੂੰ ਦੇਸ਼ ਦੇ ਸੁਤੰਤਰਤਾ ਸੰਗਰਾਮ ਲਈ ਯੋਗਦਾਨ ਪਾਉਣ ਵਾਲੀ ਲਹਿਰ ਮੰਨਿਆ। ਫੌਜਾ ਸਿੰਘ ਬਾਜਵਾ ਅਤੇ ਐਮ. ਐਮ. ਆਹਲੂਵਾਲੀਆ ਜੋ "ਰਾਸ਼ਟਰਵਾਦੀ ਇਤਿਹਾਸਕਾਰੀ" ਦੇ ਅਲੰਬਰਦਾਰ ਸਨ ਉਹਨਾਂ ਨੇ ਮੰਨਿਆ ਕਿ ਲਹਿਰ ਦਾ ਸਮਾਜਿਕ ਧਾਰਮਿਕ ਸੁਧਾਰਾਂ ਵਾਲਾ ਪ੍ਰੋਗਰਾਮ ਜੋ ਗੁਰੂ ਰਾਮ ਸਿੰਘ ਦੁਆਰਾ ਅਰੰਭਿਆ ਗਿਆ, ਸਿਆਸੀ ਨਿਸ਼ਾਨਿਆਂ ਦੀ ਪੂਰਤੀ ਹਿਤ ਹੀ ਸੀ। ਉਹ ਕੂਕਿਆਂ ਨੂੰ ਸੁਤੰਤਰਤਾ ਸੰਗਰਾਮ ਦੇ ਮੋਢੀ ਹੋਣ ਦਾ ਮਾਣ ਦਿੰਦੇ ਹਨ। ਭਾਈ ਨਾਹਰ ਸਿੰਘ ਕਿਰਪਾਲ ਸਿੰਘ ਅਤੇ ਜਸਵਿੰਦਰ ਸਿੰਘ ਹੋਰਾਂ ਨੇ ੧੮੬੩ ਈ. ਤੋਂ ੧੯੦੩ ਈ. ਤੱਕ ਦੇ ਇਸ ਅੰਦੋਲਨ ਨਾਲ ਸਬੰਧਿਤ ਸਰਕਾਰੀ ਦਸਤਾਵੇਜ ਛਪਵਾ ਕੇ, ਲਹਿਰ ਨੂੰ ਕੌਮੀ ਮੁਕਤੀ ਅੰਦੋਲਨ ਦੇ ਸੰਦਰਭ ਵਿਚ ਵਿਚਾਰਨ ਦੇ ਹਾਲਾਤ ਬਣਾ ਦਿੱਤੇ। ਮੁਹੰਮਦ ਲਤੀਫ ਅਤੇ ਲੈਪਲ ਗਰਿਫਿਨ ਜਿਹੇ ਸਮਕਾਲੀ ਇਤਿਹਾਸਕਾਰਾਂ ਨੇ ਜਿਸ ਸੰਦਰਭ ਵਿਚ ਇਸ ਅੰਦੋਲਨ ਨੂੰ ਸਮਝਿਆ ਉਸ ਦੀ ਚੀਰ ਫਾੜ ਵੀ ਕੀਤੀ ਗਈ ਹੈ। ਲਤੀਫ ਗੁਰੂ ਰਾਮ ਸਿੰਘ ਦੀ ਬੌਧਿਕ ਸਮਰੱਥਾ ਦਾ ਵੀ ਕਾਇਲ ਸੀ ਅਤੇ ਧਰਮ ਪਰਚਾਰ ਦੇ ਲਬਾਦੇ ਹੇਠ ਛਿਪੇ ਸਿਆਸੀ ਮਨੋਰਥਾਂ ਨੂੰ ਵੀ ਸਮਝਦਾ ਸੀ। ਗਰਿਫਿਨ ਇਹ ਮੰਨਦਾ ਹੈ ਕਿ ਨਾਮਧਾਰੀ ਗੁਰੂ, ਸਿੱਖ ਚਲਨ ਨੂੰ, ਘੱਟੋ ਘੱਟ ਉਸ ਸਤਰ ਤਕ ਪੁਚਾਉਣਾ ਚਾਹੁੰਦਾ ਸੀ, ਜਿੱਥੇ ਉਹ ਗੁਰੂ ਗੋਬਿੰਦ ਸਿੰਘ ਦੇ ਸਮੇਂ ਵਿਦਮਾਨ ਸੀ। ਤੇ ਨਾਲ ਹੀ ਇਹ ਵੀ ਕਹਿੰਦਾ ਹੈ ਕਿ ਜਿਵੇਂ ਜਿਵੇਂ ਲਹਿਰ ਵਧਦੀ ਗਈ ਉਹ ਖਾਲਸੇ ਨੂੰ ਮੁੜ ਸੁਰਜੀਤ ਕਰਕੇ, ਸਰਕਾਰ ਬਰਤਾਨੀਆ ਦਾ ਖ਼ਾਤਮਾ ਚਾਹੁੰਦੇ ਸਨ। ਇਸ ਤਰ੍ਹਾਂ ਅੰਗਰੇਜ਼ ਵਿਦਵਾਨਾਂ ਅਤੇ ਜਨਗਣਨਾ ਅਧਿਕਾਰੀਆਂ ਨੇ ਲਹਿਰ ਨੂੰ



Namdhari Elibrary NamdhariElibrary@gmail.com

ਵਿਦਰੋਹੀ ਮੰਨਦਿਆਂ, ਇਸ ਦੀ ਗਿਣਤੀ ਘਟਣ ਦੇ ਸੰਕੇਤ ਦਿੱਤੇ ਹਨ। ਜੋਗਿੰਦਰ ਸਿੰਘ ਹੋਰਾਂ ਦਾ ਮੱਤ ਹੈ ਕਿ ਸਿੰਘ ਸਭਾ ਲਹਿਰ ਦਾ ਉਦਗਮ, ਉਦੋਂ ਜਿਹੇ ਕਰਨ ਦਾ ਕਾਰਨ ਜਦੋਂ ਕੂਕਿਆਂ ਤੇ ਸਖਤੀਆਂ ਦਾ ਝੱਖੜ ਝੁੱਲ ਰਿਹਾ ਸੀ, ਆਮ ਸਿੱਖ ਭਾਈਚਾਰੇ ਵਿਚ ਸਰਕਾਰੀ ਤੰਤਰ ਦੇ ਸਹਿਯੋਗ ਨਾਲ ਸਿੰਘ ਸਭਾ ਦਾ ਪ੍ਰਭਾਵ ਵਧਾਉਣਾ ਅਤੇ ਕੂਕਿਆਂ ਦੀ ਨਫਰੀ ਘਟਾਉਣਾ ਸੀ। ਇਸ ਸਮੇਂ ਪੰਜਾਬ ਦੇ ਜਗੀਰਦਾਰ, ਸ਼ਾਹੂਕਾਰ, ਰਾਜੇ ਰਜਵਾੜੇ ਜਾਂ ਪੁਰੋਹਿਤ ਵਰਗ ਤਾਂ ਇਕ ਬੰਨ੍ਹੇ, ਆਮ ਪਿੰਡਾਂ ਦੇ ਲੰਬੜਦਾਰ, ਪਟਵਾਰੀ, ਚੌਂਕੀਦਾਰ, ਜ਼ੈਲਦਾਰ ਆਦਿ ਵੀ ਕੂਕਿਆਂ ਦੀ ਨਿਗਰਾਨੀ ਕਰਨ ਤੇ ਲਾਏ ਗਏ ਸਨ। ਉਹ ਆਪਣੇ ਧਾਰਮਿਕ ਸਮਾਗਮਾਂ ਲਈ ਵੀ ਸਰਕਾਰੀ ਮਨਜ਼ੂਰੀ ਬਿਨਾਂ ਇਕੱਠੇ ਨਹੀਂ ਹੋ ਸਕਦੇ ਸਨ। ਜਨਗਣਨਾ ਅਧਿਕਾਰੀਆਂ ਨੇ, ਨਾਮਧਾਰੀ ਸਿੱਖਾਂ ਦੇ ਵਿਸ਼ੇਸ਼ ਪਹਿਰਾਵੇ, ਪੱਗ ਉੱਨ ਦੀ ਮਾਲਾ ਰੱਖਣ ਦਾ ਜ਼ਿਕਰ ਕਰਦਿਆਂ, ਨਾਮਧਾਰੀ ਗੁਰੂ ਦੇ "ਗੁਰੂ ਗੋਬਿੰਦ ਸਿੰਘ ਦਾ ਅਵਤਾਰ ਹੋਣ ਦਾ" ਐਲਾਨ ਕਰਨਾ ਵੀ ਲਿਖਿਆ ਹੈ। ਇਸੇ ਸਮੇਂ ਸਿੱਖ ਧਰਮ, ਇਤਿਹਾਸ, ਸਾਹਿਤ ਆਦਿ ਦਾ ਗੰਭੀਰ ਮੁਤਾਲਿਆ ਕਰਨ ਵਾਲੇ ਪੱਛਮੀ ਚਿੰਤਕ, ਡਬਲਯੂ, ਐਚ. ਮੈਕਲਿਓਡ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਇਕ ਕ੍ਰਿਸ਼ਮਾਈ ਵਿਅਕਤੀਤਵ ਦੇ ਸੁਆਮੀ ਦੱਸਦਿਆਂ ਉਹਨਾਂ ਨੂੰ ਦੀਨ ਦੁਖੀਆਂ ਦੇ ਮਸੀਹੇ ਦੇ ਤੌਰ ਤੇ ਪੇਸ਼ ਕੀਤਾ ਹੈ। ਸਤਿਗੁਰੂ ਜੀ ਵਿਤਕਰੇ ਅਤੇ ਸੋਸ਼ਣ ਮੁਕਤ ਸਮਾਜ ਦੀ ਸਥਾਪਨਾ ਦੀ ਲੋਚਾ ਕਰਦੇ ਹਨ। ਇਸੇ ਲਈ ਹਜ਼ਾਰਾਂ ਕਿਰਤੀਆਂ ਕਿਸਾਨਾਂ ਅਤੇ ਦਸਤਕਾਰਾਂ ਨੇ ਉਹਨਾਂ ਨੂੰ ਇਕ 'ਮੁਕਤੀ ਦਾਤੇ' ਦੇ ਰੂਪ ਵਿਚ ਪਰਵਾਨ ਕੀਤਾ।

ਲੇਖਕ ਦੇ ਮੁਤਾਬਿਕ ਇਸ ਪੁਸਤਕ ਵਿਚ ਉਹਨਾਂ 'ਸਮਾਜਿਕ ਧਾਰਮਿਕ, ਸਿਆਸੀ, ਸੱਭਿਆਚਾਰਕ ਅਤੇ ਪਰਬੰਧਕੀ ਤਬਦੀਲੀਆਂ ਦਾ ਸੰਖੇਪ ਨਿਰਨਾ ਕੀਤਾ ਗਿਆ। ਜਿਹਨਾਂ ਕਰਕੇ ਨਾਮਧਾਰੀ ਸਿੱਖ ਇਕ ਸਿੱਖ ਫਿਰਕੇ ਵਿਚ ਪਰਵਰਤਿਤ ਹੋ ਗਏ ਹਨ। ਖਾਲਸਾ ਰਾਜ ਦੇ ਪਤਨ ਲਈ ਸਤਿਗੁਰੂ ਰਾਮ ਸਿੰਘ, ਮਲੇਛ ਖਾਲਸਾ (ਜੋ ਦਸਵੇਂ ਪਾਤਸ਼ਾਹ ਵਲੋਂ ਖਾਲਸੇ ਲਈ ਨਿਰਧਾਰਿਤ ਮਾਰਗ ਤੋਂ ਭਟਕ ਗਏ ਸਨ) ਨੂੰ ਜ਼ਿੰਮੇਵਾਰ ਸਮਝਦੇ ਸਨ ਇਸੇ ਲਈ ਉਹਨਾਂ ਸੰਤ ਖਾਲਸਾ ਦੀ ੧੮੫੭ ਵਿਚ ਸਥਾਪਨਾ ਕੀਤੀ। "ਅਧਿਆਤਮਕ ਝੁਕਾਉ, ਮੱਤ ਦਾ ਪਰਚਾਰ, ਸੰਪਰਕ ਸਾਧਣ ਅਤੇ ਮਾਰਸ਼ਲ ਆਰਟ ਵਿਚ ਟਰੇਨਿੰਗ" ਦਾ ਉਹਨਾਂ ਨੇ ਜੋ ਪਰਬੰਧ ਬਣਾਇਆ, ਇਹ ਬਸਤੀਵਾਦੀ ਸੰਸਥਾਵਾਂ ਨਾਲ ਮੇਲ ਨਹੀਂ ਸੀ ਖਾਂਦਾ। ਇਸ ਲਈ ਨਾਮਧਾਰੀ ਸਿੱਖਾਂ ਦਾ ਬਸਤੀਵਾਦੀਆਂ ਅਤੇ ਉਹਨਾਂ ਦੇ ਰਾਜ ਦੇ ਸਹਿਯੋਗੀਆਂ ਨਾਲ ਟਕਰਾਉ ਲਾਜ਼ਮੀ ਸੀ ਕਿਉਂਕਿ ਉਹ ਲੋਕ ਰਾਜ ਅਤੇ ਉਸਦੇ ਸੱਭਿਆਚਾਰ ਦੀ ਸਥਿਰਤਾ ਅਤੇ ਪਰਫੁੱਲਤਾ ਚਾਹੁੰਦੇ ਸਨ। ਸੋ ਬਰਤਾਨਵੀ ਸਹਿਯੋਗੀਆਂ ਜਿਹਨਾਂ ਵਿਚ ਸਿੱਖ ਰਾਜੇ ਤੇ ਸਰਦਾਰ ਸ਼ਾਮਲ ਸਨ, ਨਾਮਧਾਰੀ ਸਿੱਖਾਂ ਦੇ ਉਥਾਨ ਤੋਂ ਆਪਣੇ ਰੁਤਬੇ ਨੂੰ ਖ਼ਤਰਾ ਸਮਝਦੇ ਸਨ। ਇਸੇ ਲਈ ਬਰਤਾਨਵੀ ਰਾਜ ਅਤੇ ਉਹਦੇ ਸਹਿਯੋਗੀਆਂ ਨੇ ਕੂਕਾ ਲਹਿਰ ਨੂੰ ਕੁਚਲ ਦਿੱਤਾ ਕਿਉਂਕਿ ਇਹ ਖ਼ਾਲਸਾ ਰਾਜ ਦੀ ਪੁਨਰ ਸਥਾਪਨਾ ਚਾਹੁੰਦੀ ਸੀ।" ਲੇਖਕ ਦੇ ਇਸ ਮੱਤ ਵਿਚ ਸੋਧ ਦੀ ਗੁੰਜਾਇਸ਼ ਹੈ ਕਿਉਂਕਿ ਲੋਕ ਲਹਿਰਾਂ ਕੁਕੂਨਸ ਜਿਉਂ ਆਪਣੀ ਰਾਖ ਵਿਚੋਂ ਮੁੜ ਪ੍ਰਸਫੁਟਿਤ ਹੋਣ ਦਾ ਮਾਦਾ ਰੱਖਦੀਆਂ ਹਨ। ਬਦਲੇ ਹਾਲਾਤ ਵਿਚ ਗੁਰੂ ਹਰੀ ਸਿੰਘ, ਸਤਿਗੁਰੂ ਪਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦਾ ਸੰਖੇਪ ਅਧਿਐਨ ਕਰਦਿਆਂ ਲੇਖਕ ਨੇ ਕੂਕਾ ਲਹਿਰ ਨਾਲ ਸੰਬੰਧਿਤ ਲੇਖਕਾਂ, ਚਿੰਤਕਾਂ, ਵਿਦਵਾਨਾਂ ਵਲੋਂ ਆਪਣੇ ਵਿਸ਼ਵਾਸਾਂ ਅਤੇ ਰਹੁ ਰੀਤਾਂ ਦੀ ਪ੍ਰਮਾਣਿਕਤਾ ਸਿੱਧ ਕਰਨ ਬਾਰੇ ਲਿਖੇ ਵਿਸ਼ਾਲ ਸਾਹਿਤ ਦੇ ਯੋਗਦਾਨ ਨੂੰ ਯਾਦ ਕੀਤਾ ਹੈ।

ਪੁਸਤਕ ਦੀਆਂ ਅੰਤਿਕਾਵਾਂ ਵਿਚ ਨਾਮਧਾਰੀ ਰਹਿਤਨਾਮਾ, ਨਾਮਧਾਰੀ ਅਰਦਾਸ, ਕੂਕਾ ਸਾਖੀਆਂ ਜਾਂ ਭਵਿਖ ਬਾਣੀਆਂ ਦਰਜ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਨਾਮਧਾਰੀ ਸੂਬੇ, ਸੂਬਿਆਂ ਬਾਰੇ ਸਰਕਾਰੀ ਰੀਪੋਰਟਾਂ, ਸਤਿਗੁਰੂ ਹਰੀ ਸਿੰਘ, ਸਤਿਗੁਰੂ ਪਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਦੇ ਸਮੇਂ ਵਿਚ ਨਾਮਧਾਰੀ ਸੂਬੇ, ਸਤਿਗੁਰੂ ਪਰਤਾਪ ਸਿੰਘ ਦੁਆਰਾ ਥਾਪੇ ਨਾਮਧਾਰੀ ਦਰਬਾਰ ਦੇ ਮੈਂਬਰਾਨ, ਥਾਈਲੈਂਡ ਦੇ ਕੁਝ ਮਹੱਤਵਪੂਰਨ ਨਾਮਧਾਰੀ ਸਿੱਖ ਵੀ ਅੰਤਿਕਾਵਾਂ ਵਿਚ ਸ਼ਾਮਿਲ ਕੀਤੇ ਗਏ ਹਨ। ਸਾਰਤੱਤ ਵਾਲੇ ਅਧਿਆਇ ਤੋਂ ਬਿਨਾਂ ਪੁਸਤਕ ਦੇ ਕੁੱਲ ਚਾਰ ਅਧਿਆਇ ਹਨ ਜੋ ਮੱਤ ਦੀ ਸਥਾਪਨਾ, ਬਰਤਾਨਵੀ ਰਾਜ ਵਿਰੁੱਧ ਸੰਘਰਸ਼, ਕੌਮੀ ਸੰਘਰਸ਼ ਦੇ ਸੰਦਰਭ ਵਿਚ ਅਤੇ ਅਗਵਾਨੂੰ ਟੀਮ ਅਤੇ ਜਥੇਬੰਦੀ ਦੇ ਪ੍ਰਥਾਇ ਹਨ।

ਲੇਖਕ ਦੇ ਅਨੁਸਾਰ, ਨਾਮਧਾਰੀ ਮੱਤ ਦਾ ਨਿਕਾਸ, ਨਾਮ ਸਿਮਰਨ ਦੀ ਸਿੱਖ ਪਰੰਪਰਾ ਨਾਲ ਜੁੜਿਆ ਹੈ। ਨਾਮ ਸਿਮਰਨ ਮਨੁੱਖ ਨੂੰ ਦੁਨਿਆਵੀ ਲਗਾਓ ਤੋਂ ਉਤਾਂਹ ਅਧਿਆਤਮਕ ਖੇਤਰ ਵਿਚ ਲੈ ਜਾਂਦਾ ਹੈ। ਇਹ ਕਰਮਕਾਂਡ ਦੇ ਵਿਭਿੰਨ ਰੂਪਾਂ ਨੂੰ ਵੀ ਰੱਦ ਕਰਦਾ ਹੈ। ਗੁਰੂ ਬਾਲਕ ਸਿੰਘ, ਜੋ ਨਾਮਧਾਰੀ ਮਿਸ਼ਨ ਦੇ ਸੰਸਥਾਪਕ ਸਨ ਉਹ ਨਾਮ ਸਿਮਰਨ ਤੇ ਹੀ ਜ਼ੋਰ ਦਿੰਦੇ ਸਨ। ਇਹ ਸਤਿਗੁਰੂ ਰਾਮ ਸਿੰਘ ਜੀ ਸਨ ਜਿਹਨਾਂ ਨੇ ਨਾਮ ਸਿਮਰਨ ਦੇ ਨਾਲ ਨਾਲ ਖਾਲਸਾ



Namdhari Elibrary NamdhariElibrary@gmail.com

ਪਰੰਪਰਾਵਾਂ ਦੀ ਮੁੜ ਸੁਰਜੀਤੀ ਦਾ ਬਾਨ੍ਹਣੂ ਬੰਨ੍ਹਿਆ। ਪੁਰਾਤਨ ਨਾਮਧਾਰੀ ਇਤਿਹਾਸਕਾਰ ਭਾਈ ਸੰਤੋਖ ਸਿੰਘ ਬਾਹੋਵਾਲ ਵੀ, ਗੁਰੂ ਬਾਲਕ ਸਿੰਘ ਜੀ ਨੂੰ ਸਹਿਜਧਾਰੀ ਸਿੱਖੀ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਕੇਸਾਧਾਰੀ ਅਤੇ ਪੰਜ ਕਕਾਰਾਂ ਵਾਲੀ ਸਿੱਖੀ ਦੇ ਪਰਚਾਰਕ ਦੱਸਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਗੁਰਮਤ ਪਰਚਾਰ ਦਾ ਆਧਾਰ, ਸ੍ਰੀ ਆਦਿ ਅਤੇ ਦਸਮ ਗੁਰੂ ਗਰੰਥ ਸਾਹਿਬ, ਭਾਈ ਗੁਰਦਾਸ, ਭਾਈ ਨੰਦ ਲਾਲ, ਭਾਈ ਚਉਪਾ ਸਿੰਘ, ਭਾਈ ਪ੍ਰਹਿਲਾਦ ਸਿੰਘ, ਭਾਈ ਦੇਸਾ ਸਿੰਘ ਆਦਿ ਦੇ ਰਹਿਤਨਾਮਿਆਂ ਨੂੰ ਅਤੇ ਰਾਜਸੀ ਨਿਸ਼ਾਨੇ ਲਈ ਪਰੇਮ ਸੁਮਾਰਗ ਅਤੇ ਸੌ ਸਾਖੀ, ਪ੍ਰਹਿਲਾਦ ਸਰ ਵਾਲੀ ਸਾਖੀ ਆਦਿ ਪੁਸਤਕਾਂ ਨੂੰ ਬਣਾਇਆ। ਨਾਮਧਾਰੀ ਰਹਿਤ ਮਰਿਆਦਾ ਨੂੰ ਸਮਝਣ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਬੇਸ਼ਕੀਮਤੀ ਖਜ਼ਾਨਾ ਹਨ। ਬੇਸ਼ਕ ਲੇਖਕ ਮੁਤਾਬਿਕ ਹਾਲਾਤ ਦੀ ਮਜਬੂਰੀ ਸਦਕਾ ਕੁਝ ਅਤਿਅੰਤ ਜ਼ਰੂਰੀ ਹੁਕਮਨਾਮੇ ਸਾਡੇ ਤੱਕ ਪਹੁੰਚ ਵੀ ਨਹੀਂ ਸੱਕੇ ਹੋਣੇ। ਸੰਤ ਖਾਲਸੇ ਦਾ ਸੰਕਲਪ ਆਪ ਨੇ 'ਪਰੇਮ-ਸੁਮਾਰਗ' ਵਿਚੋਂ ਹੀ ਲਿਆ। ਸੰਤ ਖਾਲਸੇ ਦੀ ਸਾਜਨਾ ਆਪ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਮੁਤਾਬਿਕ ਕੀਤੀ। ਕਿਉਂਕਿ ਸੰਤ ਖਾਲਸਾ ਅਕਾਲ ਪੁਰਖ ਦੇ ਹੁਕਮ ਨਾਲ ਸਾਜਿਆ ਗਿਆ ਹੈ, ਇਸ ਲਈ ਇਹਨੂੰ ਮਿਟਾਉਣਾ ਇਨਸਾਨ ਦੇ ਵੱਸ ਵਿਚ ਨਹੀਂ। ਇਸੇ ਕਾਰਨ ਲੇਖਕ ਲਿਖਦਾ ਹੈ ਕਿ ਸਤਿਗੁਰੂ ਰਾਮ ਸਿੰਘ ਨੂੰ ਵੇਲੇ ਦੇ ਹਾਕਮਾਂ ਅਤੇ ਉਹਨਾਂ ਦੇ ਸਹਿਯੋਗੀਆਂ ਦਾ, ਜੋ ਸੰਤ-ਖਾਲਸੇ ਨੂੰ ਮਿਟਾਉਣਾ ਚਾਹੁੰਦੇ ਹਨ, ਕੋਈ ਭੈ ਨਹੀਂ। ਮੜ੍ਹੀਆਂ, ਸਮਾਧਾਂ, ਕਬਰਾਂ ਆਦਿ ਨੂੰ ਢਾਹ ਕੇ, ਨਾਮਧਾਰੀ ਸਿੱਖਾਂ ਨੇ ਅੰਧ ਵਿਸ਼ਵਾਸ਼ ਦੀ ਜਕੜ ਵਿਚੋਂ ਭੋਲੀ ਭਾਲੀ ਜਨਤਾ ਨੂੰ ਕੱਢਣਾ ਚਾਹਿਆ। ਭਾਵੇਂ ਇਸ ਕਾਰਵਾਈ ਸਦਕਾ ਉਹਨਾਂ ਨੂੰ ਕੈਦ ਅਤੇ ਜੁਰਮਾਨੇ ਦੀ ਸਜ਼ਾ ਭੁਗਤਣੀ ਪਈ। ਅਨੰਦ-ਰੀਤੀ ਦਾ ਮਕਸਦ, ਦਾਜ ਦਹੇਜ ਰਹਿਤ, ਅੰਤਰਜਾਤੀ ਘੱਟ ਖਰਚੀਲੀ ਵਿਆਹ ਪ੍ਰਥਾ ਲਾਗੂ ਕਰਨੀ ਸੀ। ਇਹ ਵੀ ਨਾਰੀ ਮੁਕਤੀ ਨਾਲ ਜੁੜੀ ਸੀ, ਲੜਕੀ ਮਾਰਨ, ਵੇਚਣ, ਵੱਟਾ ਕਰਨ, ਅਜੋੜ ਵਿਆਹ, ਬਾਲ ਵਿਆਹ ਦਾ ਵਿਰੋਧ ਅਤੇ ਵਿਧਵਾ ਵਿਆਹ ਦੀ ਖੁੱਲ੍ਹ, ਔਰਤਾਂ ਦੀ ਬੰਦ ਖਲਾਸੀ ਲਈ ਪੁੱਟੇ ਕਦਮ ਸਨ। ਔਰਤਾਂ ਨੂੰ ਧਾਰਮਿਕ, ਸਮਾਜਿਕ ਮਾਮਲਿਆਂ ਵਿਚ ਪੁਰਖਾਂ ਦੇ ਬਰਾਬਰ ਅਧਿਕਾਰ ਦਿੱਤੇ ਗਏ। ਸਤਿਗੁਰੂ ਰਾਮ ਸਿੰਘ ਜੀ ਨੂੰ ਮੰਨਣ ਵਾਲੇ ਹਜ਼ਾਰਾਂ ਸਿੱਖਾਂ ਦੇ ਮਨਾਂ ਵਿਚ ਇਹ ਪੱਕਾ ਵਿਸ਼ਵਾਸ ਬੱਝ ਗਿਆ ਸੀ, ਕਿ ਗਊ ਗਰੀਬ ਦੀ ਰਾਖੀ ਲਈ, ਨਕਲੀ ਧਰਮ ਅਚਾਰੀਆਂ ਵਿਰੁੱਧ ਅਤੇ ਵਿਦੇਸ਼ੀ ਹਕੂਮਤ ਵਿਰੁੱਧ ਜਿਹੋ ਜਿਹੀ ਲੜਾਈ ਸਤਿਗੁਰੂ ਰਾਮ ਸਿੰਘ ਲੜ ਰਹੇ ਸਨ, ਉਹ ਗੁਰੂ ਗੋਬਿੰਦ ਸਿੰਘ ਜੀ ਦੇ ਹੀ ਅਗਲੇ ਅਵਤਾਰ ਸਨ।

ਲੇਖਕ ਫੌਜਾ ਸਿੰਘ ਅਤੇ ਐਮ. ਐਮ. ਆਹਲੂਵਾਲੀਆ ਦੁਆਰਾ 'ਕੂਕਾ ਮੂਵਮੈਂਟ' ਨੂੰ ੧੮੫੭ ਦੇ ਪਰਸੰਗ ਵਿਚ ਨਾ ਵਿਚਾਰੇ ਜਾਣ ਉਤੇ ਹੈਰਾਨੀ ਪ੍ਰਗਟ ਕਰਦਾ ਹੈ, ਕਿਉਂਕਿ ਇਹ ਦੋਵੇਂ ਕੂਕਾ ਅੰਦੋਲਨ ਵਿਚ 'ਦੇਸ਼ ਭਗਤੀ' ਅਤੇ 'ਕੌਮਵਾਦ' ਦੇ ਤੱਤ ਵੇਖਦੇ ਹਨ। ਡਾ. ਜੋਗਿੰਦਰ ਸਿੰਘ ਨੇ 'ਡੋਲੋਰਸ ਡੋਮਿਨ' ਇਕ ਜਰਮਨ ਵਿਦਵਾਨ ਦੇ ਹਵਾਲੇ ਨਾਲ, ੧੮੫੭ ਬਾਰੇ ਦੱਸਿਆ ਹੈ ਕਿ ਸਿੱਖਾਂ ਦੀ ਸੰਰਚਨਾ ਵਿਸ਼ਮਾਂਗੀ ਸੀ ਜਿਹਨਾਂ ਵਿਚ ਸਿੱਖ ਰਾਜੇ, ਜਗੀਰਦਾਰ, ਸਾਧਾਰਨ ਕਿਸਾਨੀ ਅਤੇ ਦਸਤਕਾਰ ਸ਼ਾਮਲ ਸਨ। ਸਮਾਜਿਕ ਆਰਥਿਕ ਵਖਰੇਵਿਆਂ ਕਾਰਨ ਹੀ, ਵੱਖ ਵੱਖ ਵਰਗਾਂ ਦੇ ਸਿੱਖਾਂ ਦਾ ਰਵੱਈਆ ੧੮੫੭ ਸਮੇਂ, ਅੰਗਰੇਜ਼ ਸਰਕਾਰ ਪ੍ਰਤੀ ਵੱਖ ਵੱਖ ਸੀ। ਰਜਵਾੜੇ, ਜਗੀਰਦਾਰ, ਅੰਗਰੇਜ਼ਾਂ ਨਾਲ ਸਨ ਅਤੇ ਸਾਧਾਰਨ ਕਿਸਾਨ, ਦਸਤਕਾਰ ਆਦਿ ਵਿਦਰੋਹੀਆਂ ਨਾਲ ਸ਼ਾਮਲ ਹੋਏ। ਇਸੇ ਕਾਰਨ ਮੈਕਲਿਓਡ ਨੇ ਸਿੱਖ ਕਿਸਾਨਾਂ ਅਤੇ ਦਸਤਕਾਰਾਂ ਵਿਚ ਫੈਲੀ ਬੇਚੈਨੀ ਨੂੰ ਕੂਕਾ ਅੰਦੋਲਨ ਦੇ ਪੈਦਾ ਹੋਣ ਨਾਲ ਜੋੜ ਕੇ ਵੇਖਿਆ ਹੈ। ਇਸੇ ਸਮੇਂ ਅਕਾਲ ਵੀ ਪੈਂਦੇ ਹਨ ਅਤੇ ਖੇਤੀ ਵਿਚ ਜੁੱਟੇ ਲੋਕ ਸ਼ਾਹੂਕਾਰਾਂ ਕਰਜੇ ਦੀ ਜਕੜ ਹੇਠ ਆ ਜਾਂਦੇ ਹਨ। ਇਹਨਾਂ ਪੀੜਤਾਂ ਨੂੰ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਸੂਬਿਆਂ ਨੇ ਸਮਾਜਿਕ-ਆਰਥਿਕ ਮੁਸੀਬਤਾਂ ਤੋਂ ਮੁਕਤ ਰਾਜ ਕਾਇਮ ਹੋਣ ਦਾ ਭਰੋਸਾ ਦਿੱਤਾ। ਗਊ ਹੱਤਿਆ ਦੇ ਸੁਆਲ ਤੇ ਵੀ ਨਾਮਧਾਰੀ ਸਿੱਖਾਂ ਨੇ ਸਰਕਾਰ ਨਾਲ ਦੋ ਦੋ ਹੱਥ ਕਰਨ ਦੀ ਠਾਣ ਲਈ ਸੀ। ਡਾ. ਜੋਗਿੰਦਰ ਸਿੰਘ ਨੇ ਮੈਕਲਿਓਡ ਦੀ ਇਸ ਧਾਰਨਾ ਵਿਚ ਕੁਝ ਆਪਵਾਦ ਵੀ ਦੱਸੇ ਹਨ ਜਿਹਨਾਂ ਮੁਤਾਬਿਕ ਭੂ-ਸਵਾਮੀ ਕੁਲੀਨ ਤੰਤਰ ਦੇ ਕੁਝ ਨਾਮਵਰ ਲੋਕ ਵੀ ਕੂਕਾ ਅੰਦੋਲਨ ਵਿਚ ਸ਼ਾਮਲ ਹੋਏ। ਫਿਰ ਵੀ ਮੈਕਲਿਓਡ ਦੀ ਕੂਕਿਆਂ ਦੇ "ਮਿਲੀਨੇਰੀਅਨ ਫਿਰਕੇ" ਵਾਲੀ ਧਾਰਨਾ, ਲਹਿਰ ਦੀ ਵਸਤੂ ਅਤੇ ਰੂਪ ਨੂੰ ਸਮਝਣ ਵਿਚ ਚੋਖੀ ਸਹਾਈ ਹੁੰਦੀ ਹੈ। ਇਸ ਦਾ ਲੋਕ ਲਹਿਰ ਵਾਲਾ ਚਰਿੱਤਰ ਸਮਝਣ ਵਿਚ ਇਸ ਪਰਸਥਾਪਨਾ ਦਾ ਵੱਡਾ ਯੋਗਦਾਨ ਹੈ। ਡਾ. ਗੰਡਾ ਸਿੰਘ ਅਤੇ ਉਹਨਾਂ ਦੇ ਹਮਖ਼ਿਆਲਾਂ ਦੀ ਲਹਿਰ ਨੂੰ ਸਿਰਫ ਸਿੱਖ ਸੁਧਾਰਕ ਲਹਿਰ ਤੱਕ ਸੀਮਿਤ ਕਰਨ ਦੀ ਅਵਧਾਰਨਾ ਨੂੰ, ਜੋਗਿੰਦਰ ਸਿੰਘ ਅਕੱਟ ਸਬੂਤਾਂ ਨਾਲ ਰੱਦ ਕਰਦੇ ਹਨ। ਇਸ ਸਬੰਧ ਵਿਚ ਉਹ ਦੋ ਮਹੱਤਵਪੂਰਨ ਰੀਪੋਰਟਾਂ ਦਾ ਵੀ ਜ਼ਿਕਰ ਕਰਦੇ ਹਨ ਜੋ ਬਰਤਾਨਵੀ ਅਫਸਰਸ਼ਾਹੀ ਦੇ ਦੋ ਉੱਘੇ ਅਧਿਕਾਰੀ, ਕੂਕਿਆਂ ਬਾਰੇ ਅੰਮ੍ਰਿਤਸਰ ਅਤੇ ਰਾਇਕੋਟ ਦੇ ਬੁੱਚੜਬੰਧ ਸਕਿਆਂ ਤੋਂ ਬਾਅਦ ਆਪਣੇ ਉੱਚ ਅਧਿਕਾਰੀਆਂ ਨੂੰ ਭੇਜਦੇ ਹਨ।

ਕਮਿਸ਼ਨਰ ਮੈਕਨੇਬ ਨੇ ੪ ਨਵੰਬਰ ੧੮੭੧ ਦੀ ਰੀਪੋਰਟ



Namdhari Elibrary NamdhariElibrary@gmail.com

ਵਿਚ ਇਹ ਸਿੱਟਾ ਕੱਢਿਆ-

"ਆਰੰਭ ਵਿਚ ਭਾਵੇਂ (ਕੂਕਾ) ਮੱਤ ਦੇ ਆਗੂਆਂ ਦੇ ਇਰਾਦੇ ਕਿਹੋ ਜਿਹੇ ਵੀ ਹੋਣ, ਹੁਣ ਇਸ ਦਾ ਝੁਕਾਅ ਸਾਫ ਤੌਰ ਤੇ ਸਿਆਸੀ ਹੈ। ਬਹੁਤ ਸਾਰੇ ਰੁਤਬਿਆਂ ਵਾਲੇ ਲੋਕ ਇਸ ਮੱਤ ਵਿਚ ਸ਼ਾਮਲ ਹੋ ਰਹੇ ਹਨ। ਮੁਲਕ ਵਿਚ ਅੰਦਰੂਨੀ ਸੁਰੱਖਿਆ ਅਤੇ ਅਮਨ ਅਮਾਨ ਬਹਾਲ ਰੱਖਣ ਲਈ, ਇਹ ਬਹੁਤ ਜ਼ਰੂਰੀ ਹੈ ਕਿ ਗੁਰੂ ਰਾਮ ਸਿੰਘ ਨੂੰ ਦੇਸ ਬਦਰ ਕਰਕੇ, ਐਸੀ ਜਗ੍ਹਾ ਭੇਜ ਦਿੱਤਾ ਜਾਏ ਜਿਥੇ ਉਹਦੇ ਪੈਰੋਕਾਰ, ਜੋ ਉਹਨੂੰ ਪੂਜਦੇ ਹਨ, ਨਾ ਪੁੱਜ ਸੱਕਣ।" ਇਸੇ ਤਰ੍ਹਾਂ ਹੀ ਡੀ. ਆਈ. ਜੀ. ਮੈਕ ਐਂਡਰੀਓ ਨੇ ੨੦ ਨਵੰਬਰ ੧੮੭੧ ਦੀ ਆਪਣੀ ਰੀਪੋਰਟ ਵਿਚ ਗੁਰੂ ਰਾਮ ਸਿੰਘ ਨੂੰ ਸਧਾਰਨ ਕਾਨੂੰਨੀ ਕਾਰਵਾਈ ਤੋਂ ਪਾਸੇ ਕਰਦਿਆਂ (੧੮੧੮ ਦੇ ਐਕਟ ਤਹਿਤ) ਛੇਤੀ ਤੋਂ ਛੇਤੀ ਮੁਲਕ ਤੋਂ ਬਾਹਰ ਭੇਜਣ ਦੀ ਰਾਇ ਦਿੱਤੀ ਕਿਉਂਕਿ ਉਹ ਅਤੇ ਉਸਦੇ ਅਨੁਆਈਆਂ ਨੇ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਰਹਿਣ ਦਿੱਤਾ ਕਿ ਉਹ ਅਮਨ ਕਾਨੂੰਨ ਵਾਲੀ ਸਰਕਾਰੀ ਪ੍ਰਣਾਲੀ ਨੂੰ ਹੁਣ ਚੱਲਣ ਨਹੀਂ ਦੇਣਗੇ। ਲੇਖਕ ਦੇ ਮੁਤਾਬਿਕ ਇਹਨਾਂ ਰੀਪੋਰਟਾਂ ਤੋਂ ਬਾਅਦ, ਬਰਤਾਨਵੀ ਅਧਿਕਾਰੀਆਂ ਦੇ ਮਨਾਂ ਵਿਚ ਕੂਕਿਆਂ ਪ੍ਰਤੀ ਭੈਅ ਅਤੇ ਗੁੱਸਾ ਪੈਦਾ ਹੋ ਗਿਆ। ਕਈਆਂ ਨੂੰ ਕੂਕਿਆਂ ਦੇ ਪ੍ਰੋਗਰਾਮ ਉਤੇ ੧੮੫੭ ਦੇ ਪਰਛਾਂਵੇਂ ਪੈਂਦੇ ਨਜ਼ਰ ਆਏ। ਗਊ ਬੱਧ ਕਰਨ ਵਾਲੇ ਬੁੱਚੜਾਂ ਦੇ ਖਿਲਾਫ ਕੂਕਿਆਂ ਦੀਆਂ ਸਿੱਧੀਆਂ ਕਾਰਵਾਈਆਂ ਨੂੰ, ਸਰਕਾਰ ਉਹਨਾਂ ਨੂੰ ਹਿੰਦੂਆਂ ਵਿਚ ਹਰਮਨ ਪਿਆਰਾ ਹੁੰਦਾ ਅਤੇ ਖਾਲਸਾ ਰਾਜ ਦੇ ਨਿਸ਼ਾਨੇ ਪ੍ਰਤੀ ਸਮਰਪਣ ਸਦਕਾ, ਸਨਾਤਨੀ ਸਿੱਖਾਂ ਨਾਲ ਉਹਨਾਂ ਦਾ ਭਾਵਨਾਤਮਕ ਮੇਲ ਜੋਲ ਵੇਖ ਕੇ ਘਬਰਾ ਰਹੀ ਸੀ। ਜੰਮੂ-ਕਸ਼ਮੀਰ ਅਤੇ ਨੈਪਾਲ ਦੀਆਂ ਫੌਜਾਂ ਸਮੇਤ, ਕੂਕੇ ਅੰਗਰੇਜ਼ੀ ਸੈਨਾ ਵਿਚ ਬੈਠੇ ਆਪਣੇ ਬਹੁਤ ਸਾਰੇ ਲੋਕਾਂ ਤੋਂ ਆਸਵੰਦ ਸਨ। ਕੁਝ ਇਤਿਹਾਸਕਾਰਾਂ ਦਾ ਮੱਤ ਹੈ ਕਿ ਮਾਰਚ ਅਪਰੈਲ ੧੮੭੨ ਵਿਚ ਪੰਜਾਬ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੀ ਇਕ ਵਿਆਪਕ ਵਿਦਰੋਹ ਦੀ ਯੋਜਨਾ ਸੀ ਜੋ ਸਿਰੇ ਚੜ੍ਹਦੀ ਤਾਂ ਨਤੀਜੇ ਹੋਰ ਹੁੰਦੇ। ਪ੍ਰੰਤੂ ਮਸਤਾਨਾ ਦਲ ਦੁਆਰਾ ਸੂਬਾ ਗਿਆਨੀ ਰਤਨ ਸਿੰਘ ਅਤੇ ਉਸਦੇ ਨਾਇਬ ਸੂਬੇ ਰਤਨ ਸਿੰਘ ਦੀਆਂ ਸ਼ਹਾਦਤਾਂ ਬਾਅਦ ਮਲੌਦ ਅਤੇ ਮਲੇਰਕੋਟਲੇ ਤੇ ਹਮਲੇ ਕਾਰਨ ਉਪਰੋਕਤ ਯੋਜਨਾ ਸਿਰੇ ਨਾ ਚੜ੍ਹੀ। ਇਸ ਸਬੰਧ ਵਿਚ ਵਧੇਰੇ ਛਾਣ ਬੀਣ ਦੀ ਲੋੜ ਹੈ।

ਕੂਕਾ ਵਿਦਰੋਹ ਵਿਰੁੱਧ ਦਮਨਾਤਮਕ ਕਾਰਵਾਈਆਂ ਦੀ ਜਿਥੇ ਸਿੱਖ ਸਾਮੰਤਾਂ, ਸ਼ਾਹੂਕਾਰਾਂ ਅਤੇ ਪੁਰੋਹਿਤ ਵਰਗ ਨੇ ਹਮਾਇਤ ਕੀਤੀ ਉੱਥੇ ਦੇਸ਼ ਵਿਚ ਛਪਣ ਵਾਲੀਆਂ ਕੁਝ ਅਖਬਾਰਾਂ ਦੇ ਪ੍ਰਤੀਕਰਮ ਜ਼ਿਆਦਾ ਸੱਭਿਅਕ ਸਨ। "ਪੰਜਾਬ ਵਿਚ ਜਵਾਲਾਮੁਖੀ ਸ਼ਾਂਤ ਨਹੀਂ ਹੋਇਆ" ਲਿਖਦਿਆਂ, ੨੯ ਜਨਵਰੀ ੧੮੭੨ ਦੇ "ਹਿੰਦੂ ਪੈਟਰੀਆਟ" ਨੇ ਲਿਖਿਆ ਕਿ ਬੜੇ ਕੱਟੜ ਕਿਸਮ ਦੇ ਕੂਕਿਆਂ ਦੇ ਫਿਰਕੇ ਨਾਲ ਨਜਿੱਠਣ ਲੱਗਿਆਂ, ਸਾਨੂੰ ਖ਼ੁਦ ਨੂੰ ਵਹਿਸ਼ੀ ਤੇ ਨਹੀਂ ਸੀ ਬਣਨਾ ਚਾਹੀਦਾ। ਲੇਖਕ ਨੇ ਇਹ ਮਹੱਤਵਪੂਰਨ ਨੁਕਤਾ ਵੀ ਰੇਖਾਂਕਿਤ ਕੀਤਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਸਮੇਂ ਹਿੰਦੂ, ਮੁਸਲਮਾਨਾਂ ਅਤੇ ਸਿੱਖਾਂ ਵਿਚ ਮੱਤਭੇਦਾਂ ਨੂੰ ਕਾਫੀ ਹੱਦ ਤੱਕ ਘਟਾ ਦਿੱਤਾ ਸੀ ਜਦੋਂ ਕਿ ਫਿਰਕੂ ਪਹਿਚਾਨਾਂ ਮਜ਼ਬੂਤ ਕਰਨ ਲਈ, ਅੰਗਰੇਜ਼ਾਂ ਨੇ ਮੁਸਲਮਾਨਾਂ ਅਤੇ ਸਿੱਖਾਂ ਨੂੰ ਆਪਣੇ ਫਿਰਕੂ ਸੰਗਠਨ ਬਨਾਉਣ ਲਈ ਹੱਲਾਸ਼ੇਰੀ ਦਿੱਤੀ। ਇਸੇ ਲਈ ਗਊ ਬੱਧ ਸ਼ੁਰੂ ਕਰਵਾ ਕੇ, ਗਊ ਮਾਸ ਸ਼ਹਿਰਾਂ ਦੇ ਬਾਜ਼ਾਰਾਂ ਵਿਚ ਵੇਚਣ ਦੀ ਖੁੱਲ੍ਹ ਦਿੱਤੀ। ਇਹ ਦੋਵੇਂ ਗੱਲਾਂ ਬਰਤਾਨਵੀ ਰਾਜ ਵਿਚ ਲਗਾਤਾਰ ਝਗੜਿਆਂ ਦਾ ਕਾਰਨ ਬਣਦੀਆਂ ਰਹੀਆਂ। ਇਹੋ ਹੀ "ਖਾਲਸਾ ਰਾਜ" ਅਤੇ "ਬਰਤਾਨਵੀ ਰਾਜ" ਵਿਚ ਛਿਪੇ ਹੋਏ ਸੱਭਿਆਚਾਰਕ ਅੰਤਰ ਵਿਰੋਧ ਸਨ। ਸਤਿਗੁਰੂ ਰਾਮ ਸਿੰਘ, ਸੰਤ ਖਾਲਸੇ ਦੁਆਰਾ ਗਊ ਘਾਤੀਆਂ ਵਿਰੁੱਧ ਪੈਂਤੜੇ ਦੇ ਮਨੋਂ ਹੱਕ ਵਿਚ ਸਨ। ਪਰ ਜੇ ਉਹ ਖੁੱਲ੍ਹਮ ਖੁੱਲ੍ਹਾ ਇਸ ਦਾ ਇਜ਼ਹਾਰ ਕਰਦੇ ਤਾਂ ਇਸ ਨਾਲ ਕਾਵਨ ਅਤੇ ਫੋਰਸਾਇਥ ਦੀਆਂ, ਕੂਕਿਆਂ ਵਿਰੁੱਧ ਕਠੋਰ ਕਾਰਵਾਈਆਂ ਨੂੰ ਜਾਇਜ਼ ਠਹਿਰਾਇਆ ਜਾ ਸੱਕਣਾ ਸੀ।

ਸਿਆਸੀ ਝੁਕਾਵਾਂ ਵਾਲੀ ਇਸ ਲਹਿਰ ਨੂੰ, ਸਤਿਗੁਰੂ ਰਾਮ ਸਿੰਘ ਜੀ ਦੇ ੧੮੭੨ ਵਿਚ ਦੇਸ਼ ਨਿਕਾਲੇ ਤੋਂ ਬਾਅਦ, ਆਪ ਦੇ ਛੋਟੇ ਭਾਈ ਬੁੱਧ ਸਿੰਘ ਜੀ ਨੇ ਨਾਜ਼ਕ ਸਮੇਂ ਵਿਚ ਅਗੁਆਈ ਕਰਕੇ ਸੰਭਾਲਿਆ ਜਿਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਹਦਾਇਤ ਤੇ ਹੁਣ ਗੁਰੂ ਹਰੀ ਸਿੰਘ ਜੀ ਦਾ ਸਤਿਕਾਰਤ ਨਾਮ ਦਿੱਤਾ ਗਿਆ। ਗੁਰੂ ਹਰੀ ਸਿੰਘ ਦੁਆਰਾ ਸਤਿਗੁਰੂ ਰਾਮ ਸਿੰਘ ਦੀ ਵਿਰਾਸਤ ਸੰਭਾਲਣ ਸਮੇਂ, ਪਰਿਵਾਰ ਵਿਚੋਂ ਉੱਠਣ ਵਾਲੇ ਵਿਰੋਧ ਨੂੰ, ਇਸ ਪ੍ਰਥਾਇ ਹੁਕਮਨਾਮਿਆਂ ਵਿਚ ਸਪੱਸ਼ਟ ਆਦੇਸ਼ ਦੇ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਸ਼ਾਂਤ ਕਰ ਦਿੱਤਾ। ਗੁਰੂ ਹਰੀ ਸਿੰਘ ਜੀ ਨੇ ੧੮੭੨ ਤੋਂ ੧੯੦੬ ਤੱਕ ੩੪ ਸਾਲ ਬਹੁਤ ਹੀ ਪਾਬੰਦੀਆਂ ਅਤੇ ਸਰਕਾਰੀ ਸਖਤੀਆਂ ਦਾ ਮੁਕਾਬਲਾ ਕਰਦਿਆਂ ਨਾਮਧਾਰੀ ਭਾਈਚਾਰੇ ਦਾ ਵਿਲੱਖਣ ਸਰੂਪ ਕਾਇਮ ਰੱਖਦਿਆਂ, ਦੂਰ ਦਰਾਜ਼ ਦੇ ਇਲਾਕਿਆਂ ਤੱਕ ਸਿਖੀ ਪਰਚਾਰ ਲਈ ਦੌਰੇ ਕੀਤੇ। ਭਾਵੇਂ ਇਹ ਦੌਰੇ ਸਰਕਾਰ ਤੋਂ ਅਗਾਊਂ ਮਨਜ਼ੂਰੀ ਲੈ ਕੇ ਕਰਨੇ ਪੈਂਦੇ। ਇਸ ਸਮੇਂ ਦੌਰਾਨ ਸਰਕਾਰ ਕੂਕਿਆਂ ਤੋਂ ਉੱਠਣ ਵਾਲੇ ਕਿਸੇ



Namdhari Elibrary NamdhariElibrary@gmail.com

ਵੀ ਸਿਆਸੀ ਖ਼ਤਰੇ ਪ੍ਰਤੀ ਸੁਚੇਤ ਸੀ।

ਬਾਬਾ ਗੁਰਚਰਨ ਸਿੰਘ ਅਤੇ ਬਾਬਾ ਬਿਸ਼ਨ ਸਿੰਘ ਦੀਆਂ ਰੂਸ ਸਰਕਾਰ ਨਾਲ ਗੰਢ ਤੁੱਪ ਕਰਨ ਦੀਆਂ ਕਾਰਵਾਈਆਂ ਨੂੰ ਗੁਰੂ ਹਰੀ ਸਿੰਘ ਦਾ ਆਸ਼ੀਰਵਾਦ ਪ੍ਰਾਪਤ ਸੀ। ਜਦੋਂ ਮਹਾਰਾਜਾ ਦਲੀਪ ਸਿੰਘ ਰੂਸੀਆਂ ਦੀ ਸੈਨਿਕ ਮੱਦਦ ਨਾਲ ਭਾਰਤ ਤੇ ਅੰਗਰੇਜ਼ਾਂ ਵਿਰੁੱਧ ਚੜ੍ਹਾਈ ਕਰਨੀ ਚਾਹੁੰਦਾ ਸੀ, ਗੁਰੂ ਹਰੀ ਸਿੰਘ ਜੀ ਉਹਦੇ ਵੱਲ ਦੂਤ ਭੇਜੇ ਕਿ ਕਿਸੇ ਵੀ ਅਜਿਹੇ ਮੌਕੇ ਗੁਰੂ ਹਰੀ ਸਿੰਘ ਦੀ ਅਗੁਆਈ ਵਿਚ ਕੂਕੇ ਉਹਨਾਂ ਦੇ ਸਹਾਇਕ ਹੋਣਗੇ। ਰੂਸ, ਕੂਕੇ, ਦਲੀਪ ਸਿੰਘ ਸਬੰਧਾਂ ਬਾਰੇ ਅਜਿਹੇ ਸਮੇਂ ਸੌ ਸਾਖੀ ਵਿਚ ਦਰਜ ਭਵਿੱਖ ਬਾਣੀਆਂ ਨੂੰ ਕੂਕੇ ਵੱਡੇ ਸ਼ੌਕ ਨਾਲ ਪੜ੍ਹਦੇ ਸਨ। ਕੂਕਿਆਂ ਦੇ ਵਾਧੇ ਨੂੰ ਰੋਕਣ ਲਈ ਹੀ ਅੰਗਰੇਜ਼ਾਂ ਦੀ ਸ਼ਹਿ ਤੇ "ਸਿੰਘ ਸਭਾ ਲਹਿਰ" ਨੂੰ ਸਿੱਖਾਂ ਦੇ ਪ੍ਰਭਾਵੀ ਤਬਕਿਆਂ ਵਲ ਵਧਣ ਫੁੱਲਣ ਦਾ ਮੌਕਾ ਦਿੱਤਾ ਗਿਆ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਗੱਦੀ ਨਸ਼ੀਨ ਹੋਣ ਬਾਅਦ ਦਾ ਸਮਾਂ, ਦੇਸ਼ ਵਿਚ ਕੌਮੀ ਵਿਚਾਰਾਂ ਦੇ ਪਰਚਾਰ ਪਰਸਾਰ ਲਈ ਸਾਜ਼ਗਾਰ ਸਿੱਧ ਹੋਇਆ। ਗ਼ਦਰ ਪਾਰਟੀ ਜਿਸਦੀ ਸਥਾਪਨਾ ਅਮਰੀਕਾ ਵਿਚ ਦੇਸ਼ ਦੀ ਸੁਤੰਤਰਤਾ ਲਈ ਕੰਮ ਕਰਨ ਵਾਲੇ ਪਰਵਾਸੀਆਂ ਨੇ ਕੀਤੀ ਉਹਨਾਂ ਨੇ ਕੂਕਿਆਂ ਜਿਉਂ ਸਿੱਖ ਇਤਿਹਾਸ ਅਤੇ ਇਸ ਦੇ ਨਾਇਕਾਂ ਦਾ ਸਿਮਰਨ, ਮੁਕਤੀ ਯੁੱਧ ਦੇ ਪਰਚਾਰ ਲਈ ਕੀਤਾ। ਗ਼ਦਰ ਪਾਰਟੀ ਦਾ ਬਾਨੀ ਪਰਧਾਨ ਬਾਬਾ ਸੋਹਣ ਸਿੰਘ ਭਕਨਾ, ਇਕ ਕੂਕਾ ਸੰਤ ਬਾਬਾ ਕੇਸਰ ਸਿੰਘ ਮੁਹਾਣਾ (ਅੰਮ੍ਰਿਤਸਰ) ਤੋਂ ਪ੍ਰਭਾਵਿਤ ਸੀ। ਭਕਨਾ ਜੀ ਨੇ ਬਾਬਾ ਕੇਸਰ ਜੀ ਤੋਂ ਹੀ ਈਸ਼ਵਰ ਭਗਤੀ ਅਤੇ ਦੇਸ਼ ਭਗਤੀ ਦੇ ਸਾਂਝੇ ਗੁਰ ਸਿੱਖਦਿਆਂ ਇਹ ਵੀ ਜਾਣਿਆ ਕਿ ਇਕ ਸੱਚਾ ਪ੍ਰਭੂ ਭਗਤ, ਕਦੇ ਵੀ ਫਿਰਕੂ ਨਹੀਂ ਹੋ ਸੱਕਦਾ। ਬਾਬਾ ਜੀ ਤੋਂ ਹੀ ਉਹਨਾਂ ਨੇ ਇਹ ਵੀ ਸਿਖਿਆ ਕਿ ਸਿਰਫ ਭਗਤੀ ਨਾਲ ਹੀ ਕੋਈ ਮਨੁੱਖ ਜ਼ਿੰਦਾ ਨਹੀਂ ਰਹਿ ਸੱਕਦਾ। ਇਸ ਲਈ ਰੋਟੀ ਕੱਪੜੇ ਤੇ ਮਕਾਨ ਦੀ ਲੋੜ ਪੈਂਦੀ ਹੈ। ਇਸੇ ਲਈ ਬਾਬਾ ਭਕਨਾ ਤੇ ਹੋਰ ਹਜ਼ਾਰਾਂ ਰੋਜ਼ਗਾਰ ਦੀ ਭਾਲ ਵਿਚ ਇਹਨਾਂ ਚੀਜ਼ਾਂ ਨੂੰ ਹਾਸਲ ਕਰਨ ਲਈ ਵਿਦੇਸ਼ਾਂ ਵਿਚ ਗਏ ਸਨ। ਗਦਰ ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ ਦੀ ਬਹੁਗਿਣਤੀ ਪੰਜਾਬੀ ਕਿਸਾਨੀ ਵਿਚੋਂ ਸੀ ਅਤੇ ਇਹੋ ਤਬਕਾ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਅੰਗਰੇਜ਼ੀ ਰਾਜ ਦੇ ਖੇਤੀਬਾੜੀ ਤੇ ਪਏ ਦੁਸ਼ਪ੍ਰਭਾਵਾਂ ਕਾਰਨ, ਵੱਡੀ ਗਿਣਤੀ ਵਿਚ ਕੂਕਾ ਲਹਿਰ ਵਿਚ ਸ਼ਾਮਲ ਹੋ ਗਿਆ ਸੀ। ਗ਼ਦਰ ਲਹਿਰ ਦੇ ਕਵੀਆਂ ਨੇ ਕੂਕਾ ਆਗੂ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਪੈਰੋਕਾਰਾਂ ਦੀਆਂ ਕੁਰਬਾਨੀਆਂ ਦਾ ਉੱਚ ਮੁਲੰਕਣ ਕੀਤਾ। ਸਿੱਖ ਪੁਰੋਹਿਤ ਵਰਗ ਨੇ ਆਪਣੀ ਰਾਜ ਭਗਤੀ ਸਿੱਧ ਕਰਨ ਲਈ ਕੂਕਿਆਂ ਜਿਉਂ ਹੀ ਗ਼ਦਰ ਲਹਿਰ ਵਿਚ ਹਿੱਸਾ ਲੈਣ ਵਾਲਿਆਂ ਨੂੰ, ਸਿੱਖ ਤਖਤਾ ਤੋਂ ਤਨਖਾਹੀਏ ਘੋਸ਼ਿਤ ਕਰਵਾਇਆ ਸੀ। ਪਹਿਲੇ ਸੰਸਾਰ ਜੰਗ ਸਮੇਂ ਜਦੋਂ ਕਾਂਗਰਸ ਦੇ ਆਗੂ ਸਿਪਾਹੀ ਭਰਤੀ ਅਤੇ ਜੰਗੀ ਚੰਦੇ ਦੇ ਸੁਆਲ ਤੇ ਅੰਗਰੇਜ਼ਾਂ ਦੀ ਇਸ ਆਸ ਤੇ ਮੱਦਦ ਕਰ ਰਹੇ ਸਨ ਕਿ ਜੰਗ ਜਿੱਤਣ ਬਾਅਦ ਉਹ ਹੋਮ ਰੂਲ ਅੰਦੋਲਨ ਦੀਆਂ ਮੰਗਾਂ ਮੰਨ ਲੈਣਗੇ। ਇਸ ਦੇ ਉਲਟ ਜਦੋਂ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਇਸ ਸਬੰਧ ਵਿਚ ਇਮਦਾਦ ਮੰਗੀ ਤਾਂ ਆਪ ਨੇ ਠੋਕ ਕੇ ਜੁਆਬ ਦਿੰਦਿਆਂ ਕਿਹਾ ਸੀ ਕਿ ਅਸੀਂ ਤਾਂ ਸਰਕਾਰ ਬਰਤਾਨੀਆ ਦੇ ਕਦੇ ਵੀ ਸਹਯੋਗੀ ਨਹੀਂ ਰਹੇ (ਅਤੇ ਉਹ ਕਿਹੜਾ ਜ਼ੁਲਮ ਹੈ ਜੋ ਤੁਸਾਂ ਸਾਡੇ ਸਤਿਗੁਰੂ ਜੀ ਅਤੇ ਕੂਕੇ ਸਿੱਖਾਂ ਤੇ ਨਹੀਂ ਕੀਤਾ) ਇਸ ਲਈ ਸਾਥੋਂ ਕੋਈ ਆਸ ਨਾ ਰੱਖੋ। ਜਲ੍ਹਿਆਂਵਾਲਾ ਬਾਗ ਸਾਕੇ ਦੇ, ਸਤਿਗੁਰੂ ਪਰਤਾਪ ਸਿੰਘ ਜੀ ਦੇ ਦੋਵੇਂ ਛੋਟੇ ਭਾਈ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਚਸ਼ਮਦੀਦ ਗਵਾਹ ਸਨ ਜਿਹਨਾਂ ਦੇ ਅੰਮ੍ਰਿਤਸਰ ਦੇ ਡਾ. ਕਿਚਲੂ ਅਤੇ ਸੱਤਿਆਪਾਲ ਜਿਹੇ ਕੌਮਵਾਦੀ ਆਗੂਆਂ ਨਾਲ ਬੜੇ ਨੇੜਲੇ ਸਬੰਧ ਸਨ। ਕਾਂਗਰਸ ਵਿਚ ਭਾਗ ਲੈਣ ਸਮੇਂ ਕੂਕਾ ਆਗੂ ਇਹ ਸਮਝਦੇ ਸਨ ਕਿ ਜੋ ਅਸਹਿਯੋਗ ਹੁਣ ਕਾਂਗਰਸ ਦਾ ਪ੍ਰੋਗਰਾਮ ਹੈ ਇਹ ਦਾ ਮੁੱਢ ਤਾਂ ਉਹਨਾਂ ਦੇ ਸਤਿਗੁਰੂ ਜੀ ਬੰਨ੍ਹ ਗਏ ਹਨ। ਇਸ ਲਈ ਆਪਣੀ ਦੇਸ਼ ਭਗਤੀ ਦੀ ਵਿਰਾਸਤ ਨੂੰ ਜ਼ਿੰਦਾ ਰੱਖਣ ਲਈ ਉਹ ਸਰਕਾਰ ਵਿਰੋਧੀ ਸਾਰੀਆਂ ਲਹਿਰਾਂ ਨੂੰ ਸਹਿਯੋਗ ਦੇਣਾ ਆਪਣਾ ਨੈਤਿਕ ਫਰਜ਼ ਸਮਝਦੇ ਸਨ। ਨਾਮਧਾਰੀ ਆਗੂਆਂ ਨੇ ਤਕਰੀਰ ਅਤੇ ਤਹਿਰੀਰ ਦੁਆਰਾ ੧੯੨੦ ਤੋਂ ਬਾਅਦ ਦੇਸ਼ ਭਗਤੀ ਦਾ ਮਾਹੌਲ ਸਰਗਰਮ ਰੱਖਿਆ। ਸਤਿਜੁਗ ਦੇ ਬਹੁਤ ਸਾਰੇ ਲੇਖਾਂ ਵਿਚੋਂ ਜੋ ਮੁੱਖ ਤੌਰ ਤੇ ਸੰਤ ਨਿਧਾਨ ਸਿੰਘ ਆਲਿਮ ਜਾਂ ਇੰਦਰ ਸਿੰਘ ਚੱਕਰਵਰਤੀ ਦੇ ਲਿਖੇ ਹੁੰਦੇ ਸਨ ਕਿਰਤੀ ਕਿਸਾਨਾਂ ਦੀਆਂ ਲਹਿਰਾਂ, ਨੌਜੁਆਨ ਭਾਰਤ ਸਭਾ ਦੀ ਤਹਿਰੀਕ, ਕਾਂਗਰਸ ਦੇ ਸੱਤਿਆਗ੍ਰਹਿ ਅਤੇ ਰਿਆਸਤੀ ਪਰਜਾ ਦੇ ਜਮਹੂਰੀ ਹੱਕਾਂ ਪ੍ਰਤੀ ਇਕਜੁੱਟਤਾ ਪ੍ਰਗਟ ਕੀਤੀ ਜਾਂਦੀ ਸੀ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਉਦੇਸ਼ਾਂ ਨੂੰ, ਸਮਾਜਵਾਦੀ ਪ੍ਰਣਾਲੀ ਦੀ ਸਥਾਪਨਾ ਨਾਲ ਜੋੜ ਕੇ ਵੇਖਦੇ ਸਨ। ਨਾਮਧਾਰੀ ਸਿੱਖਾਂ ਨੇ ਗੁਰਦੁਆਰਾ ਪਰਬੰਧ, ਸਿੱਖਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਸਉਂਪਣ ਲਈ, ਲੱਗੇ ਅਕਾਲੀ ਮੋਰਚਿਆਂ ਦਾ ਵੀ ਪੁਰਜ਼ੋਰ ਸਮਰਥਨ ਕੀਤਾ।

ਅੰਗਰੇਜ਼ ਸਰਕਾਰ ਵਲੋਂ "ਕਮਿਊਨਲ ਅਵਾਰਡ" ਤਹਿਤ



Namdhari Elibrary NamdhariElibrary@gmail.com

ਪੰਜਾਬ ਦੇ ਵੱਖ ਵੱਖ ਮਜ਼੍ਹਬਾਂ ਨੂੰ, ਕੇਂਦਰੀ ਤੇ ਸੂਬਾਈ ਅਸੈਂਬਲੀ ਵਿਚ ਇਸੇ ਆਧਾਰ ਤੇ ਪ੍ਰਤੀਨਿਧਤਾ ਦਿੱਤੇ ਜਾਣ ਦੀ ਡੂੰਘੀ ਸਾਜ਼ਿਸ਼ ਨੂੰ ਪਹਿਚਾਣਦਿਆਂ, ਸਤਿਗੁਰੂ ਪਰਤਾਪ ਸਿੰਘ ਨੇ ਮੁਸਲਿਮ ਬਹੁਲ ਪੰਜਾਬ ਵਿਚ ਹਿੰਦੂ-ਸਿੱਖ ਏਕਤਾ ਨੂੰ, ਸਮੇਂ ਦੀ ਲੋੜ ਸਮਝਦਿਆਂ, ੧੯੩੪ ਵਿਚ "ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ" ਦਾ ਸ੍ਰੀ ਭੈਣੀ ਸਾਹਿਬ ਵਿਚ ਸਫਲ ਆਯੋਜਨ ਕਰਕੇ ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਵਿਰੁੱਧ, ਆਪਣੀ ਸੰਪ੍ਰਦਾਇਕ ਸਦਭਾਵਨਾ ਦੀ ਨੀਤੀ ਦਾ ਝੰਡਾ ਬੁਲੰਦ ਕੀਤਾ। ਉਹਨਾਂ ਨੇ 'ਹਿੰਦੂ-ਸਿੱਖ-ਮੁਸਲਿਮ ਮਿਲਾਪ ਸੰਮੇਲਨ' ਵੀ ਕੀਤੇ। ਪੰਜਾਬੀ ਹਿੰਦੀ ਦੇ ਨਾਮਵਰ ਲੇਖਕਾਂ ਨਾਲ ਉਹਨਾਂ ਦੇ ਬੜੇ ਜੀਵੰਤ ਸਬੰਧ ਸਨ। ਇਸੇ ਕਾਰਨ ਉੱਚ ਕੋਟੀ ਦੇ ਪੰਜਾਬੀ ਲੇਖਕ ਸਤਿਜੁਗ ਦੇ 'ਬਸੰਤ ਅੰਕਾਂ' ਵਿਚ ਛਪਦੇ ਰਹੇ।

ਲੇਖਕ ਨੇ ਨਾਮਧਾਰੀ ਸਿੰਘਾਂ ਦੇ ਮੁਖੀਆਂ ਅਤੇ ਸੰਗਠਨ ਦੇ ਸਬੰਧ ਵਿਚ ਵੀ ਬਹੁਤ ਡੂੰਘੀ ਖੋਜ ਕੀਤੀ ਹੈ। ਪੰਥ ਦੀ ਗਿਣਤੀ ਬਾਰੇ ਲਿਖਦਿਆਂ ਉਹ ਦੱਸਦੇ ਹਨ ਕਿ ੧੮੬੭ ਦੀ ਅੰਮ੍ਰਿਤਸਰ ਦੀ ਦੀਵਾਲੀ ਸਮੇਂ, ਦਸ ਤੋਂ ਵੀਹ ਹਜ਼ਾਰ ਦੀ ਗਿਣਤੀ ਤੱਕ ਨਾਮਧਾਰੀਆਂ ਦੇ, ਸਤਿਗੁਰੂ ਰਾਮ ਸਿੰਘ ਦੀ ਅਗਵਾਈ ਵਿਚ ਜੁੜਨ ਦੇ ਅਗਾਊਂ ਅੰਦਾਜ਼ੇ ਸਰਕਾਰ ਲਾ ਰਹੀ ਸੀ। ਇੱਥੋਂ ਕੂਕਿਆਂ ਦੇ ਵਿਸਤਰਿਤ ਸਮਾਜਿਕ ਅਧਾਰ ਦੀ ਸੂਹ ਮਿਲਦੀ ਸੀ। ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਦੇ ਸਕੱਤਰ ਅਨੁਸਾਰ, ਉਸ ਸਮੇਂ ਕੂਕਿਆਂ ਦੀ ਗਿਣਤੀ ਤਿੰਨ ਲੱਖ ਸੀ। ਨਾਮਧਾਰੀ ਵਿੱਦਵਾਨ ਇਸ ਗਿਣਤੀ ਨੂੰ ੧੦ ਲੱਖ ਤਕ ਦੱਸਦੇ ਹਨ। ਲੇਖਕ ਮੁਤਾਬਿਕ ਸਰਕਾਰੀ ਤੇ ਕੂਕਿਆਂ ਦੇ ਅੰਦਾਜ਼ਿਆਂ ਵਿਚ ਕੁਝ ਅੰਤਰ ਹੋ ਸੱਕਦਾ ਹੈ ਪਰ ਬਿਲਾ ਸ਼ੱਕ ਪੰਜਾਬ ਦੇ ਮਾਲਵਾ, ਦੋਆਬਾ ਤੇ ਮਾਝਾ ਖੇਤਰਾਂ ਵਿਚ ਫੈਲ ਚੁਕੀ ਇਹ ਇਕ ਲੋਕ ਲਹਿਰ ਸੀ। ਗੁਲਾਮ ਭੀਖ ਜਲੰਧਰੀ ਜਿਹੇ ਸਮਕਾਲੀ ਲੇਖਕਾਂ ਦੁਆਰਾ ਲੱਖਾਂ ਦੀ ਗਿਣਤੀ ਵਾਲੀ ਇਸ ਸਿੱਖ ਸੰਪ੍ਰਦਾਇ ਨੂੰ ਲੇਖਕ ੧੮੯੧ ਅਤੇ ੧੯੦੧ ਦੀ ਮਰਦਮ ਸ਼ੁਮਾਰੀ ਦੇ ਅੰਕੜਿਆਂ ਦੁਆਰਾ ਕੁਝ ਹਜ਼ਾਰਾਂ ਤੱਕ ਸੀਮਤ ਕਰ ਕੇ, ਘਟਦੀ ਗਿਣਤੀ ਲਈ ਸਰਕਾਰੀ ਦਮਨ ਅਤੇ ਕੂਕਿਆਂ ਦੇ ਮੁਕਾਬਲੇ ਵਿਚ ਸਰਕਾਰ ਭਗਤ ਸਭਾਵਾਂ, ਦੀਵਾਨ ਆਦਿ ਖੜੇ ਹੋਣੇ ਦੱਸਦਾ ਹੈ। ਦਰਅਸਲ ਕੋਈ ਵੀ ਲੋਕ ਲਹਿਰ ਦਰਿਆ ਦੇ ਪਾਣੀ ਜਿਉਂ, ਚੜ੍ਹਾਈ ਦੇ ਸਮੇਂ ਤਾਂ ਬੀਸੀਆਂ ਮੀਲ ਇਲਾਕਾ ਘੇਰ ਲੈਂਦੀ ਹੈ ਅਤੇ ਉਤਰਾਈ ਦੇ ਸਮੇਂ ਉਸਦਾ ਪਾਣੀ ਕੁਝ ਏਕੜਾ ਵਿਚ ਹੀ ਸੀਮਿਤ ਹੋ ਜਾਂਦਾ ਹੈ। ਸੋ ਜਿੱਥੇ ਵੀ ਜਿਸ ਸਮੇਂ ਅੰਦੋਲਨ ਜੀਵਤ ਹੁੰਦਾ ਹੈ ਲੋਕਾਈ ਦਾ ਮੁਹਾਣ ਆਪ ਮੁਹਾਰੇ ਉਧਰ ਹੋ ਜਾਂਦਾ ਹੈ। ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਜਾਂ ੧੮੫੭ ਤੋਂ ੧੯੦੭ ਈ. ਤੱਕ ਕੌਮੀ ਅੰਦੋਲਨ ਪੰਜਾਬ ਵਿਚ ਸਤਿਗੁਰੂ ਰਾਮ ਸਿੰਘ ਗੁਰੂ ਹਰੀ ਸਿੰਘ ਅਤੇ ਉਹਨਾਂ ਦੇ ਅਨੁਆਈਆਂ ਦੇ ਗਿਰਦ ਚੱਲਿਆ। ਬਾਅਦ ਵਿਚ ਇਹੋ-ਅੰਦੋਲਨ ਗ਼ਦਰ, ਅਕਾਲੀ, ਕਾਂਗਰਸ, ਕਿਰਤੀ ਕਿਸਾਨ ਅਤੇ ਕਮਿਊਨਿਸਟ ਲਹਿਰਾਂ ਦੇ ਇਰਦ ਗਿਰਦ ਸਮੇਂ ਸਮੇਂ ਚੱਲਦਾ ਰਿਹਾ। ਕਿਉਂਕਿ ਸਿੱਖ ਕਿਸਾਨੀ ਜੋ ਕੂਕਿਆਂ ਦਾ ਆਧਾਰ ਸੀ, ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ, ਉਹ ਅਕਾਲੀਆਂ ਦਾ ਆਧਾਰ ਬਣ ਗਈ। ਜੱਟਾਂ, ਤਰਖਾਣਾਂ, ਲੋਹਾਰਾਂ, ਚਮਿਆਰਾਂ ਅਤੇ ਮਜ਼੍ਹਬੀਆਂ ਨੂੰ ਗੁਰੂ ਰਾਮ ਸਿੰਘ ਦੇ ਮਿਸ਼ਨ ਵਿਚ ਕਿਸੇ ਸਮੇਂ ਆਪਣਾ ਉੱਜਲ ਭਵਿੱਖ ਨਜ਼ਰ ਆਇਆ। ਗੁਰੂ ਬਾਲਕ ਸਿੰਘ ਜੀ, ਨਾਮਧਾਰੀ ਸੰਪ੍ਰਦਾਇ ਦੇ ਪੂਰਬਲੇ ਸੰਸਥਾਪਕ ਕਿਉਂ ਜੁ ਅਰੋੜਾ ਜਾਤੀ ਨਾਲ ਸਬੰਧਿਤ ਸਨ, ਪੱਛਮੀ ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿਚ ਅਰੋੜੇ ਖੱਤਰੀ, ਸੁਨਿਆਰ ਆਦਿ ਜਾਤੀਆਂ ਵੀ ਕੂਕਿਆਂ ਵਿਚ ਮਿਲਦੀਆਂ ਹਨ। ਭਾਵੇਂ ਸਤਿਗੁਰੂ ਰਾਮ ਸਿੰਘ ਜੀ ਅਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਹੋਰਾਂ ਨੇ ਅੰਤਰ ਜਾਤੀ ਅਨੰਦ ਵਿਆਹ ਕਰਕੇ, ਜਾਤ ਪਾਤ ਖ਼ਤਮ ਕਰਨ ਲਈ ਲਗਾਤਾਰ ਯਤਨ ਕੀਤੇ ਹਨ ਪ੍ਰੰਤੂ ਜਾਤੀ ਵਖਰੇਵੇਂ ਹਾਲੇ ਵੀ ਅਸਰ ਅੰਦਾਜ਼ ਹਨ।

੧੮੬੭ ਅਤੇ ੧੮੮੧ ਦੇ ਸਰਕਾਰੀ ਰੀਕਾਰਡ ਵਿਚ ਦਰਜ ਉੱਘੇ ਕੂਕਿਆਂ, ਮੁਖੀਆਂ, ਸੂਬਿਆਂ ਅਤੇ ਭਿੰਨ ਭਿੰਨ ਪਿੰਡਾਂ ਦਾ, ਜਿੱਥੇ ਕੂਕੇ ਰਹਿੰਦੇ ਸਨ, ਵੇਰਵਾ ਦੇ ਕੇ ਲੇਖਕ ਨੇ, ਲੋਕ ਲਹਿਰ ਵਾਲੀ ਧਾਰਨਾ ਵਧੇਰੇ ਸਪੱਸ਼ਟ ਕੀਤੀ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੇ ਪਰਚਾਰ ਦੌਰਿਆਂ ਦੇ ਫਲਸਰੂਪ, ਪੱਛਮੀ, ਕੇਂਦਰੀ ਪੰਜਾਬ ਦੇ ਦੂਰ ਦਰਾਜ਼ ਖਿੱਤਿਆਂ, ਸਿਆਮ, ਅਫਰੀਕਾ ਆਦਿ ਦੇ ਦੌਰਿਆਂ ਕਾਰਨ ਇਹਨਾਂ ਦੇਸਾਂ ਵਿਚ ਨਾਮਧਾਰੀਆਂ ਦੇ ਨਵੇਂ ਪ੍ਰਭਾਵ ਖੇਤਰ ਵਿਕਸਿਤ ਹੋਣੇ ਵੀ ਚਿਤਰਿਤ ਕੀਤੇ ਗਏ ਹਨ। ਲੇਖਕ ਦੱਸਦਾ ਹੈ ਕਿ ਸਤਿਗੁਰੂ ਪਰਤਾਪ ਸਿੰਘ ਨਾਮਧਾਰੀਆਂ ਦੇ ਪਹਿਲੇ ਕੇਂਦਰ, ਹਜ਼ਰੋ ਸਾਹਿਬ ਨੂੰ ਵੀ ਵਿਕਸਿਤ ਕਰਨਾ ਚਾਹੁੰਦੇ ਸਨ ਪ੍ਰੰਤੂ ਦੇਸ਼ ਵਿਚ ਉਭਰਦੇ ਸੰਪ੍ਰਦਾਇਕ ਤਨਾਵ ਅਤੇ ਇਸ ਦੇ ਫਲਸਰੂਪ ਬਟਵਾਰੇ ਕਾਰਨ, ਇਹ ਸੰਭਵ ਨਾ ਹੋ ਸਕਿਆ। ਵੰਡ ਤੋਂ ਬਾਅਦ ਪੱਛਮੀ ਪੰਜਾਬ ਤੋਂ ਉੱਜੜ ਕੇ ਆਉਣ ਵਾਲੇ ਕਿਸਾਨ ਨਾਮਧਾਰੀਆਂ ਦੇ ਤਦੋਂਕੇ ਜ਼ਿਲ੍ਹਾ ਹਿਸਾਰ ਦੇ ਇਲਾਕਾ ਸ੍ਰੀ ਜੀਵਨ ਨਗਰ ਵਿਚ ਅਤੇ ਸ਼ਹਿਰੀ ਖੇਤਰਾਂ ਦੇ ਕੂਕਿਆਂ ਲਈ ਮੰਡੀ (ਹਿਮਾਚਲ ਪ੍ਰਦੇਸ਼) ਵਿਚ ਵਸੇਬੇ ਲਈ ਸਤਿਗੁਰੂ ਪਰਤਾਪ ਸਿੰਘ ਨੇ ਮਿਸਾਲੀ ਕਾਰਜ ਕੀਤੇ। ਇਸੇ ਤਰ੍ਹਾਂ ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਗੁਰੂ ਹਰੀ ਸਿੰਘ, ਸਤਿਗੁਰੂ ਪਰਤਾਪ ਸਿੰਘ ਅਤੇ ਵਰਤਮਾਨ ਸਤਿਗੁਰੂ ਜੀ ਦੁਆਰਾ ਉਸਾਰੀ ਅਤੇ ਨਵ ਨਿਰਮਾਣ ਨੂੰ ਵੀ ਅਧਿਆਨ


Namdhari Elibrary NamdhariElibrary@gmail.com

ਦਾ ਵਿਸ਼ਾ ਬਣਾ ਕੇ ਕੂਕਾ ਸੰਗਠਨ ਵਿਚ ਨਾਮਧਾਰੀ ਧਰਮਸ਼ਾਲਾਵਾਂ, ਸਥਾਨਕ ਆਗੂਆਂ, ਪਰਧਾਨ, ਸੂਬਿਆਂ ਅਤੇ ਸੰਤਾਂ, ਮਹੰਤਾਂ, ਪਰਚਾਰਕਾਂ, ਜਥੇਦਾਰਾਂ, ਸਤਿਜੁਗ, ਵਰਿਆਮ ਆਦਿ ਨਾਮਧਾਰੀ ਪਰਚਿਆਂ ਅਤੇ ਇਹਨਾਂ ਦੇ ਵੱਡੇ ਨਾਮਣੇ ਵਾਲੇ ਸੰਪਾਦਕਾਂ ਅਤੇ ਪੁਰਾਤਨ ਤੋਂ ਲੈ ਕੇ ਵਰਤਮਾਨ ਨਾਮਧਾਰੀ ਵਿਦਵਾਨਾਂ, ਹਜ਼ੂਰੀ ਸੇਵਕਾਂ, ਡੇਰਾ ਸ੍ਰੀ ਭੈਣੀ ਸਾਹਿਬ ਦੀ ਪਰਬੰਧਕ ਟੀਮ ਦਾ ਜ਼ਿਕਰ ਕਰ ਕੇ, ਲੇਖਕ ਨੇ ਇਸ ਛੋਟੀ ਪੁਸਤਕ ਦੁਆਰਾ ਗਾਗਰ ਵਿਚ ਸਾਗਰ ਬੰਦ ਕਰਨ ਦਾ ਵੱਡਾ ਹੰਭਲਾ ਮਾਰਿਆ ਹੈ। ਬੁਨਿਆਦੀ ਨਾਮਧਾਰੀ ਮੱਤ ਦੀਆਂ ਕੁਝ ਕੁ ਪਰਸਥਾਪਨਾਵਾਂ ਦਾ ਹੂ ਬ ਹੂ ਚਿਤਰਣ, ਲੇਖਕ ਵੀ ਅਜੋਕੇ ਵਿਗਿਆਨਿਕ ਯੁੱਗ ਦਾ ਇਤਿਹਾਸਕਾਰ ਹੋਣ ਅਤੇ ਉਸਦੀ ਅਕਾਦਮਿਕਤਾ ਨਾਲ ਸਮਝੌਤਾ ਨਾ ਕਰਨ ਦੀ ਰੁਚੀ ਕਾਰਨ, ਸੰਭਵ ਨਹੀਂ ਸੀ ਪ੍ਰੰਤੂ ਫਿਰ ਵੀ ਘੋਖ ਪਰਖ ਦੇ ਨਵੇਂ ਜ਼ਾਵੀਏ ਵਿਕਸਿਤ ਕਰਨ ਵਾਲੀ, ਨਾਮਧਾਰੀ ਸਿੱਖਾਂ ਦੇ ਸੰਖੇਪ ਇਤਿਹਾਸ ਦੇ ਸਬੰਧ ਵਿਚ ਅਤਿਅੰਤ ਮਹੱਤਵਪੂਰਨ ਅਤੇ ਮੁੱਲਵਾਨ ਰਚਨਾ ਹੈ।

*ਕਰੀਵਾਲਾ (ਸਿਰਸਾ)*
*ਮੋ-੦੧੬੯੮-੨੨੪੫੬੨*

## ਆਖਰੀ ਸਫਰ ਮਾ. ਅਜੀਤ ਸਿੰਘ ਸਨਖਤ੍ਰਵੀ

ਨਾਮਧਾਰੀ ਪੰਥ ਦੇ ਮਹਾਨ ਲੇਖਕ ਅਤੇ ਨਿਸ਼ਕਾਮ ਸੇਵਕ ਸੰਤ ਆਤਮਾ ਸਿੰਘ ਸਨਖਤ੍ਰਾ ਜੀ ਦੇ ਲਖਤੇ ਜਿਗਰ ਅਤੇ ਲਿਖਣ ਕਲਾ ਦੇ ਵਾਰਿਸ ਮਾ. ਅਜੀਤ ਸਿੰਘ ਸਨਖਤ੍ਰਾ ਜੋ ਪਿਛਲੇ ਦਿਨੀਂ ਆਪਣੀ ਸੁਾਸਾਂ ਦੀ ਮਿਲੀ ਪ੍ਰੂੰਜੀ ਨੂੰ ਖਤਮ ਕਰਦੇ ਹੋਏ ਇਸ ਮਾਤ ਲੋਕ ਤੋਂ ਮਿਤੀ ੨੫-੧੦-੧੧ ਰਾਤ ਨੂੰ ਤਕਰੀਬਨ ੧੧ ਵਜੇ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਸਮੁੱਚਾ ਜੀਵਨ ਵਿਦਿਆ ਪ੍ਰਾਪਤੀ ਤੋਂ ਲੈ ਕੇ ਇਕ ਹੋਣਹਾਰ ਅਧਿਆਪਕ ਦੀ ਸੇਵਾ ਨਿਭਾਉਂਦਿਆਂ ਹੋਇਆ ਵੀ ਸਤਿਗੁਰੂ ਜੀ ਨੂੰ ਸਮਰਪਿਤ ਰਿਹਾ। ਕਦੇ ਵੀ ਆਪਣੀ ਵਿਦਿਆ ਆਪਣੇ ਅਹੁਦੇ ਦਾ ਹੰਕਾਰ ਨਾ ਕਰਦੇ ਹੋਏ ਨਿਮਰਤਾ ਸਹਿਤ ਆਪਣੇ ਜੀਵਨ ਨੂੰ ਜੀਵਿਆ।

ਮਿਤੀ ੨੬-੧੦-੧੧ ਨੂੰ ਸਰੀਰ ਤਿਆਗ ਅਤੇ ਦੀਵਾਲੀ ਵਾਲੇ ਦਿਨ ਉਹਨਾਂ ਦਾ ਅੰਤਿਮ ਸਸਕਾਰ ਕੀਤਾ ਗਿਆ। ਸਤਿਗੁਰੂ ਜੀ ਦੇ ਭਾਣੇ ਨੂੰ ਮੰਨਦਿਆਂ ਉਹਨਾਂ ਦਾ ਸਸਕਾਰ ਮਰਿਯਾਦਾ ਅਨੁਸਾਰ ਸ੍ਰੀ ਭੈਣੀ ਸਾਹਿਬ ਤੋਂ ਆਏ ਜ. ਗੁਰਦੀਪ ਸਿੰਘ ਅਤੇ ਬਹੁਤ ਹੀ ਪਰਿਵਾਰਕ ਨੇੜਤਾ ਰਖਦੇ ਜ. ਗੁਰਬਚਨ ਸਿੰਘ ਜੀ ਨੇ ਕਰਵਾਇਆ।

ਅੰਤਿਮ ਅਰਦਾਸ ਅਤੇ ਭੋਗ ਵਾਸਤੇ ੪-੧੧-੧੧ ਮਿਤੀ ਨੀਯਤ ਕੀਤੀ ਗਈ। ਭੋਗ ਦਾ ਸਮਾਗਮ ਬਾਹਰ ਖੁਲ੍ਹੇ ਪੰਡਾਲ ਵਿਚ ਕੀਤਾ ਗਿਆ ਜਿਸ ਵਿਚ ਨਾਮਧਾਰੀ ਜਥਿਆਂ ਨੇ ਮੁੱਖ ਰੂਪ ਵਿਚ ਸ਼ਿਰਕਤ ਕੀਤੀ। ਸਭ ਤੋਂ ਪਹਿਲਾਂ ਸੰਤ ਨਗਰ ਤੋਂ ਆਏ ਜਥੇਦਾਰ ਜੀ ਨੇ ਦੀਵਾਨ ਅਰੰਭ ਕੀਤਾ। ਉਪਰੰਤ ਜ. ਗੁਰਬਚਨ ਸਿੰਘ ਜੀ ਨੇ ਆਪਣੇ ਤਰੀਕੇ ਅਨੁਸਾਰ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਵਾਸਤੇ ਗੁਰਬਾਣੀ ਅਨੁਸਾਰ ਪ੍ਰਮਾਣ ਦਿੱਤੇ। ਉਹਨਾਂ ਪਰਿਵਾਰਕ ਪਿਛੋਕੜ ਦੱਸਿਆ ਕਿ ਮਹੰਤ ਬੇਲਾ ਸਿੰਘ, ਮਹੰਤ ਆਤਮਾ ਸਿੰਘ ਕਿਵੇਂ ਮਹੰਤ ਅਖਵਾਏ ਅਤੇ ਉਹਨਾਂ ਦਾ ਜੀਵਨ ਕਿੰਨਾ ਉਚਾ ਅਤੇ ਗੁਰੂ ਘਰ ਨੂੰ ਸਮਰਪਿਤ ਸੀ। ਇਸੇ ਤਰਾਂ ਉਹਨਾਂ ਦੇ ਪੁੱਤਰ-ਪੋਤਰੇ ਮਾ. ਅਜੀਤ ਸਿੰਘ ਜੀ ਵੀ ਉਸੇ ਤਰਾਂ ਦੇ ਹੀ ਜੀਵਨ ਦੇ ਮਾਲਕ ਸਨ। ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਤੌਰ ਤੇ ਪਹੁੰਚੇ ਜ. ਗੁਰਦੀਪ ਸਿੰਘ ਜੀ ਨੇ ਦੀਵਾਨ ਸਜਾਇਆ। ਉਹਨਾਂ ਨੇ ਸ਼ਬਦ 'ਸਜਨ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ' ਦੀ ਟੇਕ ਲਈ ਅਤੇ ਪ੍ਰਮਾਣ ਦਿੱਤੇ। ਇਸੇ ਦੀਵਾਨ ਸਮੇਂ ਪਰਿਵਾਰ ਨੂੰ ਧਿਰ ਬੰਧਾਉਣ ਲਈ ਪੂਜਨੀਕ ਸ੍ਰੀ ਮਾਤਾ ਚੰਦ ਕੌਰ ਜੀ (ਸ੍ਰੀ ਮਹਿਲ ਸਤਿਗੁਰੂ ਜਗਜੀਤ ਸਿੰਘ ਜੀ) ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਤੌਰ ਤੇ ਪਹੁੰਚੇ। ਉਹਨਾਂ ਦੀ ਆਮਦ ਪਰਿਵਾਰ ਨੂੰ ਧਿਰ ਬੰਧਾਉਣ ਵਿਚ ਸਹਾਈ ਹੋਈ।

ਦੀਵਾਨਾਂ ਦੀ ਸਮਾਪਤੀ ਤੋਂ ਬਾਅਦ ਉਹਨਾਂ ਨਮਿਤ ਹੋਏ ਸਹਿਜ ਪਾਠ ਭੋਗ ਪਾਇਆ ਗਿਆ ਉਪਰੰਤ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਜੀ ਨੇ ਕੀਤੀ।

ਸ਼ਰਧਾਂਜਲੀ ਮੁਖ ਰੂਪ ਵਿਚ ਇਲਾਕੇ ਦੇ ਐਮ. ਐਲ. ਏ. ਸ. ਸੰਗਤ ਸਿੰਘ ਗਿਲਜੀਆਂ ਸੂਬਾ ਬਲਵਿੰਦਰ ਸਿੰਘ ਝੱਲ, ਗੁਰਮੰਤਰ ਸਿੰਘ ਰਾਣੀ ਪਿੰਡ ਮਾ. ਜਸਪਾਲ ਸਿੰਘ ਅਤੇ ਪਰਿਵਾਰ ਵਲੋਂ ਗੁਰਮੁਖ ਸਿੰਘ ਅਹੀਆਪੁਰ ਨੇ ਹਾਜ਼ਰੀ ਲੁਆਈ।

ਇਸ ਮੌਕੇ ਵਿਸ਼ੇਸ਼ ਤੌਰ ਤੇ ਸ੍ਰੀ ਭੈਣੀ ਸਾਹਿਬ ਤੋਂ ਮਾ. ਦਰਸ਼ਨ ਸਿੰਘ, ਸੂਬਾ ਬਲਵਿੰਦਰ ਸਿੰਘ ਝੱਲ, ਸੂਬਾ ਰਤਨ ਸਿੰਘ, ਸੂਬਾ ਬਲਕਾਰ ਸਿੰਘ ਸੰਤ ਨਗਰ, ਸੂਬਾ ਸੁਖਵਿੰਦਰ ਸਿੰਘ ਲਿਟਾਂ, ਸੂਬਾ ਗੁਲਜਾਰ ਸਿੰਘ ਮਹਿਮੂਦ, ਮਹਿੰਦਰ ਸਿੰਘ ਕੂਕਾ, ਪੁਰ ਨੇ ਸ਼ਿਰਕਤ ਕੀਤੀ।

*—ਗੁਰਸ਼ਰਨ ਸਿੰਘ ਸਨਖਤ੍ਰਵੀ*
*ਮੋ-98154-29252*



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਪਹਿਲੀ ਦਸੰਬਰ ਦੀ ਸਾਰੀ ਰਾਤ 'ਵਰਿਆਮ' ਦੇ ਅੰਗ ਸੰਗ ਬੀਤੀ। ਆਨੰਦਿਤ ਹੋਇਆ, ਗਿਆਨ ਵਰਿਧੀ ਵੀ ਹੋਈ ਤੇ ਮਿੱਤਰ ਪਿਆਰਿਆਂ ਦਾ ਕਲਮੀ ਸਾਥ ਵੀ ਮਾਣਿਆ। ਅਗਲੀ ਸਵੇਰੇ ਉਸ ਆਨੰਦੀ ਗਿਆਨ ਨੂੰ ਕਲਮੀ ਰੂਪ ਵੀ ਦਿੱਤਾ ਤੇ ਦੋ ਨਵੀਆਂ ਰਚਨਾਵਾਂ ਪਾ ਕੇ ਇਕ ਚੈੱਕ ਸਹਿਤ ਲਿਫ਼ਾਫ਼ੇ ਵਿਚ ਪਾਇਆ। ਤਬੀਅਤ ਨੂੰ ਐਸਾ ਝਟਕਾ ਲੱਗਾ ਕਿ ਦਮੇ ਨੇ ਆਣ ਘੇਰਿਆ। ਅੱਜ ਰਾਤ ਚੰਗੀ ਲੰਘੀ ਹੈ ਕੁਝ ਸੁਰਤ ਆਈ ਹੈ, ਪਰ ਸਵੇਰ ਦਾ ਉਹ ਲਿਫ਼ਾਫ਼ਾ ਲੱਭੀ ਜਾ ਰਿਹਾ ਹਾਂ ਜੋ ਪਤਾ ਨਹੀਂ ਲੁਕਣ-ਮੀਟੀ ਖੇਡਦਾ ਕਿਧਰੇ ਅਲੋਪ ਹੋ ਗਿਆ ਹੈ। ਲੱਭ ਪੈਣ 'ਤੇ ਉਹ ਵੀ ਆਪ ਜੀ ਪਾਸ ਹਾਜ਼ਿਰ ਕਰ ਦੇਵਾਂਗਾ।

ਅੱਜ ਤੜਕੇ ਦੀਆਂ ਦੋ ਰਚਨਾਵਾਂ ਘੱਲਣ ਦੀ ਖੁਸ਼ੀ ਲੈ ਰਿਹਾ ਹਾਂ। ਪਰ ਉਸ ਲੰਬੇ ਰਿਵਿਊ ਦੀ ਗੁੰਮਸ਼ੁਦਗੀ ਤੋਂ ਉਪਰਾਮ ਹਾਂ। ਖੈਰ ਕਦੇ ਨਾ ਕਦੇ ਤਾਂ ਲੱਭੇਗਾ ਹੀ।

*—ਕਰਤਾਰ ਸਿੰਘ ਕਾਲੜਾ*

'ਵਰਿਆਮ' ੩੭ਵੇਂ ਸਾਲ ਵਿਚ ਦਾਖਲ ਹੋ ਗਿਆ ਹੈ। ਬਹੁਤ ਬਹੁਤ ਮੁਬਾਰਕ। ਨਵੰਬਰ ਮਹੀਨਾ ਇਸ ਪੱਖੋਂ ਬਹੁਤ ਮਹੱਤਵਪੂਰਨ ਹੈ। ਇਸ ਮਹੀਨੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਆਉਂਦਾ ਹੈ ਅਤੇ 'ਵਰਿਆਮ' ਦਾ ਜਨਮ ਦਿਹਾੜਾ ਵੀ।

ਵਰਿਆਮ ਦਾ ਨਿਰਵਿਘਨ ਆਪਣੀ ਮੰਜ਼ਿਲ ਵੱਲ ਤੁਰੇ ਜਾਣਾ ਤੁਹਾਡੀ ਹਿੰਮਤ ਅਤੇ ਸਿਦਕ ਦੀ ਘਾਲਣਾ ਹੈ। ਤੁਹਾਡੀ ਇਸ ਘਾਲਣਾ ਨੂੰ ਸਲਾਮ।

'ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ' ਦੇ ਐਵਾਰਡ ਲਈ ਤੁਹਾਡਾ ਚੁਣੇ ਜਾਣਾ ਸ਼ਲਾਘਾਯੋਗ ਕਦਮ ਹੈ। ਬਹੁਤ ਬਹੁਤ ਮੁਬਾਰਕ। ਪਿਛਲੇ ਹੀ ਦਿਨੀਂ ਜਦੋਂ ਪਤਾ ਲੱਗਾ ਕਿ ਤੁਹਾਡੇ ਤੇ ਅਧਰੰਗ ਦਾ ਹਮਲਾ ਹੋਇਆ, ਤਾਂ ਦਿਲ ਨੂੰ ਬਹੁਤ ਦੁੱਖ ਹੋਇਆ ਕਿ ਪ੍ਰਮਾਤਮਾ ਸਾਹਿਤਕ ਰੁਝੇਵਿਆਂ ਵਿਚ ਰੁੱਝੇ ਵਿਅਕਤੀ ਨੂੰ ਵੀ ਕੇਹੀਆਂ ਮੁਸ਼ਕਲਾਂ ਵਿਚ ਪਾ ਦਿੰਦਾ ਹੈ। ਪ੍ਰਮਾਤਮਾ ਅੱਗੇ ਹੀ ਬੇਨਤੀ ਹੈ ਕਿ ਉਹ ਤੁਹਾਨੂੰ ਜਲਦੀ ਤੰਦਰੁਸਤੀ ਦੇਵੇ।

ਵਰਿਆਮ ਦਾ ਸਾਰਾ ਹੀ ਮੈਟਰ ਵਧੀਆ ਹੁੰਦਾ ਹੈ। ਜਿਸ ਵਿਚ ਸੁਵਰਨ ਸਿੰਘ ਵਿਰਕ ਜੀ ਦੇ ਲੇਖ ਇਤਿਹਾਸ ਦੀਆਂ ਤਹਿਆਂ ਫਰੋਲ ਕੇ ਜਾਣਕਾਰੀ ਦਿੰਦੇ ਹਨ। ਨਵੰਬਰ ਅੰਕ ਵਿਚ ਬਲਦੇਵ ਮਾਧੋਪੁਰੀ ਦਾ ਲੇਖ 'ਵਰਿਆਮ' ਬਾਰੇ ਸ਼ੁਰੂ ਤੋਂ ਅੱਜ ਤੱਕ ਦੀ ਸਾਰੀ ਸੰਘਰਸ਼ਮਈ ਵਾਰਤਾ ਬਿਆਨ ਕਰਦਾ ਹੈ। ਬਾਕੀ ਸਮੱਗਰੀ ਵੀ ਪੜ੍ਹਨ ਤੇ ਵਿਚਾਰਨਯੋਗ ਹੈ।

ਬਹੁਤ ਸਾਰੀਆਂ ਸ਼ੁਭ ਇੱਛਾਵਾਂ ਅਤੇ ਢੇਰ ਸਾਰੇ ਪਿਆਰ ਨਾਲ।

*—ਭੁਪਿੰਦਰ ਉਸਤਾਦ*

ਦਸੰਬਰ ਦਾ ਵਰਿਆਮ ਅੰਕ ਮਿਲਿਆ-ਕੁਝ ਕਮਜ਼ੋਰ ਜਿਹਾ ਜਾਪਿਆ। ਜਦੋਂ ਵਰਿਆਮ ਅਦਾਰੇ ਦੀ ਮਜਬੂਰੀ ਪੜ੍ਹੀ ਤਾਂ ਪਤਾ ਲੱਗਾ ਕਿ ਵੀਰੇ ਵਰਿਆਮ ਦੀ ਸਿਹਤ ਢਿਲੀ ਹੋਣ ਕਰਕੇ। ਮੈਂ ਤਾਂ ਸੋਚ ਰਹੀ ਸਾਂ ਇਸ ਵਾਰੀ ਵਰਿਆਮ ਵਧਾਈ ਪੱਤਰਾਂ ਨਾਲ ਭਰਿਆ ਹੋਵੇਗਾ ਪਰ ਲੱਗਦਾ ਏ, ਤੁਸੀਂ ਚਿੱਠੀਆਂ ਲਿਖਣੀਆਂ ਭੁਲ ਗਏ, ਜਦੋਂ ਦਾ ਟੈਲੀਫੂਨ ਲੱਗਿਆ ਵਾਲੀ ਗੱਲ ਬਣ ਗਈ ਏ, ਸਭ ਮਿੱਤਰ ਪਿਆਰਿਆਂ ਨੇ ਫੋਨਾਂ ਤੇ ਈ ਵਧਾਈਆਂ ਦੇ ਦਿੱਤੀਆਂ ਹੋਣਗੀਆਂ। ਹੁਣ ਜ਼ਮਾਨਾ ਈ ਬਦਲ ਗਿਆ ਏ ਅਗੇ ਚਿੱਠੀਆਂ ਦਾ ਜ਼ਮਾਨਾ ਸੀ, ਹੁਣ ਈ ਮੇਲ ਤੇ ਮੋਬਾਇਲ-ਮੈਸੇਜ਼ ਤੇ ਪਤਾ ਨਹੀਂ ਕੀ-ਕੀ... ਪਰ ਚਲੋ ਹੁਣ ਇਹ ਦਸੋ ਕਿ ਵੀਰੇ ਵਰਿਆਮ ਨੂੰ ਕੀ ਹੋਇਆ ਤੇ ਹੁਣ ਸਿਹਤ ਕਿਦਾਂ ਏ, ਸਤਿਗੁਰ ਤੁਹਾਨੂੰ ਸਿਹਤਯਾਬੀ ਬਖਸ਼ਣ, ਤੁਸੀਂ ਸੇਵਾ ਕਰਦੇ ਜਾਓ। ਜਾਣਕਾਰੀ ਭਰਪੂਰ ਲੇਖ ਤੇ ਹੋਰ ਜੋ ਵੀ ਰਚਨਾ ਛਪੀਆਂ ਨੇ ਸਭ ਚੰਗੀਆਂ ਨੇ। ਸਾਡੇ ਵੀਰੇ ਵਿਰਕ ਦੀਆਂ ਨਹੀਂ ਰੀਸਾਂ, ਬਹੁਤ ਮਿਹਨਤ ਕਰਕੇ-ਖੋਜ ਕਰਕੇ ਹਰ ਵਾਰੀ ਨਵੀਂ ਜਾਣਕਾਰੀ ਭਰਪੂਰ ਲਿਖਤ ਪੜ੍ਹਨ ਨੂੰ ਮਿਲਦੀ ਏ। ਮੁਹਾਰਾਂ ਵਾਲੇ ਬੇਮੁਹਾਰੇ ਨਹੀਂ, ਬਹੁਤ ਵਧੀਆ ਰਿਹਾ ਤੁਸੀਂ ਧੰਨਵਾਦ ਦੇ ਪਾਤਰ ਹੋ। ਅੰਮ੍ਰਿਤਾ ਪ੍ਰੀਤਮ ਬਾਰੇ ਜਾਣਕਾਰੀ ਦੇ ਕੇ ਚੰਗਾ ਕੀਤਾ।

ਭੁੱਲਰ ਜੀ ਦਾ ਲੇਖ ਵੀ ਬਹੁਤ ਵਧੀਆ ਸੀ, ਬੈਂਤ, ਦੋਹੇ-ਚੋਬਰਗੇ-ਗ਼ਜ਼ਲਾਂ-ਨਜ਼ਮਾਂ-ਕਵਿਤਾਵਾਂ ਸਭ ਨੂੰ ਵਧੀਆ ਲਿਖਣਾ ਆਉਂਦਾ ਏ। ਬਿਬੇਕ ਤੇ ਅਬਬੇਕ ਕੁਝ ਵੱਡੀਆਂ ਕਵਿਤਾਵਾਂ ਨੇ ਪੂਰੀ ਸਮਝ ਵੀ ਨਹੀਂ ਲੱਗੀਆਂ, ਸ਼ਾਇਦ ਮੈਨੂੰ ਵੀ ਬਬੇਕ ਦੀ ਕਮੀ ਏ। ਡਾ. ਹਰਸ਼ਿੰਦਰ ਚੰਗੀ ਸੋਚਣੀ ਵਾਲੇ, ਉਚੇ ਵਿਚਾਰਾਂ ਵਾਲੇ ਨੇ; ਬਹੁਤ ਸਾਰੇ ਕੰਮ ਕਰਦੇ ਪਏ ਨੇ-ਸਭ ਦੇ ਹਿਸੇ ਨਹੀਂ ਆਉਂਦਾ ਇਕੋ ਵਾਰੀ ਸਮਾਜ ਦੀ ਸੇਵਾ ਸੰਸਾਰ ਦੀ ਸੇਵਾ ਤੇ ਫਿਰ ਸਾਹਿਤ ਦੀ ਵੀ ਸੇਵਾ। ਡਾ. ਮੰਡ ਜੀ ਦਾ ਡਾਕਟਰ ਦਾ ਇਲਾਜ ਵੀ ਚੰਗਾ ਰਿਹਾ। ਵਲੋਂ ਹੋਲੇ ਦੀ ਐਲਬਮ ਨੂੰ, ਸੰਗਤਾਂ ਸਾਹਮਣੇ ਲਿਆਉਣਾ, ਵਾਸਤੇ, ਜੈ ਸਿੰਘ ਜੀ ਦਾ ਜਿੰਨਾ ਵੀ ਧੰਨਵਾਦ ਕਰੀਏ ਉਹ ਕਾਫੀ ਨਹੀਂ। ਮੈਂ ਮਾਫੀ ਚਾਹਵਾਂਗੀ, ਨੀਂਹ ਦੀਆਂ ਇੱਟਾਂ, ਸ਼ਾਇਦ ਪਹਿਲਾਂ ਵੀ ਕਿਧਰੇ ਪੜ੍ਹਿਆ ਏ, ਸਾਰੇ ਵਿਦਵਾਨਾਂ ਨੂੰ ਸਮਾਂ ਮਿਲਦਾ ਰਹਿਣਾ ਚਾਹੀਦਾ ਏ। ਤੁਹਾਡੇ ਕੋਲ ਬਹੁਤ ਸਾਰਾ ਮੈਟਰ ਪਿਆ ਉਸਨੂੰ ਪਾਠਕਾਂ ਤਾਈਂ ਪੁਜਦਾ ਕਰੋ, ਨਾਲੇ ਹੋਰ ਵੀ ਤਾਂ ਅਸਾਂ ਲਿਖ ਕੇ ਰਖਿਆ ਹੋਇਆ ਹੈ ਉਹ ਵੀ ਛਪਣਾ ਬਾਕੀ ਏ। ਨਾਲੇ ਪਾਠਕਾਂ ਨੂੰ ਬੇਨਤੀ, ਕਿਉਂ ਅਸੀਂ ਹਰ ਵਾਰ ਅਨਗਹਿਲੀ ਕਰਦੇ ਹਾਂ ਚੰਦਾ ਭੇਜਣ ਦੀ ? ਜੇ ਪਰਚਾ ਵਰਿਆਮ ਨਾ ਪੁਜੇਗਾ ਤੁਹਾਨੂੰ, ਫਿਰ ਚੰਗੇ ਰਵੋਂਗੇ, ਵਧ ਘੱਟ ਲਈ ਮਾਫੀ। ਮੈਂ ਫੋਨ ਤੇ ਵਰਿਆਮ ਜੀ ਦਾ ਹਾਲ ਤਾਂ ਐਮਰਜੈਂਸੀ ਪੁੱਛ ਲਿਆ ਏ-ਸਤਿਗੁਰੂ ਦੀ ਕ੍ਰਿਪਾ ਨਾਲ ਹੁਣ ਕੁਝ ਰੀਕਵਰੀ ਹੈ-ਸਾਡੀਆਂ ਸ਼ੁਭ ਇਛਾਵਾਂ ਹਨ-ਕਿਰਪਾ ਗੁਰਾਂ ਦੀ ਬਣੇ ਰਵ੍ਹੇ-ਜਲਦੀ ਠੀਕ ਹੋਣ।

***ਬੀਬੀ ਸ਼ਿੰਦਰ ਕੌਰ, ਦਿੱਲੀ***

ਤਿੰਨ ਮਹੀਨੇ ਇੰਗਲੈਂਡ ਦਾ ਭਰਮਣ ਕਰਨ ਤੋਂ ਬਾਅਦ ਵਾਪਸ ਵਤਨ ਪਰਤਨ ਤੇ ਤਨ ਮਨ ਨੂੰ ਹੁਲਾਰਾ ਦੇਣ ਵਾਲੀ ਖਬਰ ਮਿਲੀ- "ਭਾਸ਼ਾ ਵਿਭਾਗ ਵਲੋਂ ਵਰਿਆਮ ਦਾ ਸਨਮਾਨ" ਤੁਹਾਡਾ ਸਨਮਾਨ ਸਮੁੱਚੇ ਨਾਮਧਾਰੀ ਸਮਾਜ ਦਾ ਸਨਮਾਨ ਹੈ। ਵਰਿਆਮ ਦੇ


Namdhari Elibrary NamdhariElibrary@gmail.com

ਪਾਠਕਾਂ ਦਾ ਸਨਮਾਨ ਹੈ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਸਨਮਾਨ ਹੈ। ਤੁਹਾਡੀ ਵੱਡ-ਮੁੱਲੀ ਘਾਲਣਾ ਦਾ ਸਨਮਾਨ ਹੈ।

ਕੁੰਭ ਦਾ ਮਹਾਤਮ ਤੇ ਬਾਰਾਂ ਵਰ੍ਹਿਆਂ ਬਾਅਦ ਨਸੀਬੀ ਹੁੰਦਾ ਏ ਤੁਹਾਡੀ ਘਾਲਣਾ ਤੇ ਤਿੰਨ ਤਿੰਨ ਕੁੰਭਾ ਜੋੜੀ ਏ।

ਏਸ ਮਾਣ ਸਨਮਾਨ ਤੇ ਤਹਿ ਦਿਲੋਂ ਮੁਬਾਰਕਬਾਦ ਤੁਹਾਡੀ ਚੰਗੀ ਸਿਹਤ, ਚੜ੍ਹਦੀ ਕਲਾ ਦੀ ਯਾਚਨਾ ਕਰਦਾ ਹੋਇਆ।

*—ਅਜੀਤ ਸਿੰਘ ਲਾਇਲ*
*੬੧੯, ਅਰਬਨ ਅਸਟੇਟ-੨*
*ਫੋਕਲ ਪੁਆਇੰਟ, ਲੁਧਿਆਣਾ-੧੪੧੦੧੦*

ਇਹ ਜਾਣ ਕੇ ਖੁਸ਼ੀ ਹੋਈ ਕਿ ਮਾਸਿਕ "ਵਰਿਆਮ" ਨੇ ਆਪਣੀ ਉਮਰ ਦੇ ਛੱਤੀ ਵਰ੍ਹੇ ਪੂਰੇ ਕਰ ਲਏ ਹਨ। ਹੁਣ ਇਹ ਸੈਂਤੀਵੇਂ ਵਰ੍ਹੇ ਵਿਚ ਪੁੱਜ ਗਿਆ ਹੈ। ਮੈਂ ਆਪਣੇ ਵਲੋਂ ਆਪ ਜੀ ਨੂੰ ਦਿਲੀ ਵਧਾਈ ਦੇਂਦਾ ਹਾਂ। ਵਾਹਿਗੁਰੂ ਇਸ ਨੂੰ ਚੜ੍ਹਦੀ ਕਲਾ ਵਿਚ ਰੱਖੇ।

*—ਨਿਰਮਲ ਪ੍ਰੇਮੀ*
*ਪਿੰਡ ਰਾਮਗੜ੍ਹ, ਡਾ. ਫਿਲੌਰ-੧੪੪੪੧੦, ਜ਼ਿਲ੍ਹਾ ਜਲੰਧਰ*

ਤੁਹਾਨੂੰ ਪਤਾ ਹੀ ਹੈ ਇਕ ਘਰ ਤੋਂ ਚੱਲ ਦੂਸਰੇ ਘਰ ਵਿਚ ਸੈੱਟ ਹੋਣ ਲਈ ਕਿੰਨਾ ਵਕਤ ਲੱਗਦਾ ਹੈ। ਸੋ, ਸਾਰੇ ਪੜਾਅ ਪਾਸ ਕਰਕੇ ਹੁਣ ਕੁਝ ਸਥਿਰਤਾ ਮਹਿਸੂਸ ਕਰਨ ਲੱਗਿਆ। ਐਤਕਾਂ ਵਤਨ ਦੇ ਦੌਰੇ ਨੇ ਵੀ ਚੰਗਾ ਬੁੰਦਲਾਈ ਰਖਿਆ।

ਪਾਪਾ ਜੀ (ਸਹੁਰਾ ਸਾਹਿਬ) ਸ. ਨਾਜ਼ਰ ਸਿੰਘ ਜੌਹਲ ਦੀ ਅੰਤਮ ਯਾਤਰਾ ਤੇ ਅਰਦਾਸ ਤੇ ਕਨੇਡਾ ਜਾਣਾ ਪਿਆ ਤੇ ਉਥੇ ਖਿੰਡਰੇ ਸਾਡੇ ਪਰਿਵਾਰ ਵਿਚ ਦਸ ਦਿਨ ਲੱਗ ਗਏ। ਪਿੰਡ ਘਰ ਦੀ ਪੇਂਟਿੰਗ ਨੇ ਚੰਗਾ ਉਲਝਾਈ ਰਖਿਆ। ਬਹੁਤੀ ਸੰਭਾਲ ਆਪ ਹੀ ਕਰਨੀ ਪਈ, ਕਿਉਂਕਿ ਸਕੱਤਰ ਹਰਜੀਤ ਸਿੰਘ ਜੱਪ ਪ੍ਰਯੋਗ ਤੇ ਫਿਰ ਬੇਟੇ ਹਾਕਮ ਸਿੰਘ ਦੇ ਵਿਆਹ ਤੇ ਐਨੇ ਮਸਰੂਫ ਸਨ ਕਿ ਉਨ੍ਹਾਂ ਦੀ ਤਵੱਜੋਂ ਨੂੰ ਮੇਰੇ ਕਿਸੇ ਕੰਮ ਲਈ ਵਿਹਲ ਹੀ ਕਿਥੋਂ ਸੀ।

ਅੱਜ ਸ਼ਾਨਦਾਰ ਮੌਸਮ ਵਿਚ ਕੁਝ ਕਿਣਮਿਣ ਜਹੀ ਹੋ ਰਹੀ ਹੈ ਤੇ ਇਸ ਮਨ-ਲੁਭਾਇਕ ਮੌਸਮ ਨੂੰ ਬਾਹਰ ਇਕ ਨਿੱਕਾ ਜਿਹਾ ਸਹੇ ਦਾ ਬੱਚਾ ਫੈਨਸੋਂ ਘਰ ਦੇ ਰੁੱਖਾਂ ਵਿਚੋਂ ਅੰਦਰ ਆ ਕੇ ਬੜੇ ਕਚਨਾਰ ਘਾਹ ਤੇ ਟਪੂਸੀਆਂ ਮਾਰ ਮੌਸਮ-ਬਹਾਰ ਵਿਚ ਨਵੇਂ ਖਿੜ ਰਹੇ ਫੁੱਲਾਂ ਦਾ ਦਿਲ ਬਹਿਲਾ ਰਿਹਾ ਹੈ। ਸ਼ੀਸ਼ੇ ਦੇ ਇਸ ਰੂਮ 'ਚੋਂ ਬਾਹਰਲੇ ਸਵਰਗ ਨੇ ਤੁਹਾਡੇ ਨਾਲ ਗੱਲਾਂ ਕਰਨ ਲਈ, ਇਸ ਕਲਮ ਦੀ ਜਿਹਬਾ ਨੂੰ ਰਸ-ਵਿਭੋਰ ਕਰ ਰਖਿਆ ਹੈ ਤੇ ਅਜਿਹੀ ਮਜਬੂਰੀ ਦਾ ਫਾਇਦਾ ਉਠਾਣ ਲਈ ਮੈਂ ਸਦੀਵੀ ਤਤਪਰ ਜਿਹਾ ਰਹਿੰਦਾ ਹਾਂ।

ਤੁਹਾਡੇ ਵਲੋਂ ਭੇਜਿਆ ਵਿਸ਼ੇਸ਼ ਅੰਕ ਮੇਰੇ ਪਾਸ ਪਿਆ ਹੈ ਨਵਾਂ ਆਇਆ ਹੈ, ਅਜੇ ਅੰਦਰ ਚੰਗੀ ਤਰ੍ਹਾਂ ਝਾਕਣ ਦਾ ਮੌਕਾ ਨਹੀਂ ਮਿਲਿਆ, ਪਰ ਉਸਦੀ ਓਪਰੀ ਦਿੱਖ ਦੇ ਨਜ਼ਾਰੇ ਹੀ ਅੰਦਰ ਦੀ ਖੁਸ਼ਬੂ ਦੀ ਭੂਮਿਕਾ ਠੀਕ ਨਿਭਾ ਰਹੇ ਹਨ। ਇਸ ਅੰਕ ਲਈ ਵਾਰ ਵਾਰ ਵਧਾਈ ਹੋਵੇ।

ਦੋਹਾਂ ਪਰਿਵਾਰਾਂ ਦੇ ਨਿੱਕੇ ਬੱਚਿਆਂ ਦੇ ਦੇਰ ਬਾਅਦ ਦੇਖੇ ਮੁਖੜਿਆਂ ਦੇ ਇਸ ਸੰਸਾਰ ਨੂੰ ਨਵੇਂ ਬੰਧਨਾਂ ਵਿਚ ਦਰਸਾ ਜਿਵੇਂ ਹੋਰ ਚੌਕੰਨਾ ਕਰ ਦਿੱਤਾ ਹੈ। ਭਾਵ੍ਹਾ ਭਲੀ ਕਰੇ ਤੇ ਕਰਾਵੇ। ਸਭ ਕੁਝ ਠੀਕ-ਠਾਕ ਹੈ।

ਜੋ ਕਰਵਾਂਦਾ ਹੈ ਕਰੀ ਜਾ ਰਿਹਾਂ।

ਜਲਦੀ ਫੇਰ ਮਿਲਣ ਦੀ ਆਸ ਨਾਲ- ਸੰਗਤ ਵਿਚ

*—ਦਲਬੀਰ ਸਿੰਘ ਤਰਸ*
*ਸਿਡਨੀ (ਅਸਟ੍ਰੇਲੀਆ)*

ਜਦੋਂ ਤੁਸੀਂ ੩੬ਵੇਂ ਵਰ੍ਹੇ 'ਚ ਆਪਣੇ ਵਰਿਆਮ ਨੂੰ ਲੈ ਕੇ ਆਏ ਜਾਂ ਪਾਰ ਕੀਤਾ ਤਾਂ ਤੁਹਾਨੂੰ ਭਾਸ਼ਾ ਵਿਭਾਗ ਨੇ ਪੱਤਰਕਾਰੀ ਦਾ ਉਹ ਇਨਾਮ ਬਖਸ਼ਿਆ ਜਿਨ੍ਹਾਂ 'ਚ ਸਾਰੇ ਛੱਤੀ ਪਦਾਰਥ ਆ ਜਾਂਦੇ ਹਨ। ਸੋ ਬਹੁਤ ਬਹੁਤ ਮੁਬਾਰਕਾਂ। ਆਪਣੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਜਨਮ ਦਿਨ ਦੀਆਂ ਅਤੇ ਵਿਸ਼ੇਸ਼ ਅੰਕ ਦੀਆਂ ਵੀ ਬਹੁਤ ਬਹੁਤ ਮੁਬਾਰਕਾਂ। ਨਵੇਂ ਸਾਲ ਦੀਆਂ ਮੁਬਾਰਕਾਂ ਵੀ ਨਾਲ ਭੇਜ ਰਿਹਾ ਹਾਂ।

*ਚਰਨ ਸੀਂਚੇਵਾਲਵੀ*
*੪੨੮, ਗੁਰੂ ਨਾਨਕਪੁਰਾ (ਵੈਸਟ)*
*ਡਾਕਖਾਨਾ ਚੌਗਿੱਟੀ (ਜਲੰਧਰ), ਮੋ-੯੮੮੮੮-੦੨੩੨੩*

## ਵਿਸ਼ੇਸ਼ ਅੰਕ ਦੀ ਬੱਲੇ ਬੱਲੇ

ਵਰਿਆਮ ਵੀਰੇ! ਸਤਿਗੁਰ ਤੈਨੂੰ ਤੰਦਰੁਸਤ ਰੱਖੇ!

ਵਿਸ਼ੇਸ਼ ਅੰਕ-ਦੇਰ ਆਇਦ-ਦਰੁਸਤ ਆਇਦ।

ਦੋਹਰੀਆਂ ਤੇਹਰੀਆਂ ਖੁਸ਼ੀਆਂ-ਮੁਬਾਰਕਾਂ-ਵਧਾਈਆਂ।

ਡਾਕ ਵਿਚ ਵਰਿਆਮ-ਪ੍ਰੀਤਲੜੀ-ਸ਼ਬਦ ਬੂੰਦ-ਸਤਿਜੁਗ-ਆ ਉੱਤਰੇ। ਸਭ ਤੋਂ ਪਹਿਲਾਂ ਵਰਿਆਮ ਰੈਪਰ 'ਚੋਂ ਕੱਢਿਆ-ਪੱਤਰਾ ਪਲਟਿਆ-ਵਰਿਆਮ ਦੁਆਲੇ ਸੂਹਾ ਘੇਰਾ ਤਤਕਰੇ ਹੇਠਾਂ ਰੰਗਾਂ ਦੀ ਲਹਿਰ-ਸੰਪਾਦਕੀ ਨਾਲ ਕਿਉਂ ਵਿਤਕਰਾ ? ਚੌਥੇ ਜੋਗ ਵਿਚ ਵਰਿਆਮ, ਨਾਮਧਾਰੀ ਪੰਥ ਤੇ ਵਰਿਆਮ, ਨਿੱਕੀ ਗੁਲਾਈ 'ਚ ਪੰਨੇ ਵੇਖਣ ਬਿਨਾਂ ਇੰਜ ਲੱਗਿਆ-ਕਸੇਲ-ਵਿਰਕ-ਭਾਰਤੀ ਜਿਵੇਂ ਖ਼ਾਸਾਂ ਦੇ ਨਾਂ ਚਮਕਾਏ ਹੋਏ ਨੇ, ਧੁਰ ਹੇਠਾਂ ਵਰਿਆਮ ਨਵੰਬਰ-ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ-ਜਿਵੇਂ ਸੇਹਰੇ ਦੀਆਂ ਲੜੀਆਂ ਲਹਿਰਾਂਦੀਆਂ ਹੋਣ।

ਪੰਨਾ ਪਲਟਿਆ-ਸਾਰਾ ਜਗਮਗ-ਆਹ ਕਿਆ ਬਾਤਾਂ ਨੇ, ਵਿਚ ਮੇਰਾ ਵੀ ਨਾਂ ਬੋਲੇ-ਸੰਪਾਦਕੀ-ਸਤਿਗੁਰ ਜਗਜੀਤ ਸਿੰਘ ਅੰਕ ਵਧਾਈਆਂ-ਚੌਥੇ ਜੋਗ ਵਿਚ ਵਰਿਆਮ, ਨੌ ਨੰਬਰ ਪੰਨੇ ਦੀ ਛਬ ਵੇਂਹਦਾ ਈ ਰਹਿ ਗਿਆ। ਕਿੰਨੇ ਕਿੰਨੇ ਗਹਿਣੇ-ਕੱਪੜੇ ਸਾਰੇ ਪਾਂਦੇ ਨੇ-ਮਟਕਾਣ ਦੀ ਜਾਚ ਕਿਸੇ ਵਿਰਲੇ ਨੂੰ ਔਂਦੀ ਏ। ਇਹ ਵਿਸ਼ੇਸ਼ ਅੰਕ ਪੂਰੀ ਮਟਕ ਨਾਲ ਜਲਵਾ - ਗਰ ਏ।



Namdhari Elibrary NamdhariElibrary@gmail.com

੧ ਪੰਨੇ ਤੋਂ ੧੦੪ ਤੱਕ ਹਰ ਪੰਨੇ ਦੀ ਉਚੇਚੀ-ਆਪਣੀ ਸ਼ਖ਼ਸੀਅਤ ਹੈ।

ਵਿਰਕ ਨੂੰ ਵੇਂਹਦਿਆਂ ਰਹੀਦੈ-ਪਰ ਏਹ ਦਰਸ਼ਨ ਅਲੌਕਾਰ ਨੇ। ਲੇਖ ਵੱਲ ਧਿਆਨ ਮਸੀਓਂ ਹੋਇਆ-ਤੇ ਡੱਬੀ ਵਾਲੇ ਸ਼ਬਦ? ਵਿਰਕ ਨੂੰ ਬਾਣੀ ਉੱਤਰਦੀ ਪਰਤੀਤ ਹੋਂਦੀ ਏ। ਬਣਾਇਆਂ-ਐਹੋ ਜਹੀਆਂ ਗੱਲਾਂ-ਕੋਈ ਬਣਦੀਆਂ ਹੋਂਦੀਆਂ ਨੇ?

ਕਸੇਲ ਜੀ ਦੇ ਲੇਖ ਦੀ ਗੱਲ ਫੇਰ-ਪਹਿਲਾਂ ਪੁਰਾਣਾ ਚਿੱਤਰ-ਸ੍ਰੀ ਸਤਿਗੁਰੂ ਜੀ-ਕਸੇਲ ਜੀ ਨਿਸ਼ੰਕ ਸ਼ਰਧਾਲੂ ਸੰਤ ਤਰਸੇਮ ਸਿੰਘ ਜੀ-ਥੋੜੀ ਝਲਕ ਮੇਰੀ ਵੀ-ਕਿੱਥੋਂ ਕੱਢ ਲਿਐਂਦੇ ਓ ਐਹੋ ਜਹੇ ਫੋਟੋ?

ਅੜਿਆ! ਐਦਕੀਂ ਚੋਖਾ ਈ ਗੜਬੜ ਝਾਲਾ ਕਰ ਦਿੱਤੈ-ਗੱਲ ਚਿੱਤਰਾਂ ਦੀ ਕਰਾਂ-ਵਿਚੇ ਲੇਖ ਪੜ੍ਹਨਾ ਹੋਂਦਾ ਏ-ਲੇਖ ਪੜ੍ਹਦਿਆਂ-ਚਿੱਤਰ ਆ ਅੜਦੇ।

ਨਿਡਰ ਸਿੰਘ ਵਾਲੀ ਤਸਵੀਰ-ਸਾਫ਼ ਤੇ ਵੱਡੀ ਕਰਕੇ ਪ੍ਰਕਾਸ਼ਤ ਕਰੋਗੇ ਹੀ। ਕਸੇਲ ਜੀ ਦੇ ਵਧੀਆ ਲੇਖ ਦੇ ਸ਼ਹੀਦਾਂ ਵਾਲਾ ਜੋੜ ਨਹੀਂ ਖਾਨੇ ਬੈਠਾ। ਜਿਵੇਂ ਮੁਖ ਪੰਨੇ ਵਾਲਾ ਪ੍ਰਕਾਸ਼ ਸੰਮਤ।

ਬ੍ਰਹਮਦੇਵ ਸੁਆਮੀ ਦੀ ਕਵਿਤਾ-ਦੋਵੇਂ ਚਿੱਤਰ ਕਮਾਲ ਹਨ। ਨੂਰ ਦੀ ਚਾਦਰ ਮਾ: ਜੀ ਦੇ ਸਦਾ ਬਹਾਰ ਚਿੱਤਰ ਨਾਲ-ਹਲੀਮੀ ਰਾਜ-ਤਸਵੀਰ ਵੇਖੋ-ਸੁਣਿਓਂ ਸੋਇ-ਇਕ ਦੂੰ ਇਕ ਚੜ੍ਹਦੇ ਖ਼ਿਆਲ ਹਨ।

ਅਰਸ਼ੀ ਦੀ ਲਟ ਲਟ ਬਲਦੀ ਮਿਸਾਲ-ਸਤਿਗੁਰੂ ਜੀ ਦਾ ਖਿੜਖਿੜ ਪੈਂਦਾ ਜਲਾਲ, ਚਿੱਟੇ ਹੰਸਾਂ ਦੀ ਕਵਿਤਾ, ਮੇਹਨਤ ਮੰਗਦੀ ਏ ਪਰ ਭਾਵ ਦਿਲ ਨੂੰ ਝੰਜੋੜਨ ਵਾਲੇ ਹਨ। ਭਾਰਤੀ ਜੀ ਦਾ ਲੇਖ-ਤਨ ਮਨ ਦੀਆਂ ਤਰਬਾਂ ਛੇੜ ਗਿਐ।

ਸੰਧੂ ਬਹੁਤਾ ਪੜ੍ਹ ਲਿਖ ਕੇ ਜ਼ਰਾ ਸਿਆਣਾ ਹੋ ਗਿਐ-ਉਂਜ ਗੱਲਾਂ ਮੂੰਹ ਆਈਆਂ-ਪਰ ਮੇਰੇ ਤੋਂ ਵਧੀਆ ਮਾਰਦੈ।

ਜਗਦੀਸ਼ ਠੇਕੇਦਾਰ-ਸਤਿਗੁਰੂ ਜੀ-ਰਛਪਾਲ-ਵਧੀਆ, ਪਰ ਲਗਦੈ ਜਿਵੇਂ ਏਹ ਚਿੱਤਰ ਪਹਿਲਾਂ ਕਿਤੇ ਵੇਖਿਆ ਹੋਵੇ।

ਪ੍ਰਦੇਸੀ ਦੇ ਖ਼ਤ ਵਿਚ ਮਰਦਾਨੇ ਦੀ ਪੀੜ-ਸਰਹੱਦ ਪਾਰ ਕਰਦਿਆਂ-ਭਾਈ ਲਾਲ ਵੀ ਰਲ ਪਿਆ-ਪੁਛਿਆ ਹਰਿਮੰਦਰ ਵਿਚ ਕੀਰਤਨ ਕਰ ਕੇ ਆਏ ਓ? ਡਸਕੋਰਿਆਂ 'ਚ ਕਹਿੰਦਾ-ਜੇ ਭੈਣੀ ਸਾਹਿਬ ਵਾਲੇ ਨਾ ਸੰਭਾਲਦੇ-ਅਸੀਂ ਖ਼ਤਮ ਹੋ ਜਾਂਦੇ।

ਵੜੈਚ ਵੀਰਿਆ! ਤੇਰੀ ਕਲਮ ਨੂੰ ਸਲਾਮ-ਜੇਹੜੀ ਗੁੱਝੇ ਪੋਤੜੇ ਫਰੋਲਦੀ ਪਈ ਏ। ਹਰਿੰਦਰ ਬੇਟੀ ਫ਼ੋਨ ਤੇ ਪਛਾਣ ਕਿਓਂ ਦੱਸੀ- ਮਿਲੇ ਨੂੰ ਆਖਣਾ ਸੀ ਪਛਾਣ ਖਾਂ ਭੈਂਗਿਆ! ਤੁਸਾਂ ਨਹੀਂ ਦੱਸਿਆ-ਇਹ ਅੰਮ੍ਰਿਤਸਰ ਕਲਾਂ ਦੇ ਸੰਤ ਗੁਪਾਲ ਸਿੰਘ ਜੀ ਹਨ-ਬੇਨਤੀ ਦਾ ਵੀ ਪਤੈ-ਮੈਂ ਵੀ ਕਿਓਂ ਦੱਸਾਂ।

ਸੁਰ ਸਮਰਾਟ ਦਾ ਸੋਗ ਵੀ ਸਿਆਣਾ ਈ ਮਨਾ ਸਕਦੈ-ਲਗਾਤਾਰ ਲਿਖਦੇ ਰਹੋ! ਕਵੀ ਜੀ ਦੀ ਘਾਟ ਰੜਕਣੋਂ ਘਟ ਜਾਇਗੀ।

ਕਿਸਾਨ ਤਾਂ ਲਿਖਣ ਹੱਥੋਂ ਕਈ ਜ਼ਰੂਰੀ ਗੱਲਾਂ ਛੱਡ ਦੇਂਦੈ-

ਪਤੰਗ ਉੱਡ ਕੇ-ਗੀਤ ਗੌਂ ਕੇ ਪੂਰਾ ਕੀਤਾ ਜਾ ਸਕਦੈ। ਢਿਲੋਂ ਦੇ ਕਬਿਤ ਵਧੀਆ ਨੇ।

ਅਤਿ ਸੋਹਣੇ ਸੰਤ ਸਿੰਘ ਜੀ ਦੇ ਲੇਖ ਮੁੱਢਲੀ ਫੋਟੋ ਦਾ ਖੇੜਾ-ਵੇਂਹਦਿਆਂ ਈ ਮਖ਼ਮੂਰ ਕਰ ਦੇਂਦੈ-ਸੁੰਦਰਤਾ-ਸੁਹਜ ਨਿਰਛਲਤਾ ਦੀ ਤ੍ਰਿਮੂਰਤੀ ਨੂੰ ਅਨੰਤ ਨਾਮ ਦਿੱਤੇ ਜਾ ਸਕਦੇ ਹਨ। ਪਿਛਲੇਰੇ ਅੰਕ ਚੋਂ ਵੱਡੀ ਕਰਾ ਕੇ ਘਰੇ ਲਗਾ ਰੱਖੀ ਹੈ। ਇਹ ਲੇਖ ਦੱਸਦਾ ਏ ਸਤਿਗੁਰ ਨਾਮ ਸਰੂਪ ਹੈ-ਗੁਰ ਰਸਨਾ ਅੰਮ੍ਰਿਤ ਬੋਲਦੀ।

ਬਿਦਰ ਵਾਲੀ ਸਾਖੀ ਤੋਂ ਵਹਿਮੀ ਜੀ ਦੀ ਕਵਿਤਾ ਚੇਤੇ ਆਈ ਏ-

"ਘਰ ਬਿਦਰ ਦੇ ਗਏ ਕ੍ਰਿਸ਼ਨ ਮਾਧੋ..." ਇਸ ਲੇਖ ਵਿਚ ਕਵੀ ਜੀ ਦੇ ਕਮਾਲ ਦਰਸ਼ਨ ਬੇਟੀ ਜੀ ਲੇਖ ਹੀ ਲਿਖਿਆ ਕਰੋ।

ਸਿੱਖ ਦੇ ਬੰਧਨ ਕੱਟਣ ਬਾਰੇ-ਰਵਿਦਾਸ ਦੀ ਮਟਕ ਵੇਖਣ ਵਾਲੀ ਏ-ਪਤਿਤ ਪਾਵਨ ਨਾਮ ਕੈਸੇ ਹੁੰਤਾ?

ਬਹੁਤ ਸ਼ੁਕਰ ਗੁਜ਼ਾਰ ਆਂ ਕਿ ਬਿਨਾਂ ਗਿਆਂ ਕਾਰ ਸੇਵਾ 'ਚ ਸ਼ਾਮਲ ਹੋ ਗਏ। ਦਮੀ-ਲੇਖ ਤੇ ਫ਼ੋਟੋ ਇਕ ਸੁਰ ਨੇ।

ਨਿਸ਼ਕਾਮ ਸੇਵਕ ਹੋਣਾ-ਬਹੁਤ ਔਖੀ ਘਾਟੀ ਏ।

ਪੰਨਵ ਪਰਿਵਾਰ ਦੇ ਅਹਿਸਾਨਮੰਦ ਆਂ-ਕੰਧ ਘੜੀਆਂ ਹਰ ਵੇਲੇ ਕੁਰਬਾਨੀ ਸਾਕਾਰ ਕਰੀ ਰਖਦੀਆਂ ਨੇ।

ਆਂਹਦੇ ਨੇਂ, ਗੁਆਂਢ ਦਾ ਰੂਪ ਨਹੀਂ-ਮੱਤ ਆ ਜਾਂਦੀ ਏ, ਜੇ ਕੋਈ ਗ੍ਰਹਿਣ ਕਰਨ ਜੋਗਾ ਹੋਵੇ। ਮਾਧੋਪੁਰੀ ਨੇ ਆਪਣੀ ਨਿਵੇਕਲੀ ਸ਼ੈਲੀ ਸਿਰਜ ਲਈ ਏ। ਯੂਸਫ਼ ਦੀ ਵਿੱਕਰੀ ਵੇਲੇ ਦੀ ਗੱਲ ਏ-ਇਕ ਮਾਈ ਕੋਲ ਥੋੜ੍ਹਾ ਜਿਹਾ ਸੂਤਰ ਪਿਆ ਸੀ-ਉਂਜ ਹੈ ਉਹ ਉਦਮੀ ਸੀ-ਲੈ ਕੇ ਬੋਲੀ ਤੇ ਉੱਪੜ ਗਈ। ਸ਼੍ਰੋਮਣੀ ਸਾਹਿਤਕ ਪੱਤਰਕਾਰ ਐਵਾਰਡ ਦੇ ਮੁੱਢ ਵਿਚ, ਨਾਮਧਾਰੀ ਪੰਜਾਬੀ ਸਾਹਿਤ ਸਭਾ, ਸ੍ਰੀ ਜੀਵਨਨਗਰ-ਵੀ ਥੋੜ੍ਹਾ ਜਿਹਾ ਸੂਤ ਲੈ ਕੇ ਖਲੋ ਗਈ ਸੀ-(ਮਾਧੋਪੁਰੀ ਦੇ ਲੇਖ ਦਾ ਫ਼ਿਕਰਾ ਪੂਰਾ ਕਰਨ ਪਾਰੋਂ)

ਸਾਧੂ ਸਿੰਘ ਕਿਸਾਨ ਦੇ ਵਿੰਗੇ ਟੇਢੇ ਸਿਆੜ, ਕਿਤੇ ਸੂਤ ਆ ਸਕਦੇ ਹੋਣ ਤਾਂ।

*ਸਾਧੂ ਸਿੰਘ ਕਿਸਾਨ*
*ਵੀ. ਪੀ. ਓ (ਰਾਮਪੁਰ) ਬੁਢੀਮਾੜੀ*
*ਫੋਨ-੯੬੭੧੩੬੭੧੩੪*



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

# GUNS

# MODERN GUN WORKS

**OPP. : INDUSTRIAL ESTATE,**

**JAMMU CANTT.**





Namdhari Elibrary NamdhariElibrary@gmail.com






Namdhari Elibrary NamdhariElibrary@gmail.com



ਅਨੰਦ ਕਾਰਜ ਰੀਤੀ : ੨-੩ ਜੂਨ ੧੮੬੩ ਪਿੰਡ ਖੋਟੇ



ਸ਼ਹੀਦੀ ਸਾਕਾ ਅੰਮ੍ਰਿਤਸਰ

Namdhari Elibrary NamdhariElibrary@gmail.com

P.O. Regd. No. PB/JL-016/2012-2014 **WARIAM** Ladowali Road, Jalandhar -144001
Regd. RNI No. 26453/75
**January 2012**




ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289
Namdhari Elibrary NamdhariElibrary@gmail.com